INTERNATIONAL MAGAZINE

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

*Monthly Issue "Atam Marg"*

ਜੁਲਾਈ (July) 2014



ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

ਟਰਸਟ ਰਤਵਾੜਾ ਸਾਹਿਬ ਦੇ ਬਾਨੀ ਪਰਮ ਪੂਜਯ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ ਦੇ

## ਜਨਮ ਦਿਹਾੜੇ ਦੀ

ਸਮੂੰਹ ਸੰਗਤਾਂ ਨੂੰ ਲੱਖ ਲੱਖ ਵਧਾਈ

ਮਿਤੀ : 8 ਅਗਸਤ ਨੂੰ

## ਸਤਿਸੰਗ-ਸਮਾਗਮ

ਰਤਵਾੜਾ ਸਾਹਿਬ ਵਿਖੇ

ਸਮਾਂ : ਸਵੇਰੇ 10.00 ਤੋਂ ਸ਼ਾਮ 4.00 ਵਜੇ ਤੱਕ

# ਆਤਮ ਮਾਰਗ


ਸਾਲ ਵੀਹਵਾਂ, ਮਹੀਨਾ ਜੁਲਾਈ, 2014

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਬਾਨੀ

ਸਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

ਚੇਅਰਮੈਨ
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ ਸੁਖਵਿੰਦਰ ਸਿੰਘ

ਮੁੱਖ ਐਡੀਟਰ
ਡਾ. ਜਗਜੀਤ ਸਿੰਘ
ਫੋਨ ਨੰ: - 9779816909



Postal Address for any Enquiry, Money Order, Cheque and drafts :

**VISHAV GURMAT ROOHANI MISSION CHARITABLE TRUST**

**Gurdwara Ishar Parkash, Ratwara Sahib**

(Near Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India



Exemption U/S 80-G vide Cir. No. 7/2010 [F.No. 197/21/2010-ITA-II]

Registration Under Foreign Contribution (Regulation) Act 1976 R.No.115320023


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | (For outstation cheques) |

**SUBSCRIPTION FOREIGN (ਵਿਦੇਸ਼)**

| ਸਾਲਾਨਾ | ਜੀਵਨ ਕਾਲ |
|---|---|
| $ 50/- | $ 500/- |


Please visit us on internet at :-
Email : atammarg1@yahoo.co.in,
http:# www.ratwarasahib.org
http:# www.babalakhbirsinghbalongi.org


## ਵਿਸ਼ੇਸ਼ ਸੰਪਰਕ ਨੰਬਰ

98146-12900, 94172-14382, 94172-14381,
96461-01996, 98889-10777, 9417214384, 9417214383


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ - ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## ਮੈਗਜ਼ੀਨ ਨਾ ਪਹੁੰਚਣ ਸੰਬੰਧੀ ਪੁੱਛਗਿੱਛ

**ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਰੀਕ ਤੱਕ ਮੈਗਜੀਨ ਨਹੀਂ ਪਹੁੰਚਦਾ ਤਾਂ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।**

ਫੋਨ :- 9417214391, 9592009106, 9417214379
Email : atammarg1@yahoo.co.in

ਅਮਰੀਕਾ - ਬਾਬਾ ਸਤਨਾਮ ਸਿੰਘ ਅਟਵਾਲ
ਫੋਨ ਅਤੇ ਫੈਕਸ : 001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂੰ, ਵੈਨਕੂਵਰ
ਫੋਨ : 001-604-433-0408

ਭਾਈ ਪਰਮਜੀਤ ਸਿੰਘ ਸੰਧੂ - ਮੋਬਾਇਲ 001-7788389135

ਭਾਈ ਤਰਸੇਮ ਸਿੰਘ ਬੈਂਸ - ਮੋਬਾਇਲ : 001-604-862-525
ਫੋਨ : 001-604-288-5000

ਭਾਈ ਜਸਬੀਰ ਸਿੰਘ ਰਾਣੂ ਫੋਨ : 001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
ਫੋਨ : 0044-121-200-2818 ਫੈਕਸ : 0044-121-200-2879,

ਭਾਈ ਅਰਵਿੰਦਰ ਸਿੰਘ (ਰਾਜ) ਮੋਬਾਇਲ : 0044-7968734058

ਆਸਟਰੇਲੀਆ : ਬੀਬੀ ਜਸਪ੍ਰੀਤ ਕੌਰ : ਮੋਬਾਇਲ - 0061-406619858
ਭਾਈ ਗੁਰਿੰਦਰ ਸਿੰਘ : ਮੋਬਾਇਲ - 0061-469927233

## ਸੰਸਥਾ ਦੇ ਅਦਾਰੇ - ਸੰਪਰਕ ਨੰਬਰ

*ਆਤਮ ਮਾਰਗ ਮੈਗਜ਼ੀਨ (ਪੰਜਾਬੀ, ਹਿੰਦੀ, ਅੰਗ੍ਰੇਜ਼ੀ)
9417214391, 9417214379, 9814612900

* ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ (CBSE) - 0160-2255003

* ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ (PSEB) ਇੰਗਲਿਸ਼ ਮਾਧਿਅਮ
95920-55581, 01602255004

* ਸੰਤ ਵਰਿਆਮ ਸਿੰਘ ਜੀ ਚੈਰੀਟੇਬਲ ਹਸਪਤਾਲ
9814801860

* ਮਾਤਾ ਰਣਜੀਤ ਕੌਰ ਕਾਲਜ ਆਫ ਨਰਸਿੰਗ -
94172-14382

* ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੁਕੇਸ਼ਨ (ਬੀ.ਐੱਡ)
94172-14382

* ਸੰਤ ਵਰਿਆਮ ਸਿੰਘ ਅਕਾਲ ਬਿਰਧ ਆਸ਼ਰਮ (ਫਰੀ)
98157-28220, 98146-12900

## ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94172-14386
ਆਡੀਓ-ਵੀਡੀਓ ਲਾਇਬ੍ਰੇਰੀ - 98728-14385, 98555-28517, 94172-14385

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 4 |
| | *ਡਾ. ਜਗਜੀਤ ਸਿੰਘ* | |
| 2. | ਬਾਰਹਮਾਹਾ | 7 |
| | *ਡਾ. ਜਗਜੀਤ ਸਿੰਘ* | |
| 3. | ਸੰਤ ਬਚਨ | 11 |
| | *ਸੰਤ ਵਰਿਆਮ ਸਿੰਘ ਜੀ* | |
| 4. | ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ | 17 |
| | *ਸੰਤ ਵਰਿਆਮ ਸਿੰਘ ਜੀ* | |
| 5. | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 22 |
| | *ਡਾ. ਭਾਈ ਵੀਰ ਸਿੰਘ ਜੀ* | |
| 6. | ਮਤੁ ਦੇਖਿ ਭੂਲਾ ਵੀਸਰੈ..........॥ | 40 |
| | *ਸੰਤ ਵਰਿਆਮ ਸਿੰਘ ਜੀ* | |
| 7. | ਜਪ੍ਉ ਜਿਨ੍ ਅਰਜੁਨ ਦੇਵ ਗੁਰੂ ........॥ | 46 |
| | *ਸੰਤ ਵਰਿਆਮ ਸਿੰਘ ਜੀ* | |
| 8. | ਚੌਥੇ ਰਤਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ | 55 |
| | *ਗਿਆਨੀ ਮੇਹਰ ਸਿੰਘ ਜੀ* | |
| 9. | ਬਾਲਮ ਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ | 58 |
| | *ਡਾ. ਭਾਈ ਵੀਰ ਸਿੰਘ ਜੀ* | |
| 10. | ਉਤਸ਼ਾਹ ਭਰਪੂਰ ਸਹਿਜ ਮਾਰਗ-ਭਾਗ 2 | 60 |
| | *ਡਾ. ਸਵਾਮੀ ਰਾਮ ਜੀ* | |
| 11. | *ਸਿਹਤ ਵਿਗਿਆਨ* | 62 |
| | *ਵੈਦ ਚਰਨ ਕਮਲ ਸਿੰਘ,* | |

# ਸੰਪਾਦਕੀ

ਜ਼ਿੰਦਗੀ ਦਾ ਇਕ ਬੜਾ ਗੰਭੀਰ ਮਸਲਾ ਹੈ ਜੀਵਨ ਮਨੋਰਥ ਦੀ ਪਛਾਣ। ਨਿਰਸੰਦੇਹ ਸਾਡਾ ਸਭਨਾਂ ਦਾ ਜੀਵਨ ਦਾ ਇਕੋ ਮਨੋਰਥ ਜਾਪਦਾ ਹੈ, ਉਹ ਹੈ - ਸੁੱਖਾਂ ਦੀ ਪ੍ਰਾਪਤੀ। ਸ਼ਾਇਦ ਅਸੀਂ ਸਾਰੇ, ਸੰਸਾਰ ਭਰ ਦੇ ਮਨੁੱਖ, ਸੁੱਖਾਂ ਦੀ ਪ੍ਰਾਪਤੀ ਲਈ ਦਿਨ ਰਾਤ ਯਤਨਸ਼ੀਲ ਹਾਂ ਅਤੇ ਸਾਰਾ ਜੀਵਨ ਯਤਨ ਕਰਦੇ ਰਹਾਂਗੇ। ਸਾਰੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹ ਰਹੇ ਨੌਜਵਾਨਾਂ ਦਾ ਟੀਚਾ ਹੈ, ਉੱਚੀਆਂ, ਵੱਡੀਆਂ ਡਿਗਰੀਆਂ ਦੀ ਪ੍ਰਾਪਤੀ, ਫਿਰ ਵੱਡੀਆਂ ਨੌਕਰੀਆਂ, ਪੈਸਾ ਤੇ ਪੈਸੇ ਨਾਲ ਖਰੀਦੇ ਪਦਾਰਥ ਤੇ ਪਦਾਰਥਾਂ ਤੋਂ ਸੁੱਖਾਂ ਦੀ ਪ੍ਰਾਪਤੀ, ਸੁਖੀ ਜੀਵਨ। ਵਪਾਰ ਵੀ ਏਸੇ ਮਕਸਦ ਨਾਲ ਕੀਤਾ ਜਾਂਦਾ ਹੈ ਕਿ ਬਹੁਤ ਧਨ ਕਮਾਇਆ ਜਾਵੇ ਤੇ ਸੁੱਖਾਂ ਦੇ ਸਾਧਨ, ਦੁਨਿਆਵੀ ਪਦਾਰਥ, ਕੋਠੀਆਂ, ਕਾਰਾਂ ਇਤਿਆਦਿ ਖਰੀਦੇ ਜਾਣ ਤੇ ਇਨ੍ਹਾਂ ਤੋਂ ਸੁਖ ਲਿਆ ਜਾਵੇ। ਉੱਚੀਆਂ ਪਦਵੀਆਂ, ਰਾਜਨੀਤਕ ਤਾਕਤਾਂ ਸਭ ਦਾ ਮਕਸਦ ਵੱਧ ਤੋਂ ਵੱਧ ਸੁੱਖਾਂ ਲਈ ਤਰਲਾ ਹੈ। ਗੁਰਬਾਣੀ ਸਾਨੂੰ ਸੇਧ ਬਖਸ਼ਦੀ ਫੁਰਮਾਨ ਕਰਦੀ ਹੈ ਕਿ ਅਸੀਂ ਸਭ ਸੁਖਾਂ ਦੀ ਭਾਲ ਵਿਚ ਵਿਆਕੁਲ ਹੋ ਰਹੇ ਹਾਂ। ਦੁਖ ਤਾਂ ਕੋਈ ਨਹੀਂ ਮੰਗਦਾ ਪਰ ਅਸੀਂ ਸੁੱਖ ਭਾਲਦੇ-ਭਾਲਦੇ ਦੁੱਖਾਂ ਵਿਚ ਕਿਵੇਂ ਫਸ ਜਾਂਦੇ ਹਾਂ? ਅਸਲੀਅਤ ਇਹ ਹੈ ਕਿ ਦੁਨਿਆਵੀ ਮਾਇਕ ਪਦਾਰਥ ਤਾਂ ਸਾਡੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਵਿਚ ਸਹਾਇਕ ਹੋ ਸਕਦੇ ਹਨ ਪਰ ਸੱਚੇ, ਸਦੀਵ ਸੁਖ ਦਾ ਸਾਧਨ ਨਹੀਂ। ਸੱਚਾ ਸੁੱਖ ਤਾਂ ਅੰਦਰਲੀ ਮਨ ਦੀ ਅਵਸਥਾ ਹੈ। ਮਾਇਕ ਸੰਸਾਰ ਦੀ ਖੇਡ ਹੀ ਐਸੀ ਹੈ ਇਸ ਦੇ ਰੁੱਖ ਨੂੰ ਤ੍ਰਿਸ਼ਨਾ, ਈਰਖਾ, ਦ੍ਵੈਤ, ਵੈਰ-ਵਿਰੋਧ ਇਤਿਆਦਿ ਦੇ ਫਲ ਅਵੱਸ਼ ਲਗਣੇ ਹਨ ਜਿਸ ਤੋਂ ਨਿਰਾਸਤਾ ਦਾ ਦੁੱਖ ਪੈਦਾ ਹੁੰਦਾ। ਪਦਾਰਥਾਂ ਵਿਚੋਂ ਸਦੀਵ, ਸੱਚਾ ਸੁੱਖ ਭਾਲਣਾ ਸਾਡੀ ਅਗਿਆਨਤਾ ਹੈ। ਸੱਚਾ ਸੁੱਖ ਤਾਂ ਮਨ ਦੀ ਅਡੋਲ, ਸਹਿਜਮਈ, ਅਨੰਦਮਈ ਅਵਸਥਾ ਤੋਂ ਪੈਦਾ ਹੁੰਦਾ ਹੈ ਜਿਸ ਦਾ ਭੇਦ ਤੇ ਗਿਆਨ ਗੁਰੂ ਦੇ ਸ਼ਬਦ ਤੋਂ ਮਿਲਦਾ ਹੈ। ਫੁਰਮਾਨ ਹੈ -

*ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥*
*ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥*
*ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥*
*ਅੰਗ - ੫੭*

ਇਸ ਦਾ ਭਾਵ ਇਹ ਨਹੀਂ ਕਿ ਕਿਰਤ ਨਹੀਂ ਕਰਨੀ। ਕਿਰਤ ਕਰਨੀ ਤਾਂ ਮਨੁੱਖ ਦਾ ਪਹਿਲਾ ਕਰਤੱਵ ਹੈ। ਦੂਜਾ ਨਾਮ ਜਪਣਾ ਤੇ ਤੀਜਾ ਵੰਡ ਛਕਣਾ। ਗੁਰੂ ਨਾਨਕ ਦੇਵ ਜੀ ਦਾ ਸੁਨਹਿਰੀ ਅਸੂਲ ਹੈ -

ਕਿਰਤ ਕਰੋ, ਨਾਮ ਜਪੋ, ਵੰਡ ਛਕੋ।

ਮਾਇਆ ਬੁਰੀ ਨਹੀਂ, ਮਾਇਆ ਦਾ ਮੋਹ ਬੁਰਾ ਹੈ, ਇਸ ਦਾ ਖੋਟਾ ਵਪਾਰ ਬੁਰਾ ਹੈ। ਤ੍ਰਿਸ਼ਨਾ ਲਾਲਚ ਬੁਰੀ ਹੈ ਜਿਸ ਕਾਰਨ ਮਨੁੱਖ ਹਰ ਤਰ੍ਹਾਂ ਦੇ ਵਲ ਛਲ, ਫਰੇਬ, ਕਪਟ, ਠੱਗੀਆਂ ਪਾਪ ਕਰਕੇ ਮਾਇਆ ਦੇ ਅੰਬਾਰ ਇਕੱਠੇ ਕਰਦਾ ਹੈ, ਸੁੱਖਾਂ ਦੀ ਭਾਲ ਲਈ, ਪਰ ਪ੍ਰਾਪਤ ਹੁੰਦਾ ਹੈ - ਦੁਖ, ਵਿਗੋਚਾ, ਕਾਲ ਕੋਠੜੀਆਂ, ਲੋਕ ਪਰਲੋਕ ਦੋਹਾਂ ਵਿਚ ਬਦਨਾਮੀ ਤੇ ਨਿਮੋਸ਼ੀ। ਇਸ ਖੋਟੇ ਵਪਾਰ ਨੂੰ ਗੁਰੂ ਮਹਾਰਾਜ ਜੀ ਸਪੱਸ਼ਟ ਕਰਦੇ ਫੁਰਮਾਨ ਕਰਦੇ ਹਨ -

*ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥*
*ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥*
*ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ*
*ਬਿਨੁ ਨਾਵੈ ਪਤਿ ਖੋਈ ॥*
*ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥*
*ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥*
*ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥*
*ਅੰਗ - ੫੭੦*

ਜਦੋਂ ਮਨੁੱਖ ਮਾਇਆ ਨੂੰ ਲੋੜਾਂ ਲਈ ਨਹੀਂ, ਸਗੋਂ ਭੋਗਾਂ ਲਈ ਵਰਤਦਾ ਹੈ, ਤਾਂ ਭੋਗਾਂ ਦੇ ਸੁਖ ਤੋਂ ਦੁਖ, ਰੋਗ ਤੇ ਖੁਆਰੀ ਪੈਦਾ ਹੋਣੀ ਕੁਦਰਤੀ ਤੇ ਸੁਭਾਵਿਕ ਹੈ -

*ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥*
*ਭੋਗਹੁ ਰੋਗ ਸੁ ਅੰਤਿ ਵਿਗੋਵੈ ॥*
*ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥*
*ਅੰਗ - ੧੦੩੪*

ਅਸਲੀਅਤ ਇਹ ਹੈ ਕਿ ਮਨੁੱਖ ਕੇਵਲ ਸਰੀਰ ਨਹੀਂ, ਇਹ ਸਰੀਰ ਤੇ ਆਤਮਾ ਦਾ ਸੁਮੇਲ ਹੈ। ਪ੍ਰਭੂ ਨੇ ਸੰਸਾਰ ਖੇਡ ਚਲਾਣ ਲਈ ਇਸ ਸੰਜੋਗ ਵਿਚ 'ਹਉਮੈ' ਦੀ ਦੁਸ਼ਟੀ ਪਾ ਕੇ ਮਨੁੱਖ ਨੂੰ ਸੰਸਾਰ ਯਾਤਰਾ ਲਈ ਘੱਲਿਆ ਹੈ। ਇਸ ਨੇ ਆਪਣੇ ਮੂਲ ਦੀ ਪਛਾਣ ਕਰਨੀ ਹੈ। ਸੰਤ, ਮਹਾਂਪੁਰਸ਼, ਗੁਰੂ, ਗੁਰਬਾਣੀ ਸਾਨੂੰ ਐਸਾ ਗਿਆਨ ਤੇ ਪਛਾਣ ਬਖਸ਼ਦੇ ਹਨ ਪਰ ਹਉਮੈ ਕਾਰਨ ਮਨੁੱਖ ਅਗਿਆਨਤਾ ਵਸ 'ਮੈਂ' 'ਮੇਰੀ' ਦਾ ਸੰਸਾਰ ਰਚ ਲੈਂਦਾ ਹੈ ਤੇ ਇਸ ਵਿਚ ਮਸਤ ਹੋ ਕੇ ਮਾਇਕ ਪਦਾਰਥਾਂ ਤੋਂ ਸੁਖ ਭਾਲਦਾ ਦੁਖਾਂ ਦਾ ਨਰਕੀ ਜੀਵਨ ਭੋਗਦਾ ਹੈ। ਗੁਰਬਾਣੀ ਇਸ ਨੂੰ ਸਪੱਸ਼ਟ ਕਰਦੀ ਹੈ -

*ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥*
*ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥*
*ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥*
*ਸੁਖਹੁ ਉਠੇ ਰੋਗ ਪਾਪ ਕਮਾਇਆ ॥ ਅੰਗ - ੧੩੯*

ਫਿਰ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ਕਿ ਉਹ ਜੀਵਨ ਦਾ ਸੱਚਾ ਸਦੀਵ ਸੁੱਖ, ਅਨੰਦ, ਸਹਿਜ ਮਾਣ ਸਕੇ? ਇਹ ਸੇਧ ਅਸੀਂ ਗੁਰਬਾਣੀ ਤੋਂ ਲੈਣੀ ਹੈ। ਗੁਰਬਾਣੀ ਅਨੁਸਾਰ ਜੀਵਨ ਦੇ ਲੱਖਾਂ ਭਰਮਣਾਂ ਤੋਂ ਬਾਅਦ ਮਨੁੱਖਾ ਜਨਮ ਮਿਲਦਾ ਹੈ ਜੋ ਦੁਰਲੱਭ ਹੈ। ਇਸ ਜੀਵਨ ਦਾ ਮਨੋਰਥ ਸਿਮਰਨ ਤੇ ਸੇਵਾ ਰਾਹੀਂ ਨਾਮ ਨੂੰ ਹਿਰਦੇ ਵਿਚ ਵਸਾ ਕੇ ਪਰਮ-ਪਦ ਦੀ ਪ੍ਰਾਪਤੀ ਕਰਨੀ ਹੈ ਜੋ ਸਦੀਵ-ਸੁਖਾਂ ਦਾ ਅਤੇ ਸਹਿਜ ਅਨੰਦ ਦਾ ਘਰ ਹੈ -

*ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥*
*ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥*
*ਅੰਗ - ੫੦*

ਇਹ ਜੀਵਨ ਅਮੋਲਕ ਵਸਤੂ ਹੈ, ਜੀਵਨ ਕਾਲ ਸੀਮਤ ਹੈ, ਮਾਇਕ ਦੌੜ ਵਿਚ, ਬੁਰੇ ਕੰਮਾਂ ਵਿਚ ਇਸ ਨੂੰ ਨਸ਼ਟ ਨਹੀਂ ਕਰਨਾ ਚਾਹੀਦਾ। ਜ਼ਿੰਦਗੀ ਦੀ ਰਾਤ ਮੁਕਦੀ ਜਾ ਰਹੀ ਹੈ -

*ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥*
*ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ਅੰਗ- ੪੩*

ਗੁਰੂ ਜੀ ਚੇਤਾਵਨੀ ਕਰਦੇ ਹਨ ਕਿ ਜਿਸ ਮੰਤਵ ਲਈ ਤੁਸੀਂ ਸੰਸਾਰ ਵਿਚ ਆਏ ਹੋ, ਉਹ ਸਪੰਨ ਕਰੋ, ਨਿਜ-ਘਰ ਵਿਚ ਵਿਚਰ ਕੇ ਸੁਖ ਸਹਜ ਅਨੰਦ ਦੀ ਅਵਸਥਾ ਪ੍ਰਾਪਤ ਕਰੋ-

*ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥*
*ਨਿਜ ਘਰਿ ਮਹਲੁ ਪਾਵਹੁ ਸੁਖ*
*ਸਹਜੇ ਬਹੁਰਿ ਨ ਹੋਇਗੋ ਫੇਰਾ ॥* *ਅੰਗ - ੧੩*

ਬਾਣੀ ਰਹਿਰਾਸ ਵਿਚ ਪੰਚਮ ਪਾਤਸ਼ਾਹ ਸਾਨੂੰ ਯਾਦ ਕਰਾਉਂਦੇ ਹਨ ਕਿ ਸੰਤਾਂ ਸਾਧੂਆਂ, ਨਾਮ ਅਭਿਆਸੀਆਂ ਦੀ ਸੰਗਤ ਵਿਚ ਮਿਲ ਕੇ ਨਾਮ ਜਪ ਰਾਹੀਂ ਗੋਬਿੰਦ ਦੀ ਪ੍ਰਾਪਤੀ ਕਰੋ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥* *ਅੰਗ - ੧੨*

ਜੀਵਨ ਦਾ ਅਸਲ ਮਨੋਰਥ ਇਹੋ ਹੈ, ਸਗੋਂ ਅਸਲ ਜੀਵਨ ਹੀ ਇਹੋ ਹੈ -

*ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥*
*ਮਨਿ ਤਨਿ ਰਸਨਾ ਨਾਮੁ ਧਿਆਇਆ ॥ ੧ ॥*
*ਜੀਵਨਾ ਹਰਿ ਜੀਵਨਾ ॥ ਜੀਵਨੁ ਹਰਿ ਜਪਿ ਸਾਧਸੰਗਿ ॥ ੧ ॥*
*ਰਹਾਉ ॥ ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥*
*ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥ ੨ ॥*
*ਹਸਤੀ ਰਥ ਅਸੁ ਅਸਵਾਰੀ ॥*
*ਹਰਿ ਕਾ ਮਾਰਗੁ ਰਿਦੈ ਨਿਹਾਰੀ ॥ ੩ ॥*
*ਮਨ ਤਨ ਅੰਤਰਿ ਚਰਨ ਧਿਆਇਆ ॥*
*ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥* *ਅੰਗ - ੬੮੪*

ਜੀਵਨ ਮਨੋਰਥ ਨੂੰ ਸਮਝਣ ਤੋਂ ਬਿਨਾਂ ਮਨੁੱਖ ਦਾ ਜਗਤ ਵਿਚ ਆਉਣਾ ਵਿਅਰਥ ਜਾਣੋ। ਜੀਵਨ ਮਨੋਰਥ ਨੂੰ ਭੁੱਲ ਕੇ ਜੋ ਮਨੁੱਖ ਆਪਣੇ ਸਰੀਰ ਵਾਸਤੇ ਅਨੇਕ ਸ਼ਿੰਗਾਰ ਸਜਾਵਟਾਂ ਤੇ ਬਨਾਵਟਾਂ ਕਰਦਾ ਹੈ ਇਉਂ ਜਾਣੋ ਜਿਵੇਂ ਮੁਰਦਾ ਸਰੀਰ ਨੂੰ ਕੱਪੜੇ ਪਾਏ ਜਾ ਰਹੇ ਹਨ -

*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥*
*ਅਨਿਕ ਸਾਜ ਸੀਗਾਰ*
*ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥* *ਅੰਗ - ੭੧੨*

ਜੀਵਨ ਦੇ ਮਨੋਰਥ ਦੀ ਪਛਾਣ ਕਰਨ ਲਈ ਗੁਰੂ ਅਰਜਨ ਦੇਵ ਜੀ ਸਾਨੂੰ ਜੀਵਾਂ ਨੂੰ ਸੰਬੋਧਨ ਕਰਕੇ ਇਕ ਪ੍ਰਸ਼ਨ ਪੁੱਛਦੇ ਹਨ, ਹੇ ਭਾਈ! ਸੁਣ ਵਿਚਾਰ ਕੇ ਦਸ ਤੂੰ ਕੌਣ ਹੈਂ? ਤੇਰਾ ਅਸਲਾ ਕੀਹ ਹੈ? ਤੂੰ ਇਸ ਜਗਤ ਵਿਚ ਕਿੱਥੋਂ ਆਇਆ ਹੈਂ? ਤੂੰ ਤਾਂ ਇੰਨੀ ਗੱਲ ਵੀ ਨਹੀਂ ਜਾਣਦਾ ਕਿ ਤੈਨੂੰ ਜੂਨਾਂ ਵਿਚ ਭੌਂਦਿਆਂ ਕਿੰਨਾ ਸਮਾਂ ਲੰਘ ਗਿਆ ਹੈ? ਜੇ ਤੈਨੂੰ ਆਪਣੇ ਬਾਰੇ ਏਨੀ ਜਾਣਕਾਰੀ ਵੀ ਨਹੀਂ ਤਾਂ ਫਿਰ ਮਾਣ ਕਾਹਦਾ, ਅਹੰਕਾਰ ਕਾਹਦਾ? -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ - ੯੯੯*

ਏਸੇ ਸ਼ਬਦ ਵਿਚ ਹੀ ਮਨੁਖ ਦੀ ਹੋਂਦ, ਸਰੀਰ ਦੀ ਬਣਤਰ ਅਤੇ ਹਉਮੈ (ਅਹੰਕਾਰ) ਦ੍ਰਸ਼ਟੀ ਦਾ ਗਿਆਨ ਬਖਸ਼ਿਸ਼ ਕੀਤਾ ਹੈ, ਹੇ ਭਾਈ! ਇਹ ਗੱਲ ਸਮਝ ਕਿ ਤੇਰਾ ਸਰੀਰ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ। ਇਨ੍ਹਾਂ ਵਿਚੋਂ ਹਵਾ ਤੇ ਪਾਣੀ ਦੋਵੇਂ ਤੱਤ ਸਹਿਨਸ਼ੀਲਤਾ ਵਾਲੇ ਹਨ। ਧਰਤੀ ਤਾਂ ਨਿਰਸੰਦੇਹ ਖਿਮਾ ਰੂਪ ਹੈ। ਅਗਨੀ ਜੀਵਨ ਦੀ ਚਾਲਕ ਹੈ, ਸਰਬ ਵਿਆਪੀ ਆਕਾਸ਼ ਤੇਰੇ ਵਿਚਰਨ ਦਾ ਸਥਾਨ ਹੈ। ਇਹ ਪੰਜ ਤੱਤ ਮਿਲ ਕੇ ਤੇਰੇ ਸਰੀਰ ਦੀ ਸਿਰਜਣਾ ਕਰਦੇ ਹਨ। ਇਨ੍ਹਾਂ ਤੱਤਾਂ ਵਿਚੋਂ ਭੈੜ ਕਿਸ ਵਿਚ ਹੈ? ਨਿਰਸੰਦੇਹ ਕਿਸੇ ਵਿਚ ਨਹੀਂ। ਫੇਰ ਤੈਨੂੰ ਆਪਣੀ ਅਸਲੀਅਤ ਦਾ ਗਿਆਨ ਕਿਉਂ ਨਹੀਂ ਹੁੰਦਾ? ਤੈਨੂੰ ਜਨਮ ਮਰਨ ਦੇ ਗੇੜ ਵਿਚ ਪਾਉਣ ਵਾਲੀ ਕਿਹੜੀ ਬਿਰਤੀ ਹੈ? ਗੁਰੂ ਮਹਾਰਾਜ ਆਪ ਹੀ ਦਸਦੇ ਹਨ ਕਿ ਜਿਸ ਸਿਰਜਣਹਾਰ ਕਰਤਾਰ ਨੇ ਇਹ ਰਚਨਾ ਰਚੀ ਹੈ, ਉਸ ਨੇ ਸਰੀਰ ਬਣਾਉਣ ਵੇਲੇ ਹਰੇਕ ਮਨੁੱਖ ਦੇ ਅੰਤਰੀਵ ਵਿਚ 'ਹਉਮੈ' ਦ੍ਰਸ਼ਟੀ ਭੀ ਨਾਲ ਹੀ ਪਾ ਦਿਤੀ ਹੈ। ਇਸ 'ਹਉਮੈ' ਨੂੰ ਹੀ ਜਨਮ ਮਰਣ ਦਾ ਗੇੜ ਪੈਂਦਾ ਹੈ, ਇਹ ਹਉਮੈ (ਦ੍ਵੈਤ-ਭਾਵ, ਮੈਂ, ਮੇਰੀ ਦੀ ਭਾਵਨਾ) ਹੀ ਜੰਮਦੀ ਮਰਦੀ ਹੈ, ਅਰਥਾਤ ਹਉਮੈ ਕਾਰਨ ਹੀ ਜੀਵ ਦੇ ਜਨਮ ਮਰਣ ਦਾ ਚੱਕਰ ਬਣਿਆ ਰਹਿੰਦਾ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥*
*ਅੰਗ - ੯੯੯*

ਜਿਸ ਸੰਸਾਰਕ ਮੋਹ ਮਾਇਆ ਨੂੰ ਪ੍ਰਾਪਤ ਕਰਕੇ ਮਨੁੱਖ ਆਫਰਦਾ ਫਿਰਦਾ ਹੈ, ਵੈਰ ਵਿਰੋਧ ਲੜਾਈਆਂ ਝਗੜੇ ਸਹੇੜਦਾ ਹੈ, ਸਚਾਈ ਇਹ ਹੈ ਕਿ ਮਾਇਆ ਦਾ ਇਹ ਸਾਰਾ ਖਿਲਾਰਾ ਨਾਸਵੰਤ ਹੈ। ਇਸ ਵਿਚ ਸਥਿਰਤਾ ਦੀ ਕੋਈ ਚੀਜ਼ ਨਹੀਂ। ਇਹ ਇਕ ਖੇਡ ਹੈ। ਜਦੋਂ ਪ੍ਰਮਾਤਮਾ ਇਸ ਖੇਡ ਨੂੰ ਸਮੇਟਦਾ ਹੈ ਤਦੋਂ ਉਹ ਇਕ ਆਪ ਹੀ ਆਪ ਰਹਿ ਜਾਂਦਾ ਹੈ-

*ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥*
*ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥*
*ਅੰਗ - ੯੯੯*

ਤਾਂਤੇ ਗੁਰੂ ਜੀ ਪਾਸੋਂ ਸੇਧ ਲਾਈਏ ਕਿ ਮਨੁੱਖਾ ਜੀਵਨ ਜੀਉਣ ਵਿਚੋਂ ਕਿਹੜਾ ਜੀਵਨ ਜੀਉਣਾ ਸੱਚਮੁੱਚ ਸਫਲ ਹੈ, ਕਾਮਯਾਬ ਹੈ? ਗੁਰੂ ਜੀ ਦਾ ਸਪਸ਼ਟ ਉੱਤਰ ਹੈ, ਕੇਵਲ ਉਹ ਜੀਵਨ ਸਹੀ ਤੇ ਸਫਲ ਹੈ ਜਿਹੜਾ ਹਰਿ ਨਾਮ ਸੁਣ ਕੇ ਸਦਾ ਹਰਿ-ਨਾਮ ਜਪ ਕੇ ਜੀਉਂਦਾ ਹੈ। ਮਨੁੱਖ ਨੂੰ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਰਸ ਪੀਣਾ ਚਾਹੀਦਾ ਹੈ, ਜਿਸਦੇ ਪੀਣ ਨਾਲ ਮਨ ਮਾਇਆ ਦੀ ਤ੍ਰਿਸ਼ਨਾ ਵਲੋਂ ਮੁਕਤ ਰਹਿੰਦਾ ਹੈ। ਨਾਮ ਭੋਜਨ ਨੂੰ ਹੀ ਜਿੰਦ ਦੀ ਖੁਰਾਕ ਬਣਾਉਣੀ ਚਾਹੀਦੀ ਹੈ ਜਿਸ ਦੀ ਬਰਕਤ ਨਾਲ ਮਾਇਆ ਵਾਲੀ ਭੁੱਖ ਨਹੀਂ ਲਗਦੀ, ਸੰਤੋਖ ਵਿਚ ਸਦਾ ਰੱਜੇ ਰਹੀਦਾ ਹੈ। ਪਤੀ-ਪ੍ਰਮੇਸ਼ਵਰ ਦਾ ਨਾਮ ਮਈ ਕੱਪੜਾ ਸਿਰ 'ਤੇ ਰੱਖਣ ਨਾਲ ਫਿਰ ਕਦੇ ਸਿਰੋਂ ਨੰਗੇ ਨਹੀਂ ਹੋਈਦਾ। ਸੰਤਾਂ ਦੀ ਸੰਗਤ ਵਿਚ ਰਹਿ ਕੇ ਹਰਿ-ਨਾਮ ਰਸ ਮਾਣਨਾ ਚਾਹੀਦਾ ਹੈ। ਬਿਨਾਂ ਸੂਈ ਧਾਗੇ ਦੇ ਮਨ ਪ੍ਰਮਾਤਮਾ ਦੀ ਭਗਤੀ ਵਿਚ ਸੀਤਾ ਜਾਂਦਾ ਹੈ। ਨਾਮ ਰਸ ਦਾ ਨਸ਼ਾ ਕਦੇ ਉਤਰਦਾ ਨਹੀਂ। ਨਾਮ-ਦਾਤਿ ਮਿਲਣ ਨਾਲ ਸਾਰੇ ਖਜ਼ਾਨਿਆਂ ਦਾ ਮਾਲਕ ਪ੍ਰਭੂ ਮਿਲ ਜਾਂਦਾ ਹੈ। ਨਾਮ-ਸਿਮਰਨ ਦਾ ਅਸਲ ਆਤਮਕ ਅਨੰਦ ਸੰਤ ਜਨਾ ਦੀ ਸੰਗਤ ਵਿਚ ਹੈ, ਸੰਤਾਂ ਦੀ ਸੇਵਾ ਵਿਚ ਅਸਲ ਸੁਖ ਹੈ। ਐਸਾ ਗੁਰੂ ਜੀ ਦਾ ਨਿਰਣਾਇਕ ਫੁਰਮਾਨ ਹੈ -

*ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥*
*ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ ॥*
*ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ ॥*

*ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ ॥*
*ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਨਾ ॥*
*ਬਿਨੁ ਤਾਗੇ ਬਿਨੁ ਸੂਈ ਆਨੀ*
*ਮਨੁ ਹਰਿ ਭਗਤੀ ਸੰਗਿ ਸੀਵਨਾ ॥*
*ਮਾਤਿਆ ਹਰਿ ਰਸ ਮਹਿ ਰਾਤੇ*
*ਤਿਸੁ ਬਹੁੜਿ ਨ ਕਬਹੂ ਅਉਖੀਵਨਾ॥*
*ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥*
*ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਨਾ ॥*

*ਅੰਗ - ੧੦੧੯*

ਗੁਰੂ ਮਹਾਰਾਜ ਦਾ ਨਿਰਣਾ ਹੈ ਕਿ ਬਹੁਤਾ ਧਨ ਖੱਟਣ ਨਾਲ ਤ੍ਰਿਸ਼ਨਾ ਵਧਦੀ ਹੈ, ਦੁਖ ਵਧਦਾ ਹੈ, ਸੱਚਾ ਅਨੰਦ ਨਹੀਂ ਮਿਲਦਾ। ਦੁਨਿਆਵੀ ਰੰਗ ਤਮਾਸ਼ੇ ਨਾਟਕ ਚੇਟਕ ਵੀ ਆਤਮਿਕ ਅਨੰਦ ਪ੍ਰਦਾਨ ਨਹੀਂ ਕਰਦੇ, ਝੂਠਾ ਛਿਨ ਭੰਗਰ ਦਾ ਤਮਾਸ਼ਾ ਹਨ। ਬੇਅੰਤ ਸ਼ਕਤੀ ਹਾਸਲ ਕਰਨ ਵਿਚ ਜਾਂ ਦੇਸ ਜਿੱਤ ਲੈਣ ਨਾਲ ਵੀ ਤ੍ਰਿਸ਼ਨਾ ਤ੍ਰਿਪਤ ਨਹੀਂ ਹੁੰਦੀ, ਅਨੰਦ ਨਹੀਂ ਮਿਲਦਾ। ਸੱਚ ਇਹ ਹੈ ਕਿ ਪ੍ਰਮਾਤਮਾ ਦਾ ਸੱਚਾ ਨਾਮ ਹੀ ਸਾਰੇ ਸੁੱਖਾਂ ਦੀ ਖਾਣ ਹੈ। ਪ੍ਰਮਾਤਮਾ ਦੀ ਸਿਫਤਿ-ਸਾਲਾਹ ਕੀਤਿਆਂ ਸਾਰੇ ਸੁੱਚੇ ਸਦੀਵ ਸੁੱਖ ਪ੍ਰਾਪਤ ਹੋ ਜਾਂਦੇ ਹਨ -

*ਸੁਖੁ ਨਾਹੀ ਬਹੁਤੈ ਧਨਿ ਖਾਟੇ ॥*
*ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥*
*ਸੁਖੁ ਨਾਹੀ ਬਹੁ ਦੇਸ ਕਮਾਏ ॥*
*ਸਰਬ ਸੁਖਾ ਹਰਿ ਹਰਿ ਗੁਣ ਗਾਏ ॥ ੧ ॥*
*ਸੂਖ ਸਹਜ ਆਨੰਦ ਲਹਹੁ ॥*
*ਸਾਧਸੰਗਤਿ ਪਾਈਐ ਵਡਭਾਗੀ ਗੁਰਮੁਖਿ*
*ਹਰਿ ਹਰਿ ਨਾਮੁ ਕਹਹੁ ॥* *ਅੰਗ - ੧੧੪੮*

ਤਾਂ ਤੇ ਸਾਡੀ ਅਰਦਾਸ ਹੋਣੀ ਚਾਹੀਦੀ ਹੈ -

*ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥*
*ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ॥*

*ਅੰਗ - ੨੧੬*

ਵਡਭਾਗੀ ਹਨ ਉਹ ਗੁਰੂ ਪਿਆਰੇ ਜੋ ਬਾਣੀ ਨਾਲ ਜੁੜੇ ਹੋਏ ਹਨ, ਜਿਨ੍ਹਾਂ ਨੂੰ ਸਿਮਰਨ ਦੀ ਦਾਤ ਪ੍ਰਾਪਤ ਹੋਈ ਹੈ, ਜੋ ਸਤਿਸੰਗ ਵਿਚ ਆ ਕੇ ਮਹਾਂਪੁਰਖਾਂ ਦੇ ਮੁਖਾਰਬਿੰਦ ਤੋਂ ਸ਼ਬਦ ਕੀਰਤਨ, ਬਾਬਾਣੀਆਂ ਕਹਾਣੀਆਂ, ਸ਼ਬਦ-ਵੀਚਾਰ ਅਤੇ ਗੁਰਬਾਣੀ ਕੀਰਤਨ ਸੁਣਦੇ ਹਨ। ਸਤਿਸੰਗਤ ਦਾ ਰੂਹਾਨੀ ਵਾਯੂਮੰਡਲ ਸਾਡੀ ਬਿਰਤੀ, ਸਾਡੇ ਧਿਆਨ ਨੂੰ ਪ੍ਰਭੂ ਚਰਨਾਂ ਨਾਲ ਜੋੜਨ ਵਿਚ ਅਤਿਅੰਤ ਸਹਾਈ ਹੁੰਦਾ ਹੈ। ਇਸ ਦਾ ਲਾਭ ਅਨੇਕ ਗੁਣਾਂ ਹੁੰਦਾ ਹੈ। ਗੁਰਬਾਣੀ ਵਿਚ ਸਾਧ ਜਨਾਂ, ਸੰਤਾਂ ਮਹਾਂਪੁਰਸ਼ਾਂ, ਨਾਮ-ਅਭਿਆਸੀ ਹਰਿ ਜਨਾ ਦੀ ਸੰਗਤ ਦਾ ਬਹੁਤ ਮਹਾਤਮ ਦਸਿਆ ਹੈ -

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*

*ਅੰਗ - ੧੧੦੨*

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਸੰਚਾਲਕ ਸੰਤ ਵਰਿਆਮ ਸਿੰਘ ਜੀ ਨੇ ਸਿਮਰਨ ਤੇ ਸੇਵਾ ਦੇ ਪਾਸਾਰ ਹਿਤ ਰਤਵਾੜਾ ਸਾਹਿਬ ਗੁਰਮਤਿ ਦਾ ਕੇਂਦਰ ਸਥਾਪਤ ਕੀਤਾ ਹੈ। ਵਰਤਮਾਨ ਵਿਚ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਹੇਠ ਰਤਵਾੜਾ ਸਾਹਿਬ ਦੀਆਂ ਸਮੂੰਹ ਸੰਸਥਾਵਾਂ ਚੜ੍ਹਦੀ ਕਲਾ ਵਿਚ ਸੇਵਾ ਵਿਚ ਜੁਟੀਆਂ ਹੋਈਆਂ ਹਨ। ਬਾਬਾ ਜੀ ਗੁਰਮਤਿ ਪ੍ਰਚਾਰ ਹਿਤ 15 ਮਈ ਤੋਂ 12 ਜੂਨ ਤੱਕ ਇੰਗਲੈਂਡ ਦੇ ਭਿੰਨ-ਭਿੰਨ ਗੁਰਦਵਾਰਾ ਸਾਹਿਬਾਨ ਵਿਚ ਦੀਵਾਨ ਸਜਾ ਕੇ ਗੁਰਬਾਣੀ, ਗੁਰਮਤਿ, ਨਾਮ-ਸਿਮਰਨ ਅਭਿਆਸ ਰਾਹੀਂ ਗੁਰੂ ਸੰਗਤਾਂ ਦੀ ਸੇਵਾ ਕਰਦੇ ਰਹੇ। ਵਿਦੇਸ਼ ਦੀਆਂ ਬੇਅੰਤ ਸੰਗਤਾਂ ਨੇ ਰੂਹਾਨੀ ਕੀਰਤਨ ਦੇ ਲਾਹੇ ਪ੍ਰਾਪਤ ਕੀਤੇ। ਵਿਸ਼ੇਸ਼ ਰਿਪੋਰਟ 29 ਤੋਂ 36 ਪੰਨੇ 'ਤੇ ਦਿਤੀ ਜਾ ਰਹੀ ਹੈ।

ਰਤਵਾੜਾ ਸਾਹਿਬ ਵਿਖੇ ਅਤੇ ਪੰਜਾਬ ਅਤੇ ਹੋਰ ਸੂਬਿਆਂ ਵਿਚ ਨਾਮ-ਸਿਮਰਨ-ਗੁਰਬਾਣੀ ਦੇ ਪ੍ਰਚਾਰ ਹਿਤ ਨਿਰੰਤਰ ਦੀਵਾਨ ਸਜਾਏ ਜਾ ਰਹੇ ਹਨ। ਰਤਵਾੜਾ ਸਾਹਿਬ ਦੀ ਸੋਭਾ ਹਿਤ ਉਸਾਰੀ ਜਾ ਰਹੀ ਡਿਓਡੀ ਸਾਹਿਬ ਦੇ ਲੈਂਟਰ ਪੈ ਗਏ ਹਨ, ਪਲਸਤਰਾਂ ਦੇ ਕਾਰਜ ਸ਼ੁਰੂ ਹਨ। ਨਰਸਿੰਗ ਕਾਲਜ ਦੀ ਬਿਲਡਿੰਗ ਸਪੰਨਤਾ ਦੇ ਨੇੜੇ ਹੈ। ਬੀਬੀਆਂ ਦੇ ਸਿਖਲਾਈ ਕੇਂਦਰ ਵਿਚ ਨੇੜਲੇ ਇਲਾਕੇ ਦੀਆਂ ਲੱਗਭੱਗ 100 ਬੀਬੀਆਂ ਸਲਾਈ, ਕਢਾਈ ਆਦਿ ਦਾ ਕੰਮ ਸਿੱਖ ਰਹੀਆਂ ਹਨ। ਦੋਵੇਂ ਵਿਦਿਆਲੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲਾਂ ਦੇ ਪਿਛਲੇ ਨਤੀਜੇ ਬਹੁਤ ਚੰਗੇ ਰਹੇ ਹਨ, ਨਵੇਂ ਦਾਖਲੇ ਹੋ ਰਹੇ ਹਨ। (ਰੀਪੋਰਟ ਅੱਗੇ ਦਿਤੀ ਗਈ ਹੈ) ਨਿਸ਼ਕਾਮ ਡਾਕਟਰੀ ਸੇਵਾਵਾਂ ਨਿਰੰਤਰ ਜਾਰੀ ਹਨ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਪੈਸ਼ਲਿਸਟ (ਮਾਹਰ) ਡਾਕਟਰ ਮਰੀਜ਼ਾਂ ਨੂੰ ਵੇਖਦੇ ਹਨ ਅਤੇ ਸਭਨਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ। ਡਾਕਟਰੀ ਫੈਕਲਟੀ ਵਿਚ ਬੀਬੀਆਂ ਦੇ ਰੋਗਾਂ ਦੇ ਮਾਹਰ, ਜਨਰਲ ਮੈਡੀਸਨ, ਚਮੜੀ ਰੋਗ, ਹੱਡੀਆਂ ਤੇ ਜੋੜਾਂ ਦੇ ਰੋਗ, ਬੱਚਿਆਂ ਦੇ, ਅੱਖਾਂ ਦੇ, ਦਿਲ ਦੇ, ਦੰਦਾਂ ਦੇ ਸਪੈਸ਼ਲਿਸ਼ਟ ਸਵੇਰੇ 9.30 ਤੋਂ 1.30 ਵਜੇ ਤਕ ਬੜੇ ਪਿਆਰ ਤੇ ਧਿਆਨ ਨਾਲ ਮਰੀਜ਼ਾਂ ਨੂ ਵੇਖਦੇ ਹਨ। ਲੈਬੋਰੇਟਰੀ ਵਿਚ ਸਾਰੇ ਟੈਸਟ ਕਰਨ ਦੀਆਂ ਸਹੂਲਤਾਂ ਪ੍ਰਾਪਤ ਹਨ।

ਆਪ ਜੀ ਨੂੰ ਰੂਹਾਨੀ ਖੁਰਾਕ ਪ੍ਰਦਾਨ ਕਰਨ ਲਈ 'ਆਤਮ ਮਾਰਗ' ਹਰ ਮਹੀਨੇ ਆਪ ਪਾਸ ਪੁੱਜਦਾ ਹੈ। ਇਸ ਦੇ ਘੇਰੇ ਨੂੰ ਹੋਰ ਵਿਸ਼ਾਲ ਕਰਨਾ ਮਹਾਨ ਸੇਵਾ ਹੈ। ਗੁਰਸਿੱਖਾਂ ਨੇ ਆਪ ਨਾਮ ਬਾਣੀ ਨਾਲ ਜੁੜਨਾ ਹੈ ਅਤੇ ਹੋਰਨਾਂ ਨੂੰ ਨਾਮ-ਬਾਣੀ ਨਾਲ ਜੋੜਨਾ ਹੈ। ਗੁਰੂ ਮਹਾਰਾਜ ਐਸੇ ਗੁਰਸਿੱਖਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੬*

ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਖਾਂ (ਸੰਤ ਵਰਿਆਮ ਸਿੰਘ ਜੀ) ਦਾ ਜਨਮ ਦਿਹਾੜਾ ਸੰਗਤਾਂ ਨੇ ਬਹੁਤ ਹੀ ਪਿਆਰ ਤੇ ਸ਼ਰਧਾ ਨਾਲ 17 ਜੂਨ ਨੂੰ ਵਿਸ਼ੇਸ਼ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਇਆ। ਬੇਅੰਤ ਸੰਗਤਾਂ ਨੇ ਉਨ੍ਹਾਂ ਦੇ ਗੁਰਮਤਿ ਤੇ ਨਾਮ ਬਾਣੀ ਨਾਲ ਸ਼ਰਸ਼ਾਰ ਜੀਵਨ ਤੋਂ ਸੇਧ ਲਈ। ਜਨਮ ਦਿਵਸ ਦੇ ਸੰਬੰਧ ਵਿਚ ਗੁਰਮਤਿ ਸਮਾਗਮ ਦੀ ਸੰਖੇਪ ਰਿਪੋਰਟ 29 ਤੋਂ 36 ਪੰਨੇ ਵਿਚ ਪੜ੍ਹੋ ਜੀ।

ਆਤਮ ਮਾਰਗ ਤੁਹਾਡਾ ਆਪਣਾ ਮੈਗਜ਼ੀਨ ਹੈ। ਆਪਣੇ ਆਲੇ-ਦੁਆਲੇ ਦੇ ਭਾਈਚਾਰੇ ਵਿਚ ਘੱਟੋ-ਘੱਟ ਦਸ ਹੋਰ ਮੈਂਬਰ ਬਣਾਉਣ ਦੀ ਸੇਵਾ ਕਰਕੇ ਗੁਰੂ ਮਹਾਰਾਜ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਸਤਿਗੁਰੂ ਅੰਗ ਸੰਗ, ਚੜ੍ਹਦੀ ਕਲਾ।

*(ਡਾ.) ਜਗਜੀਤ ਸਿੰਘ*
*ਮੁੱਖ ਸੰਪਾਦਕ*

**********

# ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥
## (ਸਾਵਣ ਮਹੀਨੇ ਦੀ ਸੰਗਰਾਂਦ : 16 ਜੁਲਾਈ, ਦਿਨ ਬੁੱਧਵਾਰ)

*(ਡਾ.) ਜਗਜੀਤ ਸਿੰਘ*

**ਰਾਗੁ ਮਾਝ ਬਾਰਹ ਮਾਹਾ ਮਹਲਾ ੫**
**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥**
**ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ**
**ਹੰਉ ਤਿਨ ਕੈ ਸਦ ਬਲਿਹਾਰ ॥**
**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥**
**ਅੰਗ - ੧੩੫**

ਪਦ-ਅਰਥ = ਸਾਵਣਿ - ਸਾਵਣ ਵਿਚ। ਸਰਸੀ = ਸ+ਰਸੀ, ਰਸ ਵਾਲੀ, ਹਰਿਆਵਲੀ। ਕਾਮਣੀ = ਜੀਵ ਇਸਤ੍ਰੀ। ਸਚ ਰੰਗਿ - ਸੱਚੇ (ਪ੍ਰਭੂ) ਦੇ ਪਿਆਰ ਵਿਚ। ਆਧਾਰੁ - ਆਸਰਾ। ਬਿਖਿਆ ਰੰਗ - ਮਾਇਆ ਦੇ ਰੰਗ। ਦਿਸਨਿ-ਦਿਸਦੇ ਹਨ। ਛਾਰੁ - ਸੁਆਹ॥ ਸਾਧੂ - ਜਿਸ ਨੇ ਮਨ ਨੂੰ ਸਾਧ ਲਿਆ ਹੈ, ਗੁਰੂ, ਗੁਰੂ ਨਾਲ ਜੁੜਿਆ ਸੰਤ, ਬ੍ਰਹਮ ਗਿਆਨੀ, ਹਰਿ - ਜਨ। ਪੀਵਣਹਾਰ - ਪੀਣ ਜੋਗਾ। ਵਣੁ ਤਿਣੁ - ਜੰਗਲ ਦਾ ਘਾਹ, ਬਨਸਪਤੀ, ਰੁੱਖ ਆਦਿ। ਮਉਲਿਆ - ਹਰਿਆ ਭਰਿਆ। ਕਰਮਿ - ਮਿਹਰ ਨਾਲ। ਮਇਆ - ਦਇਆ। ਸਬਦਿ - ਸਬਦ ਰਾਹੀਂ। ਉਰ - ਹਿਰਦੇ ਵਿਚ।

ਅਰਥ -

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥**

ਜੇਠ ਹਾੜ ਦੀ ਅਤਿ ਦੀ ਗਰਮੀ ਵਿਚ ਜਿਥੇ ਸਾਰੀ ਬਨਸਪਤੀ ਸੁੱਕ ਕੇ ਮੁਰਝਾ ਜਾਂਦੀ ਹੈ, ਹਰਿਆਵਲ ਕਿਤੇ ਦਿਖਾਈ ਨਹੀਂ ਪੈਂਦੀ, ਤਿਵੇਂ ਹੀ ਪਤੀ-ਪਰਮੇਸ਼ਰ ਤੋਂ ਵਿਛੁੜੀ ਜੀਵ-ਰੂਪੀ ਇਸਤ੍ਰੀ ਦਾ ਕੋਮਲ ਹਿਰਦਾ ਵਿਛੋੜੇ ਦੀ ਤਪਸ਼ ਨਾ ਸਹਾਰਦਾ ਹੋਇਆ ਦੁਖੀ ਹੁੰਦਾ ਹੈ। ਇਸ ਲਈ ਗੁਰੂ ਮਹਾਰਾਜ ਜੇਠ ਦੇ ਮਹੀਨੇ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਕਰਦੇ ਹਨ (ਹਰਿ ਜੇਠਿ ਜੁੜੰਦਾ ਲੋੜੀਐ) ਜਿਸ ਨਾਲ ਜੁੜਿਆਂ ਜੇਠ ਦੀ ਗਰਮੀ ਸੁਹਾਵਣੀ ਹੋ ਜਾਂਦੀ ਹੈ (ਹਰਿ ਜੇਠੁ ਰੰਗੀਲਾ ਤਿਸੁ ਧਣੀ) ਉਨ੍ਹਾਂ ਪ੍ਰੇਮੀਆਂ ਦੀ ਜਿਨ੍ਹਾਂ ਦੇ ਮੱਥੇ ਦੇ ਭਾਗ ਜਾਗ ਪੈਣ (ਜਿਸ ਕੇ ਭਾਗੁ ਮਥੰਨਿ)। ਹਾੜ ਦੀ ਗਰਮੀ ਅਤੇ ਤਪਸ਼ ਜੇਠ ਤੋਂ ਵੱਧ ਤਿੱਖੀ ਤੇ ਦੁਖਦਾਈ ਹੁੰਦੀ ਹੈ। ਉਹ ਜੀਵ-ਰੂਪੀ ਇਸਤ੍ਰੀਆਂ ਹਾੜ ਦੀ ਤਪਸ਼ ਵਾਂਗ ਬੇਹਾਲ ਹੁੰਦੀਆਂ ਹਨ ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵਸਦਾ। ਵਿਛੋੜੇ ਦੀ ਅਗਨੀ ਦੀ ਤਪਸ਼ ਹਾੜ ਦੇ ਭਖਦੇ ਸੂਰਜ ਤੋਂ ਵੀ ਵਧੇਰੇ ਦੁਖਦਾਈ ਹੁੰਦੀ ਹੈ (ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨਾ ਪਾਸਿ) ਏਹੋ ਤਪਦਾ ਹਾੜ ਉਨ੍ਹਾਂ ਲਈ ਸੁਹਾਵਣਾ ਹੋ ਜਾਂਦਾ ਹੈ, ਜਿਨ੍ਹਾਂ ਪਿਆਰਿਆਂ ਦਾ ਮਨ ਪ੍ਰਭੂ-ਚਰਨਾਂ ਵਿਚ ਜੁੜ ਜਾਂਦਾ ਹੈ (ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ)

ਸਾਵਣ ਦੇ ਮਹੀਨੇ ਵਿਚ ਜੇਠ ਹਾੜ ਦੀ ਬਾਹਰਲੀ ਤਪਸ਼ ਮੁੱਕ ਜਾਂਦੀ ਹੈ। ਸਾਵਣ ਵਿਚ ਪ੍ਰਭੂ-ਮਿਹਰ ਰਾਹੀਂ ਪ੍ਰਾਪਤ ਵਰਖਾ ਕਾਰਨ ਸੋਕਾ ਖਤਮ ਹੋ ਜਾਂਦਾ ਹੈ ਅਤੇ ਬਨਸਪਤੀ ਖਿੜ ਕੇ ਹਰਿਆਵਲੀ ਹੋ ਜਾਂਦੀ ਹੈ। ਬਨਸਪਤੀ, ਪਸ਼ੂ, ਪੰਛੀ, ਜੀਵ ਜੰਤ ਸਭ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ, ਸਭ ਸੁੱਖ ਦਾ ਸਾਹ ਲੈਂਦੇ ਹਨ। ਐਸੇ ਸੁਖਾਵੇਂ ਵਾਤਾਵਰਣ ਵਿਚ ਉਸ ਜੀਵ-ਇਸਤ੍ਰੀ ਦਾ ਹਿਰਦਾ ਖਿੜ ਪੈਂਦਾ ਹੈ, ਹਰਿਆਵਲਾ ਹੋ ਜਾਂਦਾ ਹੈ, ਜਿਸ ਦੇ ਮਨ ਵਿਚ ਪ੍ਰਭੂ-ਪਿਆਰ, ਪ੍ਰਭੂ ਚਰਨਾਂ ਨਾਲ ਜੁੜ ਜਾਣ ਦਾ ਚਾਅ ਪੈਦਾ ਹੁੰਦਾ ਹੈ। ਜਿਵੇਂ ਸਾਰੀ ਪ੍ਰਕ੍ਰਿਤੀ ਮੀਂਹ ਦੇ ਮਿਲਾਪ ਨਾਲ ਨਿਖਾਰ ਵਿਚ ਆ ਕੇ ਖਿੜ ਜਾਂਦੀ ਹੈ, ਜੇਠ ਹਾੜ ਦੀ ਮੁਰਦੇ ਹਾਣ ਖਤਮ ਹੋ ਜਾਂਦੀ ਹੈ, ਸਾਰਾ ਵਾਤਵਰਣ ਸੁਹਾਵਣਾ ਹੋ ਜਾਂਦਾ ਹੈ, ਇਸੇ ਤਰ੍ਹਾਂ ਜੀਵ ਰੂਪੀ ਇਸਤ੍ਰੀ ਦੇ ਮਨ ਵਿਚ ਵੀ ਪ੍ਰਭੂ-ਪਤੀ ਦੇ ਮਿਲਾਪ ਦੀ ਉਮੰਗ ਪੈਦਾ ਹੁੰਦੀ ਹੈ, ਪ੍ਰਭੂ-ਪਿਆਰ ਵਿਚ ਰੰਗੀ ਇਸਤ੍ਰੀ ਮਿਲਾਪ ਲਈ ਬਿਹਬਲ ਹੋ ਉੱਠਦੀ ਹੈ, ਉਸ ਦਾ ਰੋਮ-ਰੋਮ ਪ੍ਰਭੂ ਪਿਆਰ ਤੇ ਮਿਲਾਪ ਲਈ ਵਿਆਕੁਲ ਹੋ ਜਾਂਦਾ ਹੈ -

**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥**

ਹਿਰਦੇ ਵਿਚ ਮਿਲਾਪ ਲਈ ਤੜਪ ਰਖਦੀ ਜੀਵ-ਇਸਤ੍ਰੀ ਦਾ ਮਨ ਤੇ ਤਨ ਸੱਚੇ ਪ੍ਰਮਾਤਮ-ਪਤੀ ਦੇ ਸੱਚੇ ਪਿਆਰ ਵਿਚ ਰੰਗਿਆ ਜਾਂਦਾ ਹੈ, ਪ੍ਰਮਾਤਮਾ ਦਾ ਨਾਮ ਉਸ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ। ਪਿਆਰ ਪ੍ਰਭੂ ਦੀ ਬਖਸ਼ਿਸ਼ ਹੈ, ਗੁਰੂ ਮਿਹਰ ਰਾਹੀਂ ਐਸਾ ਸੱਚਾ ਰੰਗ ਚੜ੍ਹਦਾ ਹੈ। ਜੇ ਇੱਕ ਵਾਰੀ ਮਨ ਐਸੇ ਸੱਚੇ ਰੰਗ ਵਿਚ ਰੰਗਿਆ ਜਾਵੇ ਤਾਂ ਇਹ ਰੰਗ ਸਦੀਵ ਕਾਲ ਲਈ ਚੜ੍ਹਿਆ ਰਹਿੰਦਾ ਹੈ, ਕਦੇ ਉਤਰਦਾ ਨਹੀਂ।

***ਰਾਮ ਰੰਗੁ ਕਦੇ ਉਤਰਿ ਨ ਜਾਇ ॥***
***ਗੁਰੁ ਪੂਰਾ ਜਿਸੁ ਦੇਇ ਬੁਝਾਇ ॥ ਅੰਗ - ੧੯੪***

ਰਾਮ ਰੰਗ, ਨਾਮ-ਰੰਗ, ਅੰਮ੍ਰਿਤ ਨਾਮ ਗੁਰੂ ਬਖਸ਼ਿਸ਼ ਹੈ। ਇਹ ਰੰਗ ਜਦੋਂ ਹਰਿ-ਜਨ, ਪ੍ਰਭੂ ਪਿਆਰਿਆਂ ਦੇ ਰੋਮ-ਰੋਮ ਵਿਚ, ਕਣ-ਕਣ ਵਿਚ ਸਮਾਅ ਜਾਂਦਾ ਹੈ ਤਾਂ ਅੰਦਰੋਂ ਅਨਹਦ ਸੰਗੀਤਕ ਧੁਨੀਆਂ ਦਾ ਅਕਹਿ-ਰਸ ਉਨ੍ਹਾਂ ਨੂੰ ਨਸੀਬ ਹੁੰਦਾ ਹੈ ਪਰ ਇਹ ਮਿਲਦਾ ਵੱਡੇ ਭਾਗਾਂ ਨਾਲ ਹੈ -

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - ੮੦੮***

ਇਸ ਲਾਲ ਰੰਗ ਨੂੰ ਚਲੂਲ - ਅਤਿ ਗੂੜਾ ਲਾਲ, ਅਨੰਦ ਭਰਪੂਰ ਰਸ ਕਿਹਾ ਗਿਆ ਹੈ, ਇਹ ਮਜੀਠੀ ਰੰਗ ਹੈ, ਇਕ ਵਾਰ ਚੜ੍ਹਿਆ, ਮੁੜ ਉਤਰਦਾ ਨਹੀਂ -

*ਕਹੁ ਨਾਨਕ ਰੰਗਿ ਚਲੂਲ ਭਏ ਹੈ ਹਰਿ ਰੰਗੁ ਨ ਲਹੈ ਮਜੀਠਾ ॥*
*ਅੰਗ - ੧੨੧੨*

### ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥

ਵਿਪਰੀਤ ਸੱਚੇ, ਮਜੀਠੀ, ਪੱਕੇ ਚਲੂਲੀ ਰੰਗ ਦੇ, ਮਾਇਆ ਦਾ ਰੰਗ ਝੂਠਾ, ਜ਼ਹਿਰੀਲਾ ਤੇ ਦੁਖਦਾਈ ਤੇ ਕੱਚਾ ਹੈ, ਨਾਸਵੰਤ ਤੇ ਨਿਕੰਮਾ (ਛਾਰੁ) ਪਿਆਰ ਹੈ, ਨਿਰਾ ਧੋਖਾ ਤੇ ਛਲਾਵਾ ਹੈ। ਸੱਚੇ ਪ੍ਰਭੂ ਦੇ ਸੱਚੇ ਪਿਆਰ ਨੂੰ ਤਿਆਗ ਕੇ ਦੂਜੇ ਭਾਵ ਵਿਚ ਸੰਸਾਰਕ ਝੂਠੀਆਂ ਵਸਤਾਂ ਨਾਲ ਪਿਆਰ ਕਰਨ ਵਿਚ ਵਿਗੋਚਾ ਹੀ ਵਿਗੋਚਾ ਹੈ, ਖੁਆਰੀ ਹੀ ਖੁਆਰੀ ਹੈ। ਐਸਾ ਗੁਰੂ ਮਹਾਰਾਜ 'ਹਾੜ' ਦੇ ਮਹੀਨੇ ਵਿਚ ਸੰਦੇਸ਼ ਦੇ ਚੁੱਕੇ ਹਨ -

*ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥*
*ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥*
*ਅੰਗ - ੧੩੪*

ਐਸਾ ਉਪਦੇਸ਼ ਹੀ ਗੁਰੂ ਮਹਾਰਾਜ ਨੇ ਵਿਸਾਖ ਦੇ ਮਹੀਨੇ ਵਿਚ ਦਿਤਾ ਹੈ। ਪ੍ਰਭੂ ਤੋਂ ਵਿਛੁੜੀ ਜੀਵ-ਰੂਪੀ ਇਸਤ੍ਰੀ ਕਿਵੇਂ ਧੀਰਜ ਰੱਖ ਸਕਦੀ ਹੈ? ਪ੍ਰਭੂ ਰੂਪ ਸੱਜਣ ਨੂੰ ਵਿਸਾਰ ਕੇ ਮਾਇਆ ਦੇ ਝੂਠੇ ਮੋਹ-ਧੰਦਿਆਂ ਵਿਚ ਪਛਤਾਵਾ ਹੀ ਪਛਤਾਵਾ ਹੈ -

*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਅੰਗ - ੧੩੩*

ਜੀਵ ਦੀ ਇਹੋ ਤ੍ਰਾਸਦੀ ਹੈ ਕਿ ਦੁੱਖਾਂ ਦੀ ਮਾਇਕ-ਖਾਣ ਵਿਚੋਂ ਸੁੱਖਾਂ ਦੀ ਭਾਲ ਕਰਦਾ ਹੈ, ਅੰਤ ਘੋਰ-ਨਿਰਾਸ਼ਾ ਵਿਚ ਗਿਰ ਕੇ ਦੁੱਖ ਭੋਗਦਾ ਹੈ। ਅਧੂਰੇ ਅਤੇ ਨਾਸ਼ਵਾਨ ਸੰਸਾਰ ਤੋਂ ਅਵਿਨਾਸ਼ੀ ਸੁੱਖ ਕਿਵੇਂ ਮਿਲ ਸਕਦਾ ਹੈ? ਸੁਖ-ਸਾਗਰ ਪ੍ਰਭੂ ਨਾਲ ਜੁੜਨ ਸਦਕਾ ਹੀ ਸੱਚੇ ਸਦੀਵ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਪ੍ਰਭੂ ਪਿਆਰਿਆਂ ਨੂੰ ਇਸ ਲਈ ਮਾਇਆ ਦੇ ਕੂੜੇ ਸੁਆਦ ਤੁੱਛ ਪ੍ਰਤੀਤ ਹੁੰਦੇ ਹਨ। ਨਾਮ-ਅੰਮ੍ਰਿਤ-ਰਸ ਚਖਣ ਤੋਂ ਪਹਿਲਾਂ ਸੰਸਾਰ ਦੇ ਪਦਾਰਥ ਸੱਚੇ ਤੇ ਮਿੱਠੇ ਲਗਦੇ ਹਨ, ਸੁੱਖਾਂ ਦੇ ਸਾਧਨ ਦਿਸਦੇ ਹਨ ਪਰ ਜਦੋਂ ਗੁਰੂ ਕ੍ਰਿਪਾ ਸਦਕਾ ਅੰਦਰ ਨਾਮ-ਰਸ ਵਸ ਜਾਂਦਾ ਹੈ ਤਾਂ ਸੰਸਾਰ ਦੀ ਮਾਇਕ ਖੇਡ ਛਲ-ਭਰੀ ਅਤੇ ਹੇਚ ਦਿਸ ਆਉਂਦੀ ਹੈ, ਮਾਇਕ ਪਦਾਰਥਾਂ ਦਾ ਮਨਮੋਹਣਾ ਰੰਗ ਕੂੜਾ, ਝੂਠਾ, ਵਿਨਾਸ਼-ਕਾਰੀ ਅਤੇ ਵਿਸ਼-ਭਰਿਆ ਪ੍ਰਤੀਤ ਹੋਣ ਲਗ ਜਾਂਦਾ ਹੈ। (ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ)

### ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥

ਸਾਵਣ ਮਹੀਨੇ ਵਿਚ ਜਿਵੇਂ ਮੀਂਹ ਦੀਆਂ ਬੂੰਦਾਂ ਸੁਹਣੀਆਂ ਸੁਹਾਵਣੀਆਂ ਤੇ ਸੁਖਦਾਈ ਲਗਦੀਆਂ ਹਨ, ਤਿਵੇਂ ਹੀ ਪ੍ਰਭੂ-ਪ੍ਰਮੇਸ਼ਵਰ ਦੇ ਚਰਨਾਂ ਦੇ ਪਿਆਰ ਵਿਚ ਜੁੜੀ ਜੀਵ-ਰੂਪੀ ਇਸਤ੍ਰੀ ਨੂੰ ਪ੍ਰਭੂ-ਨਾਮ ਦੀ ਆਤਮਕ-ਅਨੰਦ ਦੇਣ ਵਾਲੀ ਬੂੰਦ ਪਿਆਰੀ ਤੇ ਮਿੱਠੀ ਲਗਦੀ ਹੈ। ਜੀਵ-ਆਤਮਾ ਗੁਰੂ ਦੀ, ਗੁਰੂ ਪਿਆਰਿਆਂ, ਗੁਰਮੁਖਾਂ, ਗੁਰਸਿੱਖਾਂ ਦੀ ਸੰਗਤ ਵਿਚ ਨਾਮ-ਅੰਮ੍ਰਿਤ-ਬੂੰਦ ਰੱਜ-ਰੱਜ ਪੀਂਦਾ ਅਨੰਦ ਵਿਚ ਮਖਮੂਰ ਹੋ ਜਾਂਦਾ ਹੈ। ਪ੍ਰਭੂ ਦੀ ਮਹਿਮਾ, ਵਡਿਆਈਆਂ ਦੇ ਗੀਤ, ਸੰਗੀਤ, ਬਾਬਾਣੀਆਂ ਕਹਾਣੀਆਂ ਉਸਨੂੰ ਮਿੱਠੀਆਂ ਲਗਦੀਆਂ ਹਨ। ਉਨ੍ਹਾਂ ਨੂੰ ਪ੍ਰਭੂ ਪਿਆਰਿਆਂ ਨਾਲ ਮਿਲ ਕੇ ਸ਼ੌਕ ਨਾਲ ਸੁਣਦਾ, ਪੜ੍ਹਦਾ ਤੇ ਗਾਉਂਦਾ ਹੈ। ਨਾਮ-ਅੰਮ੍ਰਿਤ ਨਾਲ ਸਰਸ਼ਾਰ ਹੋਏ ਗੁਰੂ-ਪ੍ਰੇਮੀ ਨੂੰ ਨਾਮ-ਅੰਮ੍ਰਿਤ ਤੋਂ ਬਿਨਾਂ ਕਿਸੇ ਹੋਰ ਪਦਾਰਥ ਤੋਂ ਅਨੰਦ ਦੀ ਜਗਿਆਸਾ ਨਹੀਂ ਹੁੰਦੀ।

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ ਅੰਗ- ੧੨੩੮*

ਉਨ੍ਹਾਂ ਨੂੰ ਕੇਵਲ ਤੇ ਕੇਵਲ ਪ੍ਰਭੂ-ਅੰਮ੍ਰਿਤ-ਨਾਮ ਦੀ ਚੇਟਕ ਰਹਿੰਦੀ ਹੈ। ਅੰਮ੍ਰਿਤ-ਨਾਮ ਪ੍ਰਭੂ ਆਪ ਗੁਰੂ ਰਾਹੀਂ ਬਖਸ਼ਿਸ਼ ਕਰਦਾ ਹੈ -

*ਏਕੋ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥*
*ਨਾਨਕ ਨਾਮੁ ਪ੍ਰਭੂ ਤੇ ਪਾਈਐ ਜਨ ਕਉ ਧੁਰਿ ਲਿਖਿਆ ਹੋਈ ॥*
*ਅੰਗ - ੧੨੫੯*

ਹਰ ਵਸਤੂ ਦੇ ਪ੍ਰਫੁੱਲਤ ਹੋਣ ਲਈ ਅਨੁਕੂਲ ਵਾਤਾਵਰਣ ਲੋੜੀਂਦਾ ਹੈ। ਨਾਮ-ਅੰਮ੍ਰਿਤ ਦੀ ਪ੍ਰਫੁਲਤਾ ਤੇ ਸੰਚਾਰ ਲਈ ਵੀ ਰੂਹਾਨੀ ਸੰਗਤ - ਗੁਰੂ ਦੀ ਸੰਗਤ, ਨਾਮ-ਰਸੀਏ ਸੰਤ, ਸਾਧੂ, ਹਰਿ ਜਨ ਦੀ ਸੰਗਤ ਆਵੱਸ਼ਕ ਹੈ। ਐਸਾ ਗੁਰਬਾਣੀ ਵਿਚ ਵਾਰ-ਵਾਰ ਦਰਸਾਇਆ ਗਿਆ ਹੈ। ਸਾਧ ਜਨਾਂ ਦੀ ਮਹਿਮਾ ਕਰਦਿਆਂ ਗੁਰੂ ਅਰਜਨ ਦੇਵ ਜੀ ਬਾਣੀ ਸੁਖਮਨੀ ਵਿਚ ਫੁਰਮਾਉਂਦੇ ਹਨ -

*ਸਾਧ ਕੈ ਸੰਗਿ ਅਗੋਚਰੁ ਮਿਲੈ ॥*
*ਸਾਧ ਕੈ ਸੰਗਿ ਸਦਾ ਪਰਫੁਲੈ ॥*
*ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥*
*ਸਾਧਸੰਗਿ ਅੰਮ੍ਰਿਤ ਰਸੁ ਭੁੰਚਾ ॥ ਅੰਗ - ੨੭੧*
*ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥*
*ਸਾਧਸੰਗਿ ਸਰਪਰ ਨਿਸਤਰੈ ॥*
*ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥*
*ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ ਅੰਗ - ੨੭੨*
*ਸਚੁ ਵਾਪਾਰੁ ਕਰਹੁ ਵਾਪਾਰੀ ॥*
*ਦਰਗਹ ਨਿਬਹੈ ਖੇਪ ਤੁਮਾਰੀ ॥*
*ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥*
*ਦਰਸਨੁ ਪੇਖਤ ਉਧਰਤ ਸ੍ਰਿਸਟਿ ॥*
*ਅਮਰ ਭਏ ਅਮਰਾ ਪਦੁ ਪਾਇਆ ॥*
*ਸਾਧਸੰਗਿ ਨਾਨਕ ਹਰਿ ਧਿਆਇਆ ॥ ਅੰਗ - ੨੯੩*

ਇੰਜ ਹੀ ਗੁਰੂ ਮਹਾਰਾਜ ਨੇ ਸੰਤ ਦੀ ਸੰਗਤ ਦੀ ਮਹਿਮਾ ਕਰਦਿਆਂ ਫੁਰਮਾਇਆ ਹੈ ਕਿ ਨਾਮ-ਰਸੀਏ ਸੰਤਾਂ ਦੀ ਸੰਗਤ ਵਿਚ ਜਗਿਆਸੂ ਨੂੰ ਪ੍ਰਭੂ ਦੇ ਦਰਸ਼ਨ ਦੀਦਾਰ ਨਸੀਬ ਹੁੰਦੇ ਹਨ, ਪ੍ਰਭੂ ਦਾ ਅੰਮ੍ਰਿਤ-ਮਈ ਨਾਮ ਮਿੱਠਾ ਲੱਗਣ ਲਗ ਪੈਂਦਾ ਹੈ। ਧੁਰ ਅੰਤਰ ਸੁੰਨ ਸਮਾਧਿ ਵਿਚ ਅਨਹਤ ਨਾਦ ਦੀ ਮਿੱਠੀ ਧੁਨ ਪ੍ਰਗਟ ਹੁੰਦੀ ਹੈ। ਐਸੀ ਵਿਸਮਾਦ-ਜਨਕ ਅਵਸਥਾ ਦਾ ਗੁਰੂ ਜੀ ਬਖਾਨ ਕਰਦੇ ਹਨ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥*
*ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥*
*ਅਨਿਕ ਰੰਗ ਨਾਨਾ ਦ੍ਰਿਸਟਾਹਿ ॥*
*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*

*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ - ੨੯੩*
*ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥*
*ਸੰਤ ਜਨਾ ਕੈ ਹਿਰਦੈ ਸਭਿ ਧਰਮ ॥*
*ਸੰਤ ਜਨਾ ਸੁਨਹਿ ਸੁਭ ਬਚਨ ॥*
*ਸਰਬ ਬਿਆਪੀ ਰਾਮ ਸੰਗਿ ਰਚਨ ॥* *ਅੰਗ - ੨੯੪*
*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥* *ਅੰਗ - ੨੯੫*

*"ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥"* ਪੂਰਨ ਰੂਪ ਵਿਚ ਇਸ ਸਚਾਈ ਨੂੰ ਪ੍ਰਗਟ ਕਰਦਾ ਹੈ।

**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**

ਪਰਮਾਤਮਾ ਤੋਂ ਹੀ ਸਾਰਾ ਬ੍ਰਹਿਮੰਡ ਹੋਂਦ ਵਿਚ ਆਇਆ, ਉਹ ਆਪ ਹਰ ਕਿਰਤ ਵਿਚ ਵਿਦਮਾਨ ਹੈ, ਮੌਜੂਦ ਹੈ, ਵਿਆਪਕ ਹੈ। ਉਸ ਦੀ ਵਿਆਪਕਤਾ ਕਾਰਨ, ਉਸ ਦੀ ਛਹੁ ਨਾਲ, ਸਾਰਾ ਜਗਤ, ਸਾਰੀ ਬਨਸਪਤੀ, ਜੰਗਲ, ਪੌਦੇ, ਘਾਹ ਆਦਿ ਹਰਿਆ ਭਰਿਆ ਹੋ ਕੇ ਨਿਖਾਰ ਵਿਚ ਆ ਕੇ ਝੂਮਦਾ ਹੈ। ਐਸਾ ਪ੍ਰਭੂ ਜੋ ਸਰਬ-ਸਮਰੱਥ ਹੈ, ਸਭ ਕੁਝ ਕਰਨ ਜੋਗ ਹੈ, ਸਰਬ ਵਿਆਪਕ ਹੈ, ਬੇਅੰਤ ਹੈ, ਉਸਨੂੰ ਮਿਲਣ ਲਈ ਮੇਰਾ ਮਨ ਭੀ ਲੋਚਦਾ ਹੈ, ਤਾਂਘਦਾ ਹੈ ਪਰ ਇਹ ਮਿਲਾਪ ਉਸ ਦੀ ਆਪਣੀ ਮਿਹਰ ਸਦਕਾ ਹੀ ਹੋ ਸਕਦਾ ਹੈ, ਆਪਣੀ ਹਿਕਮਤ, ਹੁਜਤ, ਚਤੁਰਾਈ, ਸਿਆਣਪ ਰਾਹੀਂ ਸੰਭਵ ਨਹੀਂ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

*ਬਲਿਹਾਰੀ ਕੁਦਰਤਿ ਵਸਿਆ ॥*
*ਤੇਰਾ ਅੰਤੁ ਨ ਜਾਈ ਲਖਿਆ ॥ ੧ ॥ ਰਹਾਉ ॥*
*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ ॥* *ਅੰਗ - ੪੬੯*
*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
.........
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥*
*ਅੰਗ - ੪੬੪*

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ -

*ਸਰਬ ਜੋਤਿ ਮਹਿ ਜਾ ਕੀ ਜੋਤਿ ॥*
*ਧਾਰਿ ਰਹਿਓ ਸੁਆਮੀ ਓਤਿ ਪੋਤਿ ॥* *ਅੰਗ - ੨੯੪*

ਸਾਰਾ ਬ੍ਰਹਿਮੰਡ, ਸਾਰੀ ਕੁਦਰਤ, ਸਾਰੇ ਜੀਅ ਜੰਤ, ਸਾਰੇ ਪ੍ਰਾਣੀ ਉਸ ਸਰਬ ਸਮਰੱਥ ਪ੍ਰਭੂ ਦੀ ਰਚਨਾ ਹਨ, ਸਭ ਦਾ ਆਧਾਰ ਉਹ ਆਪ ਹੈ, ਇਸ ਲਈ ਸਾਰੀ ਕਾਇਨਾਤ ਵਿਚ ਉਸ ਰੱਬੀ ਹੋਂਦ ਕਾਰਨ ਸੁੰਦਰਤਾ ਹੈ, ਸਜਾਵਟ ਹੈ, ਨਿਖਾਰ ਹੈ। ਉੱਚੀ ਸੁਰਤ ਵਾਲਿਆਂ ਲਈ, ਸਤਿ, ਚਿਤ, ਅਨੰਦ ਦੇ ਦਰਸ਼ਨ ਦੀਦਾਰ ਹਨ। ਸਤਿਗੁਰੂ ਕੁਦਰਤ ਵਿਚ ਵਸਦੇ ਪ੍ਰਭੂ ਤੋਂ ਬਲਿਹਾਰ ਜਾਂਦੇ ਹਨ। ਐਸੇ ਸਰਬ ਸਮਰੱਥ, ਸਰਬ ਵਿਆਪਕ ਪ੍ਰਭੂ ਨੂੰ ਮਿਲਣ ਲਈ ਜਗਿਆਸੂ ਅੰਦਰ ਤੜਪ ਪੈਦਾ ਹੋਣੀ ਕੁਦਰਤੀ ਗੱਲ ਹੈ। ਉਸ ਪ੍ਰਭੂ ਦੀਆਂ ਗੱਲਾਂ ਸੁਣ-ਸੁਣ ਕੇ ਹੀ ਮਨ ਤਨ ਅਨੰਦਿਤ ਹੋ ਜਾਂਦਾ ਹੈ, ਉਸ ਦੇ ਨਾਮ ਜਪਣ ਨਾਲ ਚਿਹਰੇ ਤੇ ਲਾਲੀ ਆ ਜਾਂਦੀ ਹੈ। ਉਸ ਦੇ ਮਿਲਾਪ-ਮਾਰਗ ਤੇ ਚਲਣ ਨਾਲ ਮੇਰਾ ਤਪਦਾ ਹਿਰਦਾ ਸੀਤਲ ਹੋ ਜਾਂਦਾ ਹੈ ਤੇ ਦਰਸ਼ਨਾਂ ਨਾਲ ਅੰਦਰਲਾ ਨਿਹਾਲ-ਨਿਹਾਲ ਹੋ ਜਾਂਦਾ ਹੈ। ਐਸਾ ਅਨੁਭਵ ਪੰਚਮ ਪਾਤਸ਼ਾਹ ਬਾਣੀ ਰਾਹੀਂ ਬਖਸ਼ਿਸ਼ ਕਰਦੇ ਹਨ -

*ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ ॥*
*ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ ॥*
*ਅੰਗ - ੯੬੪*

ਵਿਅਕਤੀਗਤ ਤੌਰ ਤੇ ਅਤੇ ਸਤਿਸੰਗਤ ਵਿਚ ਕੀਤਾ ਨਾਮ-ਜਪੁ-ਸਿਮਰਨ, ਗੁਰਬਾਣੀ, ਗੁਰ ਸ਼ਬਦ ਦਾ ਗਾਇਨ ਅਤੇ ਵਿਚਾਰ ਨਾਲ ਮਨ ਦੀ ਨਿਰਮਲਤਾ ਪ੍ਰਾਪਤ ਹੁੰਦੀ ਹੈ ਅਤੇ ਪ੍ਰਭੂ-ਮਿਲਾਪ ਲਈ ਲੋਚਾ ਤੜਫ ਪੈਦਾ ਹੁੰਦੀ ਹੈ। ਪਰ ਮਿਲਾਪ ਤਾਂ ਉਸ ਪਰਮ-ਪਿਤਾ ਦੀ ਬਖਸ਼ਿਸ਼ ਹੈ (ਕਰਮਿ ਮਿਲਾਵਣਹਾਰੁ), ਨਦਰ ਹੈ, ਕਰਮ ਹੈ। ਨਦਰ ਤੋਂ ਬਿਨਾਂ ਸਿਮਰਨ ਨਹੀਂ ਹੁੰਦਾ, ਲਿਵ ਨਹੀਂ ਲਗਦੀ, ਦੁਬਿਧਾ ਖਤਮ ਨਹੀਂ ਹੁੰਦੀ, ਨਾ ਹੀ ਆਤਮ-ਪਰਮਾਤਮ ਮਿਲਾਪ ਹੁੰਦਾ ਹੈ -

*ਨਦਰਿ ਕਰੇ ਤਾ ਸਿਮਰਿਆ ਜਾਇ ॥*
*ਆਤਮਾ ਦ੍ਰਵੈ ਰਹੈ ਲਿਵ ਲਾਇ ॥*
*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥* *ਅੰਗ - ੬੬੧*
*ਨਦਰਿ ਕਰੇ ਤਾ ਮੇਲਿ ਮਿਲਾਏ ॥*
*ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥*
*ਗੁਰਮੁਖਿ ਨਾਮੁ ਪਦਾਰਥੁ ਪਾਏ ॥* *ਅੰਗ - ੨੨੨*

ਆਪਣੀ ਬਲ-ਬੁੱਧੀ ਉਪਰ ਮਾਣ ਹਉਮੈ-ਬਿਰਤੀ ਹੈ ਜੋ ਵਿਛੋੜੇ ਦਾ ਕਾਰਨ ਹੈ, ਮਿਲਾਪ ਦਾ ਰਸਤਾ ਨਹੀਂ। ਪਰਮੇਸ਼ਰ-ਪ੍ਰਭੂ ਦਾ ਮਿਲਾਪ ਪ੍ਰਮੇਸ਼ਰ ਦੀ ਦਇਆ-ਮਿਹਰ ਨਾਲ ਹੁੰਦਾ ਹੈ। ਜਿਸ ਪ੍ਰਭੂ ਦੇ ਹੁਕਮ ਵਿਚ ਜੀਵ ਜਗਤ ਵਿਚ ਆਉਂਦਾ ਹੈ, ਉਸ ਪ੍ਰਭੂ ਦੀ ਦਇਆ ਦ੍ਰਿਸ਼ਟੀ ਨਾਲ ਹੀ ਉਸ ਨਾਲ ਮੁੜ ਮਿਲਾਪ ਹੁੰਦਾ ਹੈ।

*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*
*ਅੰਗ - ੧੩੪*

ਜਿਨ੍ਹਾਂ ਸਖੀਆਂ ਸਹੇਲੀਆਂ, ਪ੍ਰਭੂ ਪਿਆਰਿਆਂ, ਗੁਰਮੁਖਾਂ, ਗੁਰਸਿੱਖਾਂ, ਸਤਿਸੰਗੀਆਂ ਨੂੰ ਪ੍ਰਭੂ ਕ੍ਰਿਪਾ ਸਦਕਾ ਪ੍ਰਭੂ ਮਿਲਾਪ ਹਾਸਲ ਹੋਇਆ ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਸਦਕੇ, ਬਲਿਹਾਰਣੇ ਜਾਂਦਾ ਹਾਂ। ਉਨ੍ਹਾਂ ਦੀ ਮਨੁੱਖਾ ਜਨਮ ਦੀ ਯਾਤਰਾ ਸਦਕੇ, ਬਲਿਹਾਰਣੇ ਜਾਂਦਾ ਹਾਂ। ਉਨ੍ਹਾਂ ਦੀ ਮਨੁੱਖਾ ਜਨਮ ਦੀ ਯਾਤਰਾ ਸਫਲ ਹੋ ਗਈ -

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥* *ਅੰਗ - ੬੮੭*

ਪ੍ਰਭੂ ਦਇਆ ਦਾ, ਮਿਲਾਪ ਦਾ, ਸਫਲ ਯਾਤਰਾ ਦਾ ਸਾਧਨ ਕੀ ਹੈ? ਪ੍ਰਭੂ ਦੀ ਦਇਆ, ਮਿਹਰ, ਨਦਰਿ ਸ਼ਬਦ ਰਾਹੀਂ ਨਾਮ ਰਾਹੀਂ ਕਾਰਜਸ਼ੀਲ ਹੁੰਦੀ ਹੈ। ਗੁਰੂ ਮਹਾਰਾਜ ਜੀ ਅਰਦਾਸ ਰਾਹੀਂ

ਬੇਨਤੀ ਕਰਨ ਲਈ ਸਾਡੀ ਅਗਵਾਈ ਕਰਦੇ ਫੁਰਮਾਨ ਕਰਦੇ ਹਨ –

**ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥**

ਹੇ ਹਰੀ, ਪ੍ਰਮਾਤਮਾ, ਮੇਰੇ ਉਪਰ ਦਇਆ ਕਰ, ਆਪਣੇ ਨਾਲ ਮੇਲ ਕਰਾਉਣ ਵਾਲਾ ਸ਼ਬਦ, ਨਾਮ ਬਖਸ਼ਿਸ਼ ਕਰ, ਮਨ ਦੀ ਘਾੜਤ ਘੜਣ ਵਾਲੇ, ਮਨ ਨੂੰ ਸੰਵਾਰਨ ਵਾਲੇ ਸ਼ਬਦ ਨਾਮ ਨਾਲ ਜੋੜ।

ਜਪੁਜੀ ਦੀ ੩੮ਵੀਂ ਪਉੜੀ ਵਿਚ ਐਸੀ ਸੱਚੀ ਟਕਸਾਲ ਦਾ ਜ਼ਿਕਰ ਹੈ, ਜਿਸ ਵਿਚ ਜਤ, ਧੀਰਜ, ਉੱਚੀ ਮਤ, ਬਿਬੇਕ ਬੁੱਧੀ, ਗਿਆਨ, ਘਾਲ ਕਮਾਈ (ਤਪ ਤਾਉ), ਅਤੇ ਪ੍ਰੇਮ ਰਾਹੀ ਅੰਮ੍ਰਿਤ ਨਾਮ ਰੂਪੀ ਸ਼ਬਦ ਘੜਿਆ ਜਾਂਦਾ ਹੈ ਜਿਸ ਦੀ ਬਰਕਤ ਸਦਕਾ ਮਨੁੱਖ ਸਚਿਆਰਾ ਰੂਪ ਹੋ ਕੇ ਪ੍ਰਭੂ ਨਾਲ ਮਿਲਾਪ ਹਾਸਲ ਕਰਦਾ ਹੈ–

***ਜਤੁ ਪਾਹਾਰਾ ਧੀਰਜੁ ਸੁਨਿਆਰੁ ॥***
***ਅਹਰਣਿ ਮਤਿ ਵੇਦੁ ਹਥੀਆਰੁ ॥***
***ਭਉ ਖਲਾ ਅਗਨਿ ਤਪ ਤਾਉ ॥***
***ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥***
***ਘੜੀਐ ਸਬਦੁ ਸਚੀ ਟਕਸਾਲ ॥*** ***ਅੰਗ - ੮***

ਪਰ ਇਹ ਘਾੜਤ ਉਨ੍ਹਾਂ ਦੀ ਘੜੀ ਜਾਂਦੀ ਹੈ ਜਿਨ੍ਹਾਂ ਉਪਰ ਪ੍ਰਭੂ ਦੀ ਮਿਹਰ, ਨਦਰ, ਬਖਸ਼ਿਸ਼ ਹੁੰਦੀ ਹੈ। ਉਹ ਮਨੁੱਖ ਅਕਾਲਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ–

***ਜਿਨ ਕਉ ਨਦਰਿ ਕਰਮੁ ਤਿਨ ਕਾਰ ॥***
***ਨਾਨਕ ਨਦਰੀ ਨਦਰਿ ਨਿਹਾਲ ॥*** ***ਅੰਗ - ੮***

**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥**

ਮਨੁੱਖਾ ਜਨਮ ਰੂਪੀ ਸਾਵਣ ਦਾ ਮਹੀਨਾ (ਜੀਵਨ) ਕੇਵਲ ਉਨ੍ਹਾਂ ਜੀਵ-ਇਸਤ੍ਰੀਆਂ ਲਈ ਸਫਲ ਤੇ ਸੁਹਾਵਣਾ ਹੈ ਜੋ ਸੁਹਾਗਵਤੀਆਂ ਹਨ, ਸੱਚੀਆਂ ਸੁਹਾਗਣਾਂ ਹਨ, ਉਹ ਜਿਨ੍ਹਾਂ ਨੇ ਹਿਰਦੇ ਵਿਚ, ਅੰਤਸ਼ਕਰਣ ਰੂਪੀ ਗਲ ਵਿਚ ਰਾਮ-ਨਾਮ ਰੂਪੀ ਅਮੋਲਕ ਹਾਰ ਪਹਿਨਿਆ ਹੋਇਆ ਹੈ –

***ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥***
***ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥*** ***ਅੰਗ - ੪੫੮***

ਅਰਥਾਤ ਜਿਨ੍ਹਾਂ ਨੇ ਹਿਰਦੇ ਰੂਪੀ ਗਲ ਵਿਚ ਰਾਮ ਨਾਮ ਦਾ ਹਾਰ ਪਹਿਨਿਆ ਹੈ, ਉਹ ਮਾਇਆ ਦੇ ਜ਼ਹਿਰ ਤੋਂ ਮੁਕਤ ਹੋ ਗਏ। ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ –

***ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥***
***ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥***
***ਅੰਗ - ੧੪੨੯***

ਰਾਮ ਨਾਮ ਸਭ ਤੋਂ ਸ੍ਰੇਸ਼ਟ ਵਸਤੂ ਹੈ, ਕੋਈ ਹੋਰ ਵਸਤੂ ਇਸ ਦੇ ਤੁਲ ਨਹੀਂ ਹੋ ਸਕਦੀ। ਜੋ ਰਾਮ-ਨਾਮ ਨੂੰ ਹਿਰਦੇ ਵਿਚ ਧਾਰਨ ਕਰਦੇ ਹਨ, ਉਨ੍ਹਾਂ ਦਾ ਆਵਾਗਵਣ ਮਿਟ ਜਾਂਦਾ ਹੈ ਅਤੇ ਹਰੀ ਨਾਲ ਮਿਲਾਪ ਹੋ ਜਾਂਦਾ ਹੈ। ਤਾਂ ਤੇ ਹਿਰਦੇ ਵਿਚ ਰਾਮ-ਨਾਮ ਰੂਪੀ ਹਾਰ ਪਹਿਨਣ ਵਾਲੀਆਂ ਸੁਹਾਗਣਾਂ ਦਾ ਸਾਵਣ (ਜੀਵਨ) ਸੁਹਾਵਣਾ ਤੇ ਸਫਲ ਹੁੰਦਾ ਹੈ – *(ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥ )*

## ਤੁਖਾਰੀ ਰਾਗ ਵਿਚ ਪ੍ਰਾਪਤ ਗੁਰੂ ਨਾਨਕ ਦੇਵ ਜੀ ਦਾ ਬਾਰਹਮਾਹਾ – ਮਹੀਨਾ ਸਾਵਣ

ਰਾਗੁ ਤੁਖਾਰੀ ਛੰਤ ਮਹਲਾ ੧

***ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥***
***ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥***
***ਪਿਰੁ ਘਰਿ ਨਹੀ ਆਵੈ ਮਰੀਐ ਹਾਵੈ***
***ਦਾਮਨਿ ਚਮਕਿ ਡਰਾਏ ॥***
***ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥***
***ਹਰਿ ਬਿਨੁ ਨੀਦ ਭੂਖ ਕਹੁ ਕੈਸੀ***
***ਕਾਪੜੁ ਤਨਿ ਨ ਸੁਖਾਵਏ ॥***
***ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥***
***ਅੰਗ - ੧੧੦੮***

*ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥* ਹਾੜ ਦੀ ਅਤਿ ਦਰਜੇ ਦੀ ਤਪਸ਼ ਵਿਚ ਬਨਸਪਤੀ ਸੁੱਕ ਜਾਂਦੀ ਹੈ। ਉਸ ਤਪਸ਼ ਪਿਛੋਂ ਸਾਵਣ ਦੇ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ, ਖ਼ੂਬ ਮੀਂਹ ਪੈਂਦਾ ਹੈ, ਪਸ਼ੂ ਪੰਛੀ ਅਤੇ ਮਨੁੱਖ ਤਾਂ ਕੀ, ਸੁੱਕਾ ਹੋਇਆ ਘਾਹ ਅਤੇ ਬਨਸਪਤੀ ਵੀ ਮੌਲ ਉਠਦੀ ਹੈ। ਹਰ ਪਾਸੇ ਹਰਿਆਵਲ ਵੇਖ ਜੀਵ ਦੇ ਅੰਦਰੋਂ ਆਵਾਜ਼ ਆਉਂਦੀ ਹੈ, ਹੇ ਮੇਰੇ ਮਨ! ਸਾਵਣ ਦੀ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਤੂੰ ਭੀ ਹਰਾ ਹੋ, ਉਮਾਹ ਵਿਚ ਆ, ਪ੍ਰਭੂ ਦੇ ਮਿਲਾਪ ਲਈ ਉਪਰਾਲਾ ਕਰ। ***ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥*** ਜਿਵੇਂ ਪਰਦੇਸ ਗਏ ਪਤੀ ਦੀ ਇਸਤਰੀ ਦਾ ਹਿਰਦਾ ਕਾਲੀਆਂ ਘਟਾਂ ਵੇਖ ਕੇ ਤੜਫ ਉਠਦਾ ਹੈ। ਉਮਾਹ ਪੈਦਾ ਕਰਨ ਵਾਲਾ ਵਾਤਾਵਰਣ ਸਗੋਂ ਉਸਨੂੰ ਦੁਖਦਾਈ ਪ੍ਰਤੀਤ ਹੋਣ ਲਗਦਾ ਹੈ ਅਤੇ ਉਸ ਦੇ ਅੰਦਰੋਂ ਹੂਕ ਉਠਦੀ ਹੈ, ਹੇ ਮਾਂ, ਮੈਨੂੰ ਮੇਰਾ ਪਤੀ ਰੋਮ ਰੋਮ ਵਿਚ ਪਿਆਰਾ ਲਗ ਰਿਹਾ ਹੈ ਪਰ ਉਹ ਤਾਂ ਪਰਦੇਸ ਗਿਆ ਹੋਇਆ ਹੈ। ਤਿਵੇਂ ਹੀ ਪ੍ਰਭੂ-ਪਤੀ ਤੋਂ ਵਿਛੜੀ ਜੀਵ ਇਸਤ੍ਰੀ ਦੀ ਵੇਦਨਾ ਹੈ। ***ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥*** ਜਿਤਨਾ ਚਿਰ ਪਤੀ ਘਰ ਨਹੀਂ ਆਉਂਦਾ, ਵਿਛੁੜੀ ਹੋਈ ਇਸਤ੍ਰੀ ਹਉਕਿਆਂ ਨਾਲ ਬੇਹਾਲ ਹੁੰਦੀ ਹੈ, ਆਕਾਸ਼ ਵਿਚ ਬਿਜਲੀ ਚਮਕ ਚਮਕ ਕੇ ਉਸ ਨੂੰ ਡਰਾਉਂਦੀ ਹੈ ਤੇ ਦੁੱਖ ਵਿਚ ਵਾਧਾ ਕਰਦੀ ਹੈ। ***ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥*** ਵਿਛੜੀ ਹੋਈ ਜੀਵ ਇਸਤ੍ਰੀ ਵਿਰਲਾਪ ਕਰਦੀ ਹੈ ਕਿ ਪਤੀ ਬਿਨਾਂ ਮੇਰੀ ਸੱਖਣੀ ਸੇਜ ਮੈਨੂੰ ਦੁਖਦਾਈ ਪ੍ਰਤੀਤ ਹੋ ਰਹੀ ਹੈ, ਪਤੀ ਤੋਂ ਵਿਛੋੜੇ ਦਾ ਦੁਖ ਮੇਰੇ ਲਈ ਮੌਤ ਬਰਾਬਰ ਹੋ ਗਿਆ ਹੈ। ***ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥*** ਜਿਸ ਜੀਵ ਇਸਤ੍ਰੀ ਦੇ ਅੰਦਰ ਪ੍ਰਭੂ-ਪਿਆਰ ਹੈ, ਬਿਰਹਣੀ ਨਾਰ ਵਾਂਗੂੰ ਉਸ ਨੂੰ ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾ ਨੀਂਦ ਆਉਂਦੀ ਹੈ, ਨਾ ਭੁੱਖ ਲਗਦੀ ਹੈ। ਉਸ ਨੂੰ ਕੱਪੜਾ ਭੀ ਸਰੀਰ ਤੇ ਨਹੀਂ ਸੁਖਾਂਦਾ ਅਰਥਾਤ ਸਰੀਰਕ ਸੁੱਖਾਂ ਦੇ ਕੋਈ ਵੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾਉਂਦੇ। ***ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥*** ਉਹੀ ਭਾਗਾਂ ਵਾਲੀ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਪਿਆਰ ਦੀ ਹੱਕਦਾਰ ਹੋ ਸਕਦੀ ਹੈ, ਜੋ ਸਦਾ ਪ੍ਰਭੂ ਦੀ ਯਾਦ ਵਿਚ ਰਹਿੰਦੀ ਹੈ।

*********

# ਸੰਤ ਬਚਨ

## (ਭਾਗ ਪਹਿਲਾ)

## (ਪ੍ਰਸ਼ਨਾਂ ਦੇ ਉੱਤਰ - ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਵਲੋਂ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

**(1961 ਵਿਚ ਸ੍ਰੀ 108 ਸੰਤ ਈਸ਼ਰ ਸਿੰਘ ਜੀ, ਰਾੜਾ ਸਾਹਿਬ ਵਾਲਿਆਂ ਦੇ ਚੰਡੀਗੜ੍ਹ ਦੇ ਦੀਵਾਨਾਂ ਸਮੇਂ ਉਨ੍ਹਾਂ ਦੀ ਰਿਹਾਇਸ਼ੀ ਕੋਠੀ ਵਿਚ ਹੋਏ ਬਚਨ)**

ਅੱਜ ਬਹੁਤ ਸਾਰੀ ਸੰਗਤ ਦੇ ਪ੍ਰੇਮੀ ਹਰ ਰੋਜ਼ ਦੇ ਮੁਤਾਬਿਕ ਸੰਤ ਮਹਾਰਾਜ ਜੀ ਦੇ ਆਉਣ ਤੋਂ ਪਹਿਲਾਂ ਹੀ ਬੜੇ ਪਿਆਰ ਤੇ ਸ਼ਰਧਾ ਨਾਲ ਬੈਠੇ, ਘੜੀਆਂ ਵਲ ਦੇਖ ਰਹੇ ਸਨ। ਸਹੀ ਟਾਈਮ ਤੇ ਮਹਾਂਪੁਰਸ਼ ਬਾਹਰ ਆਏ ਅਤੇ ਆਪਣੀ ਸੀਟ ਤੇ ਬਿਰਾਜਮਾਨ ਹੋ ਗਏ। ਪ੍ਰੇਮੀਆਂ ਨੇ ਸ਼ਰਧਾ ਵਜੋਂ ਫਤਹਿ ਬੁਲਾਈ, ਸੀਸ ਨਿਵਾਇਆ ਅਤੇ ਬੈਠ ਗਏ। ਮਹਾਂਪੁਰਸ਼ਾਂ ਨੇ ਇਕ ਪਿਆਰ ਭਰੀ ਦ੍ਰਿਸ਼ਟੀ ਨਾਲ ਸਾਰੀ ਸੰਗਤ ਵਲ ਨਿਗ੍ਹਾ ਮਾਰੀ, ਆਪ ਮੁਸਕਰਾਏ ਅਤੇ ਆਪ ਦੇ ਮੁਖਾਰਬਿੰਦ ਤੋਂ ਫੁਰਮਾਨ ਹੋਇਆ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

***ਅੰਗ - 12***

***ਚੌਰਾਸੀ ਲੱਖ ਜੋਨਿ ਵਿੱਚ***
***ਉਤਮ ਜਨਮ ਸੁ ਮਾਨਸ ਦੇਹੀ।***

***ਭਾਈ ਗੁਰਦਾਸ ਜੀ, ਵਾਰ - 1/3***

ਆਪ ਨੇ ਸਾਰੀ ਸੰਗਤ ਵਲ ਦ੍ਰਿਸ਼ਟੀ ਕਰਦਿਆਂ ਫੁਰਮਾਨ ਕੀਤਾ ਕਿ ਤੁਹਾਡੇ ਵਿਚੋਂ ਤਾਂ ਬਹੁਤ ਪ੍ਰੇਮੀ ਐਸੇ ਹੋਣਗੇ ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਦੇ ਇਹ ਮਹਾਂਵਾਕ ਯਾਦ ਰਹਿੰਦੇ ਹੋਣਗੇ। ਇਹ ਬਚਨ ਸੁਣ ਕੇ ਸਾਰੇ ਪ੍ਰੇਮੀ ਇਕ ਦੂਜੇ ਵਲ ਵੇਖਣ ਲਗ ਗਏ ਤਾਂ ਥੋੜ੍ਹੇ ਸਮੇਂ ਪਿਛੋਂ ਆਵਾਜ਼ ਆਈ ਕਿ ਮਹਾਰਾਜ ਜੀ! ਯਾਦਦਾਸ਼ਤ ਦੇ ਅੰਦਰ ਹਜ਼ਾਰਾਂ ਹੀ ਪੁਸਤਕਾਂ, ਹਜ਼ਾਰਾਂ ਹੀ ਸ਼ੁਭ ਉਪਦੇਸ਼ ਇਸ ਤਰ੍ਹਾਂ ਪਏ ਹਨ ਜਿਵੇਂ ਇਕ ਲਾਇਬ੍ਰੇਰੀ ਵਿਚ ਹਜ਼ਾਰਾਂ ਕਿਤਾਬਾਂ ਰੈਕਾਂ ਵਿਚ ਰੱਖੀਆਂ ਹੁੰਦੀਆਂ ਹਨ। ਪੁਸਤਕ ਵੇਖੀ ਜਾਂਦੀ ਹੈ, ਉਸਦਾ title ਪਛਾਣ ਵਿਚ ਆ ਜਾਂਦਾ ਹੈ ਅਤੇ ਪਤਾ ਲਗ ਜਾਂਦਾ ਹੈ ਕਿ ਇਹ ਪੁਸਤਕ ਫਲਾਣੇ ਲੇਖਕ ਦੀ ਲਿਖੀ ਹੋਈ ਹੈ ਅਤੇ ਉਸ ਪੁਸਤਕ ਦਾ ਕੁਝ ਅੰਸ਼ ਯਾਦਦਾਸ਼ਤ ਵਿਚੋਂ ਉਭਰ ਕੇ ਪ੍ਰਗਟ ਹੋ ਜਾਂਦਾ ਹੈ ਕਿ ਇਸ ਵਿਚ ਕਿਹੜੀ ਗੱਲ ਲਿਖੀ ਹੋਈ ਹੈ। ਇਸੇ ਤਰ੍ਹਾਂ ਨਾਲ ਇਹ ਬਾਣੀ ਜੋ ਆਪ ਜੀ ਦੇ ਮੁਖ ਤੋਂ ਉਚਾਰਨ ਹੋਈ ਹੈ, ਅਸੀਂ ਜਦੋਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ, ਉਸ ਵੇਲੇ ਇਕ ਸੈਕਿੰਡ ਵਾਸਤੇ ਸਾਡੀ ਯਾਦਦਾਸ਼ਤ ਵਿਚੋਂ ਹੋ ਕੇ ਉਚਾਰਨ ਹੁੰਦੀ ਹੋਈ ਲੰਘ ਜਾਂਦੀ ਹੈ ਪਰ ਇਹ ਸਦਾ ਹੀ ਯਾਦ ਨਹੀਂ ਰਹਿੰਦੀ, ਮਹਾਨ ਭੁੱਲ ਵਿਚ ਪਏ ਰਹਿੰਦੇ ਹਾਂ। ਐਡਾ ਕੀਮਤੀ ਉਪਦੇਸ਼ ਸਾਡੇ ਲਈ ਹੁੰਦਿਆਂ ਹੋਇਆਂ ਵੀ ਅਣਹੁੰਦਾ ਹੈ। ਹੁਣ ਆਪ ਦੇ ਮੁਖਾਰਬਿੰਦ ਤੋਂ ਸੁਣ ਕੇ ਇਸਦੇ ਭਾਵ ਦਾ ਕੁਝ ਅੰਸ਼ ਅਸਾਡੇ ਅੰਦਰ ਪ੍ਰਵੇਸ਼ ਕਰ ਗਿਆ ਹੈ ਪਰ ਸਾਡੇ ਉਪਰ ਕੋਈ ਅਸਰ ਨਹੀਂ ਹੁੰਦਾ। ਆਪ ਨੇ ਬੜੀ ਕ੍ਰਿਪਾ ਕੀਤੀ ਹੈ ਕਿ ਅਸਾਡਾ ਧਿਆਨ ਇਸ ਮਹਾਂਵਾਕ ਵਲ ਆਕਰਸ਼ਿਤ ਕੀਤਾ ਹੈ। ਅਸੀਂ ਬੇਨਤੀ ਕਰਦੇ ਹਾਂ ਕਿ ਆਪ ਦੇ ਮੁਖਾਰਬਿੰਦ ਤੋਂ ਇਸ ਬਾਰੇ ਸ੍ਰਵਣ ਕਰੀਏ।

ਮਹਾਂਪੁਰਸ਼ ਉਤਰ ਸੁਣ ਕੇ ਮੁਸਕਰਾਏ ਅਤੇ ਕਿਹਾ ਕਿ ਇਕ ਗੱਲ ਦੱਸੋ! ਕਿਸੇ ਆਦਮੀ ਦੇ ਪਾਸ ਆਪਣੇ bag ਵਿਚ ਇਕ ਲੱਖ ਰੁਪਿਆ ਪਾਇਆ ਹੋਵੇ, ਉਸ ਨੂੰ ਗਰਮੀ ਦੇ ਮਹੀਨੇ ਜਾਂਦਿਆਂ-ਜਾਂਦਿਆਂ ਪਿਆਸ ਬਹੁਤ ਆਤਰ ਕਰ ਰਹੀ ਹੋਵੇ ਪਰ ਇਸ ਮਾਇਆ ਬਾਰੇ ਵਿ-ਸਿਮ੍ਰਿਤੀ ਹੋ ਗਈ ਹੋਵੇ ਤਾਂ ਸਭ ਕੁਛ ਹੁੰਦਿਆਂ ਹੋਇਆਂ ਵੀ ਉਹ ਪਿਆਸਾ, ਪਿਆਸ ਨਾਲ ਪੀੜਤ ਰਹੇਗਾ। ਜੇ ਉਸ ਨੇ ਆਪਣੀ ਹੁੰਦੀ ਹੋਈ ਮਾਇਆ ਦਾ ਵੀ ਕੋਈ ਲਾਭ ਨਾ ਉਠਾਇਆ, ਤਾਂ ਉਸਦੀ ਮਾਇਆ bag ਵਿਚ ਪਈ ਹੋਈ ਇਕ ਬੋਝ ਹੀ ਹੋਈ। ਇਸੇ ਤਰ੍ਹਾਂ ਨਾਲ ਗੁਰਬਾਣੀ ਦੇ ਅੰਦਰ ਅਨੇਕਾਂ ਹੀ ਵਿਘਨਾਂ ਦੇ ਨਾਸ਼ ਕਰਨ ਵਾਲੇ, ਦੁਖ ਸੰਤਾਪ ਤੋਂ ਖਲਾਸੀ ਕਰਾਉਣ ਵਾਲੇ, ਪ੍ਰਮ ਸੁਖ ਦੇ ਵਿਚ ਲੀਨ ਹੋਣ ਦਾ ਰਸਤਾ ਦੱਸਦੇ ਬੇਅੰਤ ਉਪਦੇਸ਼ ਹਨ। ਜੇ ਉਨ੍ਹਾਂ ਵਲ ਪੂਰੀ ਤਰ੍ਹਾਂ ਨਾਲ ਧਿਆਨ ਨਾ ਦਿਤਾ ਜਾਵੇ ਤਾਂ ਫਿਰ ਉਹ ਯਾਦਦਾਸ਼ਤ ਦੇ ਸਟੋਰ ਵਿਚ ਸਾਂਭੀਆਂ ਕੀਮਤੀ ਚੀਜ਼ਾਂ ਹੀ ਹਨ, ਜੋ ਕੇਵਲ ਸਾਂਭ ਕੇ ਰੱਖੀਆਂ ਹੋਈਆਂ ਹੀ ਹਨ, ਉਨ੍ਹਾਂ ਤੋਂ ਕੋਈ ਫਾਇਦਾ ਨਹੀਂ ਉਠਾਇਆ ਜਾ ਰਿਹਾ। ਚਾਹੀਦਾ ਤਾਂ ਇਹ ਹੈ ਕਿ ਗੁਰੂ ਮਹਾਰਾਜ ਦੇ ਉਪਦੇਸ਼ ਸਦਾ ਹੀ ਹਿਰਦੇ ਵਿਚ ਹਾਜ਼ਰ ਰਹਿਣ। ਮਿਸਾਲ ਦੇ ਤੌਰ ਤੇ ਜਿਵੇਂ ਹੁਣੇ ਹੀ ਪੜ੍ਹਿਆ ਹੈ - ***'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥'*** ਪੜ੍ਹਦੇ ਸਾਰ ਇਸ ਮਹਾਨ ਉਪਦੇਸ਼ ਦਾ ਧੁਰ ਹਿਰਦੇ ਵਿਚ ਪ੍ਰਵੇਸ਼ ਹੋਵੇ ਅਤੇ ਇਕ ਦਮ ਹੌਲ ਪੈ ਜਾਵੇ ਕਿ ਮੈਨੂੰ ਇਹ ਮਨੁੱਖਾ ਦੇਹੀ ਵਾਹਿਗੁਰੂ ਦੀ ਅਪਾਰ ਕ੍ਰਿਪਾ ਦੇ ਨਾਲ ਪ੍ਰਾਪਤ ਹੋਈ ਹੈ ਅਤੇ ਪ੍ਰਭੂ ਪ੍ਰਾਪਤੀ ਵਾਸਤੇ ਮਿਲੀ ਹੈ ਪਰ ਇਸ ਬਾਰੇ ਮੈਂ ਕੁਝ ਵੀ ਨਹੀਂ ਕਰ ਸਕਿਆ। ਮੈਂ ਪ੍ਰਭੂ ਦੀ ਭਗਤੀ ਛੱਡ ਕੇ ਅਵਰ ਕਾਜ ਵਿਚ ਗਲਤਾਨ ਹੋ ਕੇ ਆਪਣਾ ਸਮਾਂ ਵਿਅਰਥ ਹੀ ਗੁਆ ਦਿਤਾ ਹੈ। ਸੋਚਦਿਆਂ, ਕੰਬ ਜਾਣਾ ਚਾਹੀਦਾ ਹੈ ਕਿ ਸਮਾਂ ਅਜਾਈਂ ਲੰਘ ਗਿਆ। ਲੰਘਿਆ ਹੋਇਆ ਵਾਪਸ ਨਹੀਂ ਪਰਤਾਇਆ ਜਾ ਸਕਦਾ। ਨਾ ਤਾਂ ਇਹ ਟੇਪ ਰਿਕਾਰਡ ਦੀ ਰੀਲ੍ਹ ਹੈ ਅਤੇ ਨਾ ਹੀ ਫਿਲਮ ਹੈ ਜਿਸਨੂੰ reverse ਕੀਤਾ ਜਾ ਸਕੇ। ਆਦਮੀ ਦੇ ਮਨ ਵਿਚ ਅਫਸੋਸ ਪੈਦਾ ਹੋ ਜਾਣਾ ਚਾਹੀਦਾ ਹੈ ਕਿ

ਮੈਂ ਅਤਿ ਕੀਮਤੀ ਸਮਾਂ ਅਜਾਈਂ ਬਰਬਾਦ ਕਰ ਦਿਤਾ ਅਤੇ ਮੈਂ ਪ੍ਰਭੂ ਪ੍ਰਾਪਤੀ ਵਾਸਤੇ ਕੁਝ ਵੀ ਨਾ ਕਰ ਸਕਿਆ। ਨਾ ਤਾਂ ਕੋਈ ਪੂਰਨ ਤੱਤ ਬੇਤਾ ਸਾਧੂ, ਗੁਰਮੁਖ, ਰੱਬ ਦਾ ਪਿਆਰਾ ਗੁਰਸਿੱਖ ਹੀ ਮਿਲਿਆ ਜਿਸਦੀ ਸੰਗਤ ਵਿਚ ਮੈਂ ਨਾਮ ਜਪ ਸਕਦਾ। ਹੁਣ ਵੀ ਅਸੀਂ ਇਸ ਮਹਾਂਵਾਕ ਨੂੰ ਪੜ੍ਹ ਕੇ ਕੇਵਲ ਜਾਣਿਆਂ ਹੀ ਹੈ ਕਿ ਮਾਨਸ ਦੇਹ ਮਿਲੀ ਹੈ - ਪ੍ਰਭੂ ਦੀ ਪ੍ਰਾਪਤੀ ਲਈ। ਜੇ ਅਸੀਂ ਇਹ ਜਾਣ ਜਾਈਏ ਕਿ ਡਾਇਨਿੰਗ ਟੇਬਲ ਤੇ ਪਿਆ ਹੋਇਆ ਪ੍ਰਸ਼ਾਦੇ ਦਾ ਥਾਲ ਖਾਣ ਵਾਸਤੇ ਮਿਲਿਆ ਹੈ, ਅਸੀਂ ਅਤਿ ਭੁੱਖੇ ਹੋਈਏ ਤਾਂ ਤੁਸੀਂ ਆਪ ਹੀ ਦੱਸੋ ਕਿ ਇਹ ਜਾਨਣ ਨਾਲ ਖੁਦੀਆ (ਭੁੱਖ) ਨਵਿਰਤ ਹੋ ਜਾਵੇਗੀ ? ਬਿਲਕੁਲ ਇਹੀ ਹਾਲ ਅਸਾਡੇ ਨਾਲ ਵਰਤ ਰਿਹਾ ਹੈ, ਪੜ੍ਹ ਤਾਂ ਲਿਆ - ***'ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।*** ਕੀ ਅਸਰ ਹੋਇਆ ਇਸ ਵਾਕ ਦਾ ਸਾਡੇ ਉਤੇ ? 'ਅਵਰਿ ਕਾਜ ਤੇਰੈ ਕਿਤੈ ਨਾ ਕਾਮ।। **ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।'** ਇਹ ਦੋ ਹਦਾਇਤਾਂ ਹਨ ਪਰ ਇਸਦਾ ਵੀ ਕੋਈ ਅਸਰ ਨਹੀਂ ਹੋਇਆ। ਸੋ ਕੇਵਲ ਜਾਨਣਾ ਹੀ ਕੋਈ ਮਹੱਤਤਾ ਵਾਲੀ ਬਾਤ ਨਹੀਂ ਹੈ, ਇਕ ਵਾਧੂ ਦਾ load (ਭਾਰ) ਹੈ ਜੋ ਅਸੀਂ ਆਪਣੇ ਦਿਮਾਗ ਉਤੇ ਪਾਈ ਰੱਖਦੇ ਹਾਂ।

ਮਹਾਂਪੁਰਸ਼ਾਂ ਦੇ ਇਹ ਬਚਨ ਸੁਣ ਕੇ ਸਾਰਿਆਂ ਨੇ ਨੀਵੀਂ ਪਾ ਲਈ ਅਤੇ ਬਚਨ ਦਾ ਅੰਦਰ ਹੀ ਅੰਦਰ ਨਿਰਣਾ ਕਰਨਾ ਸ਼ੁਰੂ ਕਰ ਦਿਤਾ ਕਿ ਮਹਾਂਪੁਰਸ਼ ਠੀਕ ਹੀ ਆਖ ਰਹੇ ਹਨ। ਅਸੀਂ ਕੇਵਲ ਯਾਦਦਾਸ਼ਤ ਦੇ ਬਲ ਤੇ ਇਹ ਤੁਕਾਂ ਪੜ੍ਹ ਲੈਂਦੇ ਹਾਂ, ਗਾ ਲੈਂਦੇ ਹਾਂ, ਅਰਥ ਕਰ ਲੈਂਦੇ ਹਾਂ ਪਰ ਕਰਿਆ ਤਾਂ ਅਸੀਂ ਕੁਝ ਵੀ ਨਹੀਂ ਨਾ। ਕਰਿਆ ਕੀ ਜਾਵੇ ? ਉਹ ਕਿਹੜੀ ਸ਼ਕਤੀ ਹੈ ਜਿਹੜੀ ਇਸ ਮਹਾਂਵਾਕ ਦੇ ਗਹਿਰੇ ਭਾਵ ਅਸਾਡੇ ਅੰਦਰ ਪ੍ਰਵੇਸ਼ ਨਹੀਂ ਹੋਣ ਦਿੰਦੀ ? ਅਜਿਹੇ ਖਿਆਲ ਅਸਾਨੂੰ ਆ ਰਹੇ ਸਨ ਕਿ ਮਹਾਂਪੁਰਖ ਅਚਾਨਕ ਫੇਰ ਬਚਨ ਕਰਨ ਲੱਗੇ ਕਿ ਪਿਆਰਿਓ ! ਵਾਹਿਗੁਰੂ ਜੀ ਨੇ ਆਪਣੇ ਆਪ ਤੋਂ ਅਨੇਕ ਰੂਪ ਧਾਰ ਕੇ ਨਾਲ ਹੀ ਆਪਣੀ ਮਾਇਆ ਦਾ ਪਸਾਰਾ ਕਰ ਦਿਤਾ ਹੈ -

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ।।***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ।। ਅੰਗ - 537***

ਉਹ ਮਾਇਆ ਦਾ ਕੰਮ ਹੀ ਇਸ ਜੀਵ ਨੂੰ ਅਸਲੀਅਤ ਤੋਂ ਲਾਂਭੇ ਰੱਖਣਾ ਹੈ ਅਤੇ ਘਟ-ਘਟ ਵਿਚ ਵਿਆਪਕ ਅੰਦਰ ਬਾਹਰ ਸਾਰੇ ਪ੍ਰੀਪੂਰਨ ਪ੍ਰਮੇਸ਼ਰ ਦੀ ਅਟੱਲ ਹੋਂਦ ਨੂੰ ਅਣਹੋਂਦ ਵਿਚ ਰੱਖਣਾ ਹੈ ਅਤੇ ਜੀਵ ਭੁੱਲਿਆ ਹੀ ਰਹਿੰਦਾ ਹੈ। ਬੱਦਲਾਂ ਵਿਚ ਜਿਵੇਂ ਬਿਜਲੀ ਚਮਕਦੀ ਹੈ, ਉਸਦਾ ਲਿਸ਼ਕਾਰਾ, ਕੁਝ ਸੈਕਿੰਡ ਵਾਸਤੇ ਰੋਸ਼ਨੀ ਦਿੰਦਾ ਹੈ, ਫਿਰ ਅਲੋਪ ਹੋ ਜਾਵੇ। ਇਸੇ ਤਰ੍ਹਾਂ ਨਾਲ ਮਹਾਂਪੁਰਸ਼ਾਂ ਦੇ ਸਤਿ ਬਚਨ ਘੁਪ ਹਨ੍ਹੇਰ ਦੇ ਵਿਚ ਪ੍ਰਕਾਸ਼ ਲਿਆਉਣ ਲਈ ਲਿਸ਼ਕਾਰਾ ਮਾਰਦੇ ਹਨ ਅਤੇ ਬਹੁਤ ਛੇਤੀਂ ਫੇਰ ਹਨ੍ਹੇਰਾ ਹੋ ਜਾਂਦਾ ਹੈ-

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ।।***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ।। ਅੰਗ - 857***

ਮਾਇਆ ਦਾ ਕੰਮ ਹੀ ਭੁੱਲ ਪਾਉਣਾ ਹੈ ਅਤੇ ਜੀਵ ਦੀਆਂ ਬਿਰਤੀਆਂ ਆਪਣੇ ਮਨਮੋਹਣੇ, ਧੋਖਾ ਦੇਣ ਵਾਲੇ, ਠੱਗ ਲੈਣ ਵਾਲੇ ਰੂਪ ਵਿਚ ਪਰਚਾਅ ਕੇ ਰੱਖਣਾ ਹੀ ਹੈ ਅਤੇ ਇਸ ਦੇ ਅੰਦਰ ਵਾਹਿਗੁਰੂ ਦੇ ਮਿਲਾਪ ਦੀ ਰੁਚੀ ਪੈਦਾ ਨਾ ਹੋਣ ਦੇਣੀ, ਭੁੱਲ ਪਾ ਰੱਖਣੀ; ਇਸ ਮਾਇਆ ਦਾ ਹੀ ਕਰਤੱਵ ਹੈ ਜਿਸ ਦੇ ਨਾਲ ਮਨੁੱਖ ਦੇ ਅੰਦਰਲੀਆਂ ਸ਼ਕਤੀਆਂ ਮਨ, ਬੁੱਧੀ, ਚਿਤ ਰਲੇ ਰਹਿੰਦੇ ਹਨ। ਇਨ੍ਹਾਂ ਦੀ ਮਦਦ ਲਈ ਕਾਮ, ਕ੍ਰੋਧ, ਲੋਭ, ਮੋਹ, ਅਭਿਮਾਨ, ਈਰਖਾ, ਨਿੰਦਾ, ਚੁਗਲੀ, ਦ੍ਵੈਸ਼, ਧੋਖਾ, ਫਰੇਬ, ਪਾਖੰਡ, ਬੁਰਾ ਚਿਤਵਨਾ, ਬੁਰਾ ਕਰਨਾ, ਦੁਖ ਦੇਣਾ, ਅਹਿੰਸਾ, ਤ੍ਰਿਸ਼ਨਾ, ਆਸਾ, ਅੰਦੇਸਾ, ਵਾਸ਼ਨਾਵਾਂ ਆਦਿ ਦੀਆਂ ਅਨੇਕ ਸ਼ਕਤੀਆਂ ਇਸ ਜੀਵ ਨੂੰ ਬੇ-ਵਸ ਕਰਕੇ ਰਖਦੀਆਂ ਹਨ ਅਤੇ ਅਜਿਹੇ ਸੁਨਹਿਰੀ ਉਪਦੇਸ਼ ਨੂੰ ਧੁਰ-ਅੰਦਰ ਜਾਣ ਤੋਂ ਪੂਰੀ ਸ਼ਕਤੀ ਦੇ ਨਾਲ ਰੋਕਦੀਆਂ ਹਨ। ਕਰਿਆ ਕੀ ਜਾਵੇ ? ਇਹ ਜੀਵ ਬੇ-ਵਸ ਇਕੱਲਾ ਹੈ, ਇਸ ਵਿਚ ਇਹ ਤਾਕਤ ਨਹੀਂ ਕਿ ਉਹ ਆਪਣੇ ਅੰਦਰ ਰਹਿ ਰਹੀਆਂ ਮਾਰੂ ਸ਼ਕਤੀਆਂ ਦਾ ਮੁਕਾਬਲਾ ਕਰ ਸਕੇ। ਇਸ ਦੇ ਵਾਸਤੇ ਉਸਨੂੰ ਪੂਰਨ ਮਹਾਂਪੁਰਸ਼, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ, ਬ੍ਰਹਮ ਬਕਤਾ, ਬ੍ਰਹਮਗਿਆਨੀ ਦੀ ਸੰਗਤ ਅਤੇ ਉਸ ਨਾਲ ਪਿਆਰ, ਪ੍ਰੇਮ ਦੀ ਵਰਤੋਂ ਦੀ ਲੋੜ ਹੈ ਕਿਉਂਕਿ ਅਜਿਹੇ ਸਤਿਪੁਰਸ਼ਾਂ ਨੂੰ ਮਿਲ ਕੇ ਤੁਹਾਡੇ ਅੰਦਰ ਕੁਝ ਤਾਕਤ ਉਨ੍ਹਾਂ ਦੇ ਪ੍ਰਭਾਵ ਕਰਕੇ ਆਉਣੀ ਸ਼ੁਰੂ ਹੋ ਜਾਵੇਗੀ ਅਤੇ ਹਨ੍ਹੇਰਾ ਗਾਇਬ (ਖਤਮ) ਹੁੰਦਾ ਲਗੇਗਾ ਅਤੇ ਪ੍ਰਕਾਸ਼ ਦੀ ਕਿਰਨ ਚਮਕਣੀ ਸ਼ੁਰੂ ਹੋ ਜਾਵੇਗੀ ਕਿਉਂਕਿ ਉਨ੍ਹਾਂ ਨਾਲ ਪਿਆਰ ਹੈ। ਉਨ੍ਹਾਂ ਦਾ ਸਤਿਕਾਰ ਹਿਰਦੇ ਵਿਚ ਪ੍ਰਵੇਸ਼ ਕਰੇਗਾ ਅਤੇ ਉਨ੍ਹਾਂ ਦੇ ਕਹੇ ਹੋਏ ਬਚਨਾਂ ਨੂੰ ਪੂਰੀ ਸ਼ਰਧਾ ਦੇ ਨਾਲ, ਦ੍ਰਿੜ੍ਹਤਾ ਦੇ ਨਾਲ ਪਾਲਣ ਦਾ ਜਤਨ ਕਰੇਗਾ। ਗੁਰਮੁਖਾਂ ਦੀ ਸੰਗਤ ਪ੍ਰਾਪਤ ਹੁੰਦੇ ਸਾਰ ਇਹ 'ਆਸਰੀ ਸ਼ਕਤੀਆਂ' ਆਪਣੇ ਆਪ ਹੀ ਅਲੋਪ ਹੋਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਹਨ ਅਤੇ ਫਿਰ ਸਤਿ ਬਚਨਾਂ ਤੇ ਪ੍ਰਤੀਤ ਹੋਣੀ ਸ਼ੁਰੂ ਹੋ ਜਾਂਦੀ ਹੈ। ਗੁਰਮੁਖ ਦਾ ਪਿਆਰ ਪ੍ਰਤੱਖ ਭਾਸਣ ਲਗ ਜਾਂਦਾ ਹੈ। ਤੁਸੀਂ ਸਾਰੇ ਜਾਣਦੇ ਹੀ ਹੋਂ ਕਿ ਇਕ ਚਰਿਤ੍ਰਹੀਣ ਇਸਤ੍ਰੀ ਦਾ ਵਜੂਦ ਜੇ ਮਨ ਵਿਚ ਪ੍ਰਵੇਸ਼ ਹੋ ਜਾਵੇ ਤਾਂ ਆਦਮੀ ਦੇ ਅੰਦਰ ਕਿੰਨੀ ਉਥਲ-ਪੁਥਲ ਹੋਣੀ ਸ਼ੁਰੂ ਹੋ ਜਾਇਆ ਕਰਦੀ ਹੈ; ਕੋਈ ਨੰਗੇਜ ਦਾ ਚਿਤਰ ਅੰਦਰ ਵਸ ਜਾਵੇ ਤਾਂ ਉਸਦੇ ਅਸਰ ਹੇਠ ਆਦਮੀ ਦੇ ਅੰਦਰ ਕਿੰਨੀ ਅਦਲਾ ਬਦਲੀ ਹੁੰਦੀ ਹੈ। ਇਸ ਕਰਕੇ ਗੁਰਮੁਖ ਦੇ ਦਰਸ਼ਨ, ਮਹਾਂਪੁਰਸ਼ਾਂ ਦੀ ਸੰਗਤ, ਮਹਾਂਪੁਰਸ਼ਾਂ ਦੇ ਬਚਨ ਸੁਣਨ ਲਈ ਤਾਕੀਦ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਬਾਰ-ਬਾਰ ਕੀਤੀ ਜਾਂਦੀ ਹੈ। ਇਸ ਵਾਕ ਵਿਚ ਵੀ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ -

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।***
***ਅੰਗ - 12***

ਸੋ ਇਸ ਤਰ੍ਹਾਂ ਨਾਲ ਸਤਿਪੁਰਸ਼ਾਂ ਦੀ ਸੰਗਤ ਦੀ ਬਹੁਤ ਹੀ ਆਵਸ਼ਕਤਾ ਹੈ। ਗੁਰਬਾਣੀ ਦੇ ਅੰਦਰ ਜਦੋਂ ਤੁਸੀਂ ਵਿਚਾਰ ਕਰੋਂਗੇ ਤਾਂ ਇਹ ਫੁਰਮਾਨ ਬਾਰ-ਬਾਰ ਗੁਰੂ ਮਹਾਰਾਜ ਜੀ ਵਲੋਂ ਆਉਂਦੇ ਹੀ ਰਹਿਣਗੇ।

ਮਾਨਸ ਸਰੀਰ ਅਸ਼ਰਫ-ਉਲ-ਮਖਲੂਕਾਤ ਕਹਿਲਾਉਂਦਾ ਹੈ ਅਤੇ ਪ੍ਰਭੂ ਮਿਲਾਪ ਵਾਸਤੇ ਬਹੁਤ ਹੀ ਦੁਰਲਭ ਮੌਕਾ ਹੈ। ਮਨੁੱਖੀ ਸਰੀਰ ਤੋਂ ਇਲਾਵਾ ਪ੍ਰਭੂ ਨੇ ਇਸ earth planet (ਧਰਤੀ) ਉਤੇ ਸਭ 84 ਲੱਖ ਜੂਨੀਆਂ, ਚਾਰ ਖਾਣੀਆਂ ਵਿਚ ਪ੍ਰਗਟ ਕੀਤੀਆਂ ਹਨ। 84 ਲੱਖ ਜੂਨੀਆਂ ਵਿਚ ਬੁੱਧੀਹੀਣਤਾ ਹੋਣ ਕਰਕੇ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਸਕਦੀ ਕਿ ਵਾਹਿਗੁਰੂ ਜੀ ਕੋਈ ਹਨ ਅਤੇ ਉਨ੍ਹਾਂ ਨੂੰ ਮਿਲ ਕੇ ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। 84 ਲੱਖ ਦੀ ਰਚਨਾ ਵਿਚ ਸਿਰਫ ਮਨੁੱਖ ਦੇਹੀ ਹੀ ਇਕ ਐਸੀ ਹੈ ਜਿਸ ਵਿਚ ਪ੍ਰਭੂ ਨੇ ਰਸਤਾ ਰੱਖਿਆ ਹੋਇਆ ਹੈ ਕਿ ਇਹ ਜੀਵ ਮੇਰੇ ਤਕ ਪਹੁੰਚ ਕੇ ਸਾਰੇ ਦੁਖਾਂ ਤੋਂ ਬਰੀ ਹੋ ਸਕੇ। ਕੇਵਲ ਇਸੇ ਸਰੀਰ ਵਿਚ ਉਹ ਅੱਖ provide (ਸ਼ਾਮਲ) ਕੀਤੀ ਹੋਈ ਹੈ ਜਿਸ ਰਾਹੀਂ ਅਸੀਂ ਪ੍ਰਭੂ ਦੇ ਸਾਂਗੋ-ਪਾਂਗ ਦਰਸ਼ਨ ਕਰ ਸਕਦੇ ਹਾਂ ਅਤੇ ਅਸੀਂ ਆਪਣੇ ਬਾਰੇ ਵੀ ਜਾਣ ਸਕਦੇ ਹਾਂ ਕਿ ਅਸੀਂ ਕੌਣ ਹਾਂ। ਇਸ ਸਰੀਰ ਦੀ ਬਣਤਰ ਵਿਚ ਵਾਹਿਗੁਰੂ ਜੀ ਨੇ ਨੌਂ ਦੁਆਰਿਆਂ ਵਾਲਾ ਸਰੀਰ ਰੂਪੀ ਕਿਲਾ ਰਚਿਆ ਹੈ ਜਿਸ ਵਿਚ ਦਸਵਾਂ ਦਰਵਾਜ਼ਾ ਗੁਪਤ ਰੱਖਿਆ ਹੋਇਆ ਹੈ। ਉਹ ਆਪਣੇ ਆਪ ਅੱਜ ਤਕ ਕਿਸੇ ਤੋਂ ਨਹੀਂ ਖੁਲ੍ਹਿਆ ਭਾਵੇਂ ਅਨੇਕਾਂ ਹੀ ਜਤਨ ਤਪਾਂ, ਜਪਾਂ ਦੇ ਮਨੁੱਖ ਨੇ ਕੀਤੇ ਹਨ। ਸੰਸਾਰ ਦੇ ਭਲੇ ਹਿਤ ਵਾਹਿਗੁਰੂ ਜੀ ਨੇ ਮਹਾਂਪੁਰਸ਼ਾਂ, ਆਰਫਾਂ, ਸੰਤਾਂ, ਬ੍ਰਹਮਗਿਆਨੀਆਂ, ਸਾਧੂਆਂ, ਗੁਰਮੁਖਾਂ, ਗੁਰੂਆਂ, ਪੀਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ ਨੂੰ ਸੰਸਾਰ ਤੇ ਭੇਜਿਆ ਕਿ ਉਹ 84 ਲੱਖ ਜੂਨੀਆਂ ਵਿਚ ਭਟਕਦੇ ਜੀਵ ਨੂੰ ਪ੍ਰਭੂ ਮਿਲਾਪ ਦਾ ਰਸਤਾ ਦੱਸ ਕੇ ਉਸਦੀ ਕਲਿਆਣ ਕਰਨ। ਸੋ ਪ੍ਰਭੂ ਮਿਲਾਪ ਦੀ ਜੋ ਚਾਬੀ ਹੈ ਉਹ ਕੇਵਲ ਸਮਰੱਥ ਗੁਰੂ ਕੋਲ ਹੀ ਹੋਇਆ ਕਰਦੀ ਹੈ ਅਤੇ ਸਮਰੱਥ ਗੁਰੂ ਓਹੀਓ ਹੋਇਆ ਕਰਦਾ ਹੈ ਜੋ ਉਸ ਦੁਆਰੇ ਦੀ ਚਾਬੀ ਰਾਹੀਂ ਬੱਜਰ ਕਪਾਟ ਖੋਲ੍ਹ ਕੇ ਪ੍ਰਭੂ ਦੇ ਦਰਸ਼ਨ ਇਸ ਸਰੀਰ ਦੇ ਅੰਦਰੋਂ ਹੀ ਕਰਾ ਦੇਵੇ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ।।*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ।।* *ਅੰਗ - 205*

ਗੁਰੂ ਦੇ ਕੋਲ ਸ਼ਬਦ ਰੂਪੀ ਚਾਬੀ ਹੋਇਆ ਕਰਦੀ ਹੈ। ਸ਼ਬਦ ਤੋਂ ਬਗੈਰ ਅੰਦਰ ਘੁੱਪ ਹਨ੍ਹੇਰ ਪਸਰਿਆ ਰਹਿੰਦਾ ਹੈ; ਸੋਝੀ ਕੋਈ ਨਹੀਂ ਹੁੰਦੀ, ਦ੍ਰਿਸ਼ਟੀ ਕੁਝ ਭੀ ਨਹੀਂ ਆਉਂਦਾ, ਇਹ ਜੀਵ ਹਨ੍ਹੇਰੇ ਵਿਚ ਭਟਕਦਾ ਹੈ। ਜਦੋਂ ਸਮਰੱਥ ਗੁਰੂ ਤੋਂ ਸ਼ਬਦ ਰੂਪੀ ਚਾਬੀ ਮਿਲ ਜਾਵੇ ਤਾਂ ਇਹਦੀ ਵਰਤੋਂ ਕਰਕੇ ਅੰਦਰ ਪ੍ਰਕਾਸ਼ ਹੋ ਜਾਇਆ ਕਰਦਾ ਹੈ ਜਿਸ ਨਾਲ ਅਤਿ ਉਤਮ ਪ੍ਰਭੂ ਦੇ ਦੀਦਾਰੇ ਹੋ ਜਾਂਦੇ ਹਨ ਅਤੇ ਆਪਣੇ ਆਪ ਦੀ ਸੋਝੀ ਹੋ ਜਾਇਆ ਕਰਦੀ ਹੈ -

*ਬਿਨੁ ਸਬਦੈ ਅੰਤਰਿ ਆਨੇਰਾ।।*
*ਨ ਵਸਤੁ ਲਹੈ ਨ ਚੂਕੈ ਫੇਰਾ।।*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ।।*
*ਅੰਗ - 124*

ਸਾਰੇ ਮਤਾਂ-ਮਤਾਂਤਰਾਂ ਦੇ ਆਪੋ ਆਪਣੇ ਤਰੀਕੇ ਹੋਇਆ ਕਰਦੇ ਹਨ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਗੁਰਸਿੱਖ ਮੰਡਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ ਸਤਿਗੁਰੂ ਦਾ ਐਲਾਨ ਕਰਕੇ ਪੰਜ ਪਿਆਰਿਆਂ ਰਾਹੀਂ ਨਾਮ ਦੀ ਦਾਤ ਦੇਣ ਦੀ ਰੀਤ ਪ੍ਰਗਟ ਕੀਤੀ ਅਤੇ ਗੁਰੂ ਘਰ ਦੇ ਮਹਾਂਪੁਰਸ਼ ਤੱਤ ਬੇਤਿਆਂ ਗੁਰਸਿੱਖਾਂ, ਗੁਰਮੁਖਾਂ ਦੀ ਮਦਦ ਨਾਲ ਸ਼ਰਧਾ ਪ੍ਰੇਮ ਵਿਚ ਰਹਿੰਦਿਆਂ ਅਤੇ ਮਹਾਂਪੁਰਸ਼ਾਂ ਨੂੰ ਅਭੇਦ ਅਵਸਥਾ ਵਿਚ ਜਾਣਦਿਆਂ ਪ੍ਰਭੂ ਦਾ ਰੂਪ ਜਾਣ ਕੇ ਪ੍ਰਾਪਤੀਆਂ ਕਰਨ ਦੀ ਤਾਕੀਦ ਕੀਤੀ। ਗੁਰੂ ਮਹਾਰਾਜ ਦਾ ਫੁਰਮਾਨ ਹੈ -

*ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ।।*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ।।*
*ਅੰਗ - 397*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।।*
*ਅੰਗ - 273*

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖ਼ਾਲਸ ਦੇਵ।।*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ।। (ਸਰਬ ਲੋਹ ਗ੍ਰੰਥ 'ਚੋਂ)*

ਸੋ ਇਸ ਕਰਕੇ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹਦਾਇਤਾਂ ਉਪਰ ਪੂਰੀ ਤਰ੍ਹਾਂ ਅਮਲ ਕਰਾਂਗੇ ਤਾਂ ਅਸਾਨੂੰ ਗੁਰ ਸ਼ਬਦ ਰੂਪੀ ਚਾਬੀ ਦੀ ਵਰਤੋਂ ਕਰਕੇ ਆਪਣੀ ਮੰਜ਼ਿਲੇ ਮਕਸੂਦ ਤਕ ਪਹੁੰਚਣ ਦੀ ਸਮਰਥਾ ਹੋ ਜਾਵੇਗੀ। ਮਹਾਂਪੁਰਸ਼ ਦ੍ਰਿੜ੍ਹ ਕਰਾ ਦਿੰਦੇ ਹਨ ਕਿ ਜਿਸ ਪ੍ਰਮੇਸ਼ਰ ਨੂੰ ਤੂੰ ਮਿਲਣਾ ਹੈ, ਉਹ ਸਦਾ ਹੀ ਤੇਰੇ ਨਾਲ ਰਹਿੰਦਾ ਹੈ; ਕਦੇ ਵੀ ਦੂਰ ਨਹੀਂ ਹੁੰਦਾ। ਜਿਵੇਂ ਹਰ ਇਨਸਾਨ ਦਾ ਮੂੰਹ, ਅੱਖ ਅਤੇ ਕੰਨ ਕਦੇ ਵੀ ਦੂਰ ਨਹੀਂ ਹੁੰਦੇ, ਪ੍ਰੰਤੂ ਆਪਣੇ ਮੂੰਹ ਅਤੇ ਅੱਖਾਂ ਦੇਖਣ ਲਈ ਸ਼ੀਸ਼ੇ ਦੀ ਜ਼ਰੂਰਤ ਪੈਂਦੀ ਹੈ। ਹਾਲਾਂਕਿ ਅੱਖਾਂ ਸਾਰਿਆਂ ਨੂੰ ਦੇਖਦੀਆਂ ਹਨ ਪਰ ਆਪਣੇ ਆਪ ਨੂੰ ਨਜ਼ਦੀਕਤਰ ਹੋਣ ਦੇ ਬਾਵਜੂਦ ਵੀ ਨਹੀਂ ਦੇਖ ਸਕਦੀਆਂ। ਦੇਖਣ ਲਈ ਸ਼ੀਸ਼ੇ ਦੀ ਮਦਦ ਦੀ ਜ਼ਰੂਰਤ ਹੈ ਪਰ ਜ਼ਰੂਰੀ ਹੈ ਕਿ ਇਹ ਸ਼ੀਸ਼ਾ ਸਿੱਧਾ ਹੋਵੇ, ਉਲਟਾ ਨਾ ਹੋਵੇ ਅਤੇ ਬਿਲਕੁਲ ਸਾਫ ਹੋਵੇ, ਮੈਲਾ ਨਾ ਹੋਵੇ। ਮੂੰਹ ਦੇ ਸਾਮ੍ਹਣੇ ਸਥਿਤ ਹੋਵੇ, ਐਧਰ ਉਧਰ ਹਿਲਦਾ-ਜੁਲਦਾ ਨਾ ਹੋਵੇ ਤਾਂ ਉਸ ਸ਼ੀਸ਼ੇ ਵਿਚੀਂ ਆਪਣੇ ਮੂੰਹ ਤੇ ਅੱਖਾਂ ਚਿਹਰਾ ਜਿਉਂ ਦਾ ਤਿਉਂ ਨਜ਼ਰ ਆ ਜਾਇਆ ਕਰਦਾ ਹੈ। ਜੇ ਸ਼ੀਸ਼ੇ ਉਤੇ ਮੈਲ ਲਗੀ ਹੋਵੇ ਤਾਂ ਸ਼ੁੱਧ ਚਿਹਰਾ ਨਜ਼ਰ ਨਹੀਂ ਆਉਂਦਾ। ਜੇ ਸ਼ੀਸ਼ੇ ਦੇ ਪਾਲਿਸ਼ ਵਿਚ ਗੜਬੜੀ ਹੋਵੇ ਤਾਂ ਵੀ ਆਪਣਾ ਚਿਹਰਾ ਸਹੀ ਨਜ਼ਰ ਨਹੀਂ ਆਉਂਦਾ। ਵਾਹਿਗੁਰੂ ਜੀ ਬਿਲਕੁਲ ਨਾਲ ਰਹਿੰਦਾ ਹੈ, ਸਾਰਿਆਂ ਦਾ ਆਪਣਾ ਸਰੂਪ ਹੈ, ਨੇੜੇ ਤੋਂ ਨੇੜੇ ਹੈ - ਜਿਵੇਂ ਹਰੇਕ ਦਾ ਮੂੰਹ ਤੇ ਅੱਖਾਂ। ਉਸ ਪ੍ਰਮਾਤਮਾ ਦਾ ਦਰਸ਼ਨ ਅੰਤਸ਼ਕਰਣ ਰੂਪੀ ਸ਼ੀਸ਼ੇ ਰਾਹੀਂ ਹੋਇਆ ਕਰਦਾ ਹੈ। ਪਰ ਜੇ ਬੁੱਧੀ ਵਿਚ ਵਾਹਿਗੁਰੂ ਦੀ ਹੋਂਦ ਦੀ ਭਾਵਨਾ, ਆਸਤਿਕਤਾ ਨਾ ਹੋਵੇ, ਇਸ ਦੇ ਵਿਪਰੀਤ ਨਾਸਤਿਕ ਭਾਵਨਾ ਹੋਵੇ ਅਤੇ ਅੰਤਸ਼ਕਰਣ ਗੰਦੇ ਖਿਆਲਾਂ ਦੀ ਮੈਲ ਨਾਲ ਭਰਿਆ ਹੋਵੇ ਤਾਂ

ਵਾਹਿਗੁਰੂ ਜੀ ਦੇ, ਅੰਦਰ ਨਾਲ ਰਹਿੰਦਿਆਂ ਹੋਇਆਂ ਵੀ ਦਰਸ਼ਨ ਨਹੀਂ ਹੋਇਆ ਕਰਦਾ। ਅੰਤਸ਼ਕਰਣ ਵਿਚ ਵਿਖਸ਼ੇਪ ਦੋਸ਼, ਦਰਸ਼ਨ ਨਹੀਂ ਹੋਣ ਦਿਆ ਕਰਦਾ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦੇ ਵੇਦ ਵਿਆਸ (ਬ੍ਰਹਮਵਿਤ, ਬ੍ਰਹਮ ਨੇਸ਼ਟੀ, ਬ੍ਰਹਮ ਸ੍ਰੋਤਰੀ ਮਹਾਂਪੁਰਸ਼ਾਂ ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਬੀ ਮੰਨੀ ਗਈ ਹੈ।) ਫੁਰਮਾਉਂਦੇ ਹਨ ਕਿ ਪਰਮਪਦ ਦੀ ਪ੍ਰਾਪਤੀ ਵਾਸਤੇ ਨਿਮਨ ਅੰਕਿਤ ਸਾਧਨ, ਮਨਮਤਿ ਛੱਡ ਕੇ ਗੁਰਮਤਿ ਧਾਰ ਕੇ ਕਰਨੇ ਅਤਿਅੰਤ ਜ਼ਰੂਰੀ ਹਨ। ਆਪ ਫੁਰਮਾਨ ਕਰਦੇ ਹਨ –

*ਹਉਂ ਤਿਸ ਘੋਲ ਘੁਮਾਇਆ*
*ਗੁਰਮਤਿ ਰਿਦੈ ਗਰੀਬੀ ਆਵੈ।।*
*ਹਉਂ ਤਿਸ ਘੋਲਿ ਘੁਮਾਇਆ*
*ਪਰ ਨਾਰੀ ਦੇ ਨੇੜਿ ਨ ਜਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਪਰ ਦਰਬੇ ਨੂੰ ਹਥ ਨ ਲਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਪਰ ਨਿੰਦਾ ਸੁਣਿ ਆਪੁ ਹਟਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਸਤਿਗੁਰ ਦਾ ਉਪਦੇਸ਼ ਕਮਾਵੈ।।*
*ਹਉਂ ਤਿਸ ਘੋਲ ਘੁਮਾਇਆ*
*ਥੋੜਾ ਸਵੈ ਥੋੜਾ ਹੀ ਖਾਵੈ।।*
*ਗੁਰਮੁਖ ਸੋਈ ਸਹਜਿ ਸਮਾਵੈ।।*
***ਭਾਈ ਗੁਰਦਾਸ ਜੀ, ਵਾਰ – 12/4***

ਇਸਦੇ ਅੰਦਰ ਛੇ ਸਾਧਨਾਂ ਦਾ ਜ਼ਿਕਰ ਕੀਤਾ ਹੈ – ਪਹਿਲੀ ਵਿਚ ਨਿਮਰਤਾ (ਗਰੀਬੀ) ਆਦਿ ਦੀ, ਦੂਸਰੀ ਦੇ ਅੰਦਰ ਹਦਾਇਤ ਹੈ ਕਿ ਗੁਰਸਿੱਖ ਨੂੰ ਜਤ ਅਤੇ ਬ੍ਰਹਮਚਰਯ ਦਾ ਪਾਲਣ ਕਰਨਾ ਚਾਹੀਦਾ ਹੈ। ਗੁਰੂ ਘਰ ਵਿਚ ਗੁਰਮੁਖ, ਘਰ ਛਡ ਕੇ ਪਹਾੜਾਂ ਦੀਆਂ ਗੁਫਾਵਾਂ ਵਿਚ ਵਾਸ ਨਹੀਂ ਕਰਦੇ ਸਗੋਂ ਘਰ ਵਿਚ ਰਹਿ ਕੇ, ਬਾਲ ਬੱਚਿਆਂ ਵਿਚ ਰਹਿ ਕੇ ਆਪਣੇ ਜਤ ਅਤੇ ਬ੍ਰਹਮਚਰਯ ਦਾ ਪਾਲਣ ਕਰਦੇ ਹਨ –

*ਏਕਾ ਨਾਰੀ ਜਤੀ ਹੋਇ*
*ਪਰ ਨਾਰੀ ਧੀ ਭੈਣ ਵਖਾਣੈ।।*
***ਭਾਈ ਗੁਰਦਾਸ ਜੀ, ਵਾਰ – 6/8***
*ਦੇਖ ਪਰਾਈਆਂ ਚੰਗੀਆਂ*
*ਮਾਵਾਂ ਭੈਣਾਂ ਧੀਆਂ ਜਾਣੈ।।*
***ਭਾਈ ਗੁਰਦਾਸ ਜੀ, ਵਾਰ – 29/11***
*ਪਰਨਾਰੀ ਕੀ ਸੇਜ,*
*ਭੂਲਿ ਸੁਪਨੇ ਹੂੰ ਨ ਜੈਯਹੁ।।*
***(ਰੂਪਕੁਅਰ ਪ੍ਰਥਾਇ, ਪਾ: 10)***
*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।। ਅੰਗ – 274*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।।*
***ਅੰਗ – 315***

ਗ੍ਰਿਹਿਸਤ ਵਿਚ ਸੰਜਮ ਵਰਤਦਾ ਹੋਇਆ, ਆਪਣੇ ਸਰੀਰ ਦੀ ਸ਼ਕਤੀ ਨੂੰ ਬਰਕਰਾਰ ਰੱਖਦਾ ਹੋਇਆ ਮਰਿਯਾਦਾ ਵਿਚ ਰਹਿ ਕੇ ਭਜਨ ਬੰਦਗੀ ਕਰੇ ਅਤੇ ਪਰਾਈ ਇਸਤ੍ਰੀ ਵਲ ਮੰਦ ਨਿਗ੍ਹਾ ਨਾਲ ਨਾ ਤੱਕੇ। ਤੀਸਰੀ ਤੁਕ ਵਿਚ ਫੁਰਮਾਨ ਕਰਦੇ ਹਨ ਕਿ ਪਰਾਏ ਦਰਬ (ਪਰਾਏ ਧਨ) ਨੂੰ ਹੱਥ ਨਾ ਲਾਵੇ। ਆਪਣੀ ਕਿਰਤ ਦੀ ਸੁਚਤਾ ਉਤੇ ਪਹਿਰਾ ਦੇਵੇ ਅਤੇ ਦਸਾਂ ਨੌਹਾਂ ਦੀ ਘਾਲ ਕਮਾਈ ਕਰਕੇ ਜੋ ਕੁਝ ਮਿਲਦਾ ਹੈ, ਉਸ ਤੇ ਸੰਤੋਖ ਕਰਕੇ ਆਪਣਾ ਨਿਰਬਾਹ ਕਰਦਾ ਵਾਹਿਗੁਰੂ ਜੀ ਦਾ ਸ਼ੁਕਰ ਕਰੇ। ਇਸ ਵਿਚ ਪਰਾਏ ਧਨ ਦੀ ਚੋਰੀ, ਖੋਹ–ਖਿੰਝ, ਰਿਸ਼ਵਤ, ਮਿਲਾਵਟਾਂ, ਕਮਿਸ਼ਨ ਅਤੇ ਵੱਡੇ–ਵੱਡੇ ਸਕੈਂਡਲ ਆ ਜਾਂਦੇ ਹਨ। ਚੌਥਾ – ਪਰਾਈ ਨਿੰਦਾ ਕਰਕੇ ਖੁਸ਼ ਨਾ ਹੋਵੇ ਸਗੋਂ ਜੁਗਤ ਦੇ ਨਾਲ ਨਿੰਦਕ ਨੂੰ ਵਰਜ ਕੇ, ਸਹੀ ਰਸਤੇ ਤੇ ਚਲਣ ਦਾ ਉਪਦੇਸ਼ ਦੇਵੇ। ਪੰਜਵਾਂ – ਜੋ ਗੁਰੂ ਨੇ ਉਪਦੇਸ਼ ਦਿਤਾ ਹੈ, ਗੁਰਮੰਤ੍ਰ ਦਿਤਾ ਹੈ, ਉਸਦਾ ਅਭਿਆਸ ਕਰਕੇ ਆਪਣੇ ਜੀਵਨ ਨੂੰ ਉਸ ਮੁਤਾਬਿਕ ਢਾਲੇ। ਛੇਵੇਂ ਵਿਚ ਆਪ ਨੇ ਇਸ਼ਾਰਾ ਕੀਤਾ ਹੈ ਕਿ –

*ਪੇਟੁ ਭਰਿਓ ਪਸੂਆ ਜਿਉ ਸੋਇਓ*
*ਮਨੁਖੁ ਜਨਮੁ ਹੈ ਹਾਰਿਓ।।         ਅੰਗ – 1105*

ਦੀ ਥਾਂ ਤੇ – ***'ਅਲਪ ਅਹਾਰ ਸੁਲਪ ਸੀ ਨਿੰਦ੍ਰਾ'*** ਦੀ ਰਹਿਤ ਧਾਰਨ ਕਰਨੀ ਚਾਹੀਦੀ ਹੈ। ਜਦੋਂ ਇਨ੍ਹਾਂ ਰਹਿਤਾਂ ਨੂੰ ਗੁਰਸਿੱਖ ਅਪਨਾਏਗਾ ਤਾਂ ਸਹਿਜ ਵਿਚ ਸਮਾਈ ਹੋ ਜਾਇਆ ਕਰਦੀ ਹੈ, ਵਾਹਿਗੁਰੂ ਦਾ ਮਿਲਾਪ ਹੋ ਜਾਇਆ ਕਰਦਾ ਹੈ। ਇਸ ਵਾਸਤੇ ਭਾਈ ਗੁਰਦਾਸ ਜੀ ਦੇ ਮੁਤਾਬਿਕ ਮੋਖਸ਼ ਲਈ ਛੇ ਸਾਧਨ ਅਤਿ ਜ਼ਰੂਰੀ ਹਨ –

**1.** ਆਜ਼ਜੀ (ਨਿੰਮ੍ਰਤਾ) **2.** ਜਤ (ਬ੍ਰਹਮਚਰਜ) **3.** ਚੋਰੀ ਰਹਿਤ, ਸੰਤੋਖ **4.** ਪਰਾਈ ਨਿੰਦਾ ਤੋਂ ਰਹਿਤ **5.** ਗੁਰ ਸ਼ਬਦ, ਗੁਰ ਉਪਦੇਸ਼, ਗੁਰਮੰਤ੍ਰ ਦਾ ਅਭਿਆਸ **6.** ਅਲਪ ਅਹਾਰ ਸੁਲਪ ਸੀ ਨਿੰਦ੍ਰਾ।

ਇਸ ਤੋਂ ਸਾਫ ਪਤਾ ਲਗਦਾ ਹੈ ਕਿ ਸਾਨੂੰ ਪ੍ਰਮੇਸ਼ਰ ਦੇ ਦਰਸ਼ਨ ਅਤੇ ਮਿਲਾਪ ਵਾਸਤੇ ਆਪਣੇ ਅੰਤਸ਼ਕਰਣ ਰੂਪੀ ਸ਼ੀਸ਼ੇ ਵਿਚ ਪਏ ਉਪਰ ਕਥੇ ਦੋਸ਼ ਦੂਰ ਕਰਨੇ ਪੈਣਗੇ। ਨਾਸਤਿਕ ਭਾਵਨਾ ਨੂੰ ਦੂਰ ਕਰਕੇ ਅਤੇ ਨਿਸ਼ਕਾਮਤਾ ਨਾਲ ਸ਼ੁਭ ਕਰਮ ਕਰਕੇ ਅੰਤਸ਼ਕਰਣ ਦੀ ਮਲ ਦੂਰ ਹੁੰਦੀ ਹੈ, ਮਨ ਦੀ ਚੰਚਲਤਾ ਦੂਰ ਕਰਨੀ ਚਾਹੀਦੀ ਹੈ। ਤੀਸਰਾ ਆਵਰਨ ਬਾਕੀ ਰਹਿ ਜਾਂਦਾ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਹੀ ਦੂਰ ਹੋਇਆ ਕਰਦਾ ਹੈ। ਇਨ੍ਹਾਂ ਦੋਸ਼ਾਂ ਨੂੰ ਦੂਰ ਕਰਨ ਵਾਸਤੇ ਸਤਿਸੰਗ ਅਤੇ ਗੁਰੂ ਕ੍ਰਿਪਾ ਦੀ ਅਤਿਅੰਤ ਲੋੜ ਹੈ। ਮਹਾਰਾਜ ਜੀ ਦਾ ਫੁਰਮਾਨ ਹੈ –

*ਸਤੁ ਸੰਤੋਖੁ ਲੈ ਲਰਨੇ ਲਾਗਾ*
*ਤੋਰੇ ਦੁਇ ਦਰਵਾਜਾ।।*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ*
*ਪਕਰਿਓ ਗੜ ਕੋ ਰਾਜਾ।।*
*ਭਗਵਤ ਭੀਰਿ ਸਕਤਿ ਸਿਮਰਨ ਕੀ*
*ਕਟੀ ਕਾਲ ਭੈ ਫਾਸੀ।।*
*ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ*
*ਰਾਜੁ ਲੀਓ ਅਬਿਨਾਸੀ।।         ਅੰਗ – 1162*

ਯਾਨਿ ਸ਼ੁਭ ਗੁਣਾਂ ਨੂੰ ਨਾਲ ਲੈ ਕੇ ਜੁੱਧ ਸ਼ੁਰੂ ਕੀਤਾ। ਪੰਜ ਤੱਤਾਂ ਦੇ 25ਗੁਣ ਜੋ ਇਨ੍ਹਾਂ ਦੇ ਇਕ ਦੂਜੇ ਨਾਲ ਮਿਲਕੇ ਬਣਦੇ ਹਨ। ਯਾਨਿ ਕਿ ਪੰਜ ਤੱਤ ਤੇ ੨੫ ਪ੍ਰਾਕ੍ਰਿਤੀਆਂ ਦਾ

ਬਣਿਆ ਹੋਇਆ ਸਰੀਰ, ਦ੍ਵੈਤ ਰੂਪੀ ਦੂਹਰੀ ਦੀਵਾਰ ਦਾ ਕਿਲਾ ਤੇ ਤਿੰਨ ਗੁਣਾਂ ਰੂਪੀ ਤੀਹਰੀ ਖਾਈ ਵਾਲਾ ਕਿਲਾ ਜਿੱਤਣ ਲਈ ਜਗਿਆਸੂ ਨੇ ਜੁੱਧ ਸ਼ੁਰੂ ਕੀਤਾ। ਪੰਜ ਤੱਤਾਂ ਤੇ 25 ਪ੍ਰਾਕ੍ਰਿਤੀਆਂ ਵਾਲੇ ਕਿਲੇ ਵਿਚ ਮੋਹ, ਅਹੰਕਾਰ ਦਾ ਨਸ਼ਾ, ਈਰਖਾ ਵਾਲੀ ਪ੍ਰਬਲ ਮਾਇਆ ਨਾਲ ਵਾਹ ਪਿਆ, ਜਿਥੇ ਇਸ ਜੀਵ ਦਾ ਜ਼ੋਰ ਨਹੀਂ ਪਹੁੰਚ ਸਕਦਾ ਸੀ। ਜੀਵ ਨੇ ਵਾਹਿਗੁਰੂ ਦੀ ਓਟ ਲੈਣ ਵਾਸਤੇ ਅਰਦਾਸ ਕੀਤੀ। ਕਾਮ ਬੂਹੇ ਦਾ ਰਾਖਾ, ਦੁਖ ਸੁਖ ਦੋਨੋਂ ਪਹਿਰੇਦਾਰ ਅਤੇ ਪਾਪ ਪੁੰਨ ਦਾ ਦਰਵਾਜ਼ਾ ਸੀ, ਬਹੁਤ ਰੌਲਾ ਪਾ ਕੇ ਲੜਨ ਵਾਲਾ ਕ੍ਰੋਧ ਇਥੇ ਪ੍ਰਧਾਨ ਸੀ ਅਤੇ ਮਨ ਆਕੀ ਰਾਜਾ ਬਣਿਆ ਹੋਇਆ ਸੀ। ਉਸਨੇ ਵਾਸ਼ਨਾਵਾਂ ਤੇ ਸੁਆਦਾਂ ਦਾ ਜ਼ੱਰਾ ਵਸਤਰ ਪਹਿਨਿਆਂ ਹੋਇਆ ਸੀ। ਮਮਤਾ ਦਾ ਟੋਪ ਅਤੇ ਕੁ-ਬੁੱਧੀ ਦੀ ਕਮਾਨ ਚੜ੍ਹਾਈ ਹੋਈ ਸੀ। ਕੁ-ਬੁੱਧੀ ਦੀ ਕਮਾਨ ਦੇ ਉਤੇ ਤ੍ਰਿਸ਼ਨਾ ਦੇ ਤੀਰ, ਅੰਦਰ ਹੀ ਚਲਨੇ ਸ਼ੁਰੂ ਹੋ ਗਏ। ਜੀਵ ਆਤਮਾ ਇਨ੍ਹਾਂ ਬਹੁਤ ਬਲੀ ਦੁਸ਼ਮਨਾਂ ਦੇ ਘੇਰੇ ਵਿਚ ਆਇਆ ਅਜਿੱਤ ਸੂਰਮੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਾ, ਚੁਗਲੀ, ਅਸ਼ਰਧਾ, ਬੇਪ੍ਰਤੀਤੀ, ਬੇ-ਵਿਸ਼ਵਾਸ਼ੀ, ਨਸ਼ਿਆਂ ਵਿਚ ਗਲਤਾਨ ਹੋਏ ਮਹਾਂ-ਦੁੰਦਰਾਂ ਦਾ ਸਾਮ੍ਹਣਾ ਕਰ ਰਿਹਾ ਸੀ। ਗੁਰੂ ਤੋਂ ਮਦਦ ਮੰਗੀ, ਉਸ ਵੇਲੇ ਗੁਰੂ ਨੇ ਪ੍ਰੇਮ ਦਾ ਪਲੀਤਾ, ਸੁਰਤ ਦੀ ਹਵਾਈ, ਗਿਆਨ ਦਾ ਗੋਲਾ ਜੀਵ ਦੇ ਹਵਾਲੇ ਕਰ ਦਿਤਾ। ਬ੍ਰਹਮ ਦੀ ਅਗਨ ਗੁਰੂ ਨੇ ਪ੍ਰਚੰਡ ਕਰ ਦਿਤੀ ਅਤੇ ਉਸਨੂੰ ਇਨ੍ਹਾਂ ਸ਼ਸਤਰਾਂ ਰਾਹੀਂ ਦੁਸ਼ਮਨਾਂ ਨੂੰ ਮਾਰਨ ਦੀ ਤਾਕੀਦ ਕੀਤੀ। ਇਕੋ ਗੋਲਾ ਚਲਣ ਦੀ ਦੇਰ ਸੀ ਕਿ ਮਨ ਨੇ ਹਥਿਆਰ ਸੁੱਟ ਦਿਤੇ। ਸਤਿ ਸੰਤੋਖ ਦੇ ਅਸਤਰ ਲੈ ਕੇ ਜਦੋਂ ਲੜਿਆ ਤਾਂ ਦੋਏ ਦਰਵਾਜ਼ੇ ਤੋੜ ਸੁੱਟੇ। ਸਾਧੂ ਦੀ ਸੰਗਤ ਤੇ ਗੁਰੂ ਦੀ ਕ੍ਰਿਪਾ ਦੇ ਬਲ ਨਾਲ ਇਸ ਕਿਲੇ ਦਾ ਮਨ ਰਾਜਾ ਫੜ ਲਿਆ ਅਤੇ ਸਤਿਸੰਗ ਰੂਪੀ ਜਗਿਆਸੂਆਂ ਦੀ ਭੀੜ ਦੀ ਸ਼ਕਤੀ ਅਤੇ ਸਿਮਰਨ ਦੀ ਸ਼ਕਤੀ ਨਾਲ ਕਾਲ ਰੂਪੀ ਫਾਂਸੀ ਨੂੰ ਕੱਟ ਦਿਤਾ। ਇਸੇ ਤਰ੍ਹਾਂ ਦੇ ਨਾਲ ਕਿਲੇ ਉਪਰ ਚੜ੍ਹ ਕੇ ਸਾਰੇ ਦੁਸ਼ਮਨ ਫਤਹਿ ਕਰ ਲਏ। ਹੁਣ ਇਸ ਜਗਿਆਸੂ ਨੇ ਨਾਸ਼ ਤੋਂ ਰਹਿਤ ਗੱਦੀ ਪ੍ਰਾਪਤ ਕਰ ਲਈ -

***ਕਿਉ ਲੀਜੈ ਗਢੁ ਬੰਕਾ ਭਾਈ।।***
***ਦੋਵਰ ਕੋਟ ਅਰੁ ਤੇਵਰ ਖਾਈ।।***
***ਪਾਂਚ ਪਚੀਸ ਮੋਹ ਮਦ ਮਤਸਰ***
***ਆਡੀ ਪਰਬਲ ਮਾਇਆ।।***
***ਜਨ ਗਰੀਬ ਕੋ ਜੋਰੁ ਨ ਪਹੁਚੈ***
***ਕਹਾ ਕਰਉ ਰਘੁਰਾਇਆ।।***
***ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ***
***ਪਾਪੁ ਪੁੰਨੁ ਦਰਵਾਜਾ।।***
***ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ***
***ਤਹ ਮਨੁ ਮਾਵਾਸੀ ਰਾਜਾ।।***
***ਸ੍ਵਾਦ ਸਨਾਹ ਟੋਪੁ ਮਮਤਾ ਕੋ***
***ਕੁਬੁਧਿ ਕਮਾਨ ਚਢਾਈ।।***
***ਤਿਸਨਾ ਤੀਰ ਰਹੇ ਘਟ ਭੀਤਰਿ***
***ਇਉ ਗਢੁ ਲੀਓ ਨ ਜਾਈ।।***
***ਪ੍ਰੇਮ ਪਲੀਤਾ ਸੁਰਤਿ ਹਵਾਈ***
***ਗੋਲਾ ਗਿਆਨੁ ਚਲਾਇਆ।।***
***ਬ੍ਰਹਮ ਅਗਨਿ ਸਹਜੇ ਪਰਜਾਲੀ***
***ਏਕਹਿ ਚੋਟ ਸਿਝਾਇਆ।।***
***ਸਤੁ ਸੰਤੋਖੁ ਲੈ ਲਰਨੇ ਲਾਗਾ***
***ਤੋਰੇ ਦੁਇ ਦਰਵਾਜਾ।।***
***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ***
***ਪਕਰਿਓ ਗਢ ਕੋ ਰਾਜਾ।।***
***ਭਗਵਤ ਭੀਰਿ ਸਕਤਿ ਸਿਮਰਨ ਕੀ***
***ਕਟੀ ਕਾਲ ਭੈ ਫਾਸੀ।।***
***ਦਾਸੁ ਕਮੀਰੁ ਚੜਿਓ ਗੜ ਊਪਰਿ***
***ਰਾਜੁ ਲੀਓ ਅਬਿਨਾਸੀ।।   ਅੰਗ - 1161***

ਮਨ ਰਾਜੇ ਤੇ ਕਾਬੂ ਪਾਉਣ ਵਾਸਤੇ ਜ਼ਰੂਰੀ ਹੈ ਕਿ ਸਾਧਸੰਗਤ ਅਤੇ ਗੁਰੂ ਦੀ ਕ੍ਰਿਪਾ ਰੂਪੀ ਮਦਦ ਮਿਲੇ। ਜਿੰਨੀ ਦੇਰ ਤਕ ਮਨ ਦੁਸ਼ਮਨ ਜਿਉਂਦਾ ਹੈ, ਓਨੀ ਦੇਰ ਤਕ ਸਾਰੇ ਦੁਸ਼ਮਨ ਜਿਉਂਦੇ ਹਨ। ਜਦੋਂ ਮਨ ਰਾਜੇ ਨੂੰ ਮਾਤੈਹਿਤ ਕਰ ਲਿਆ ਤਾਂ ਸਾਰੇ ਦੁਸ਼ਮਨ ਹਥਿਆਰ ਸੁੱਟ ਦਿੰਦੇ ਹਨ। ਭਰਥਰੀ ਜੀ ਨੇ ਇਸ ਬਾਰੇ ਦੱਸਿਆ ਹੈ -

***ਮਨ ਰਿਪੁ ਜੀਤੇ ਸਭ ਰਿਪੁ ਜੀਤੇ।।***
***ਮਨ ਰਿਪੁ ਜੀਤੇ ਸਭੁ ਰਿਪੁ ਜੀਤੇ।।***

***(ਬੈਰਾਗ ਸ਼ਤਕ)***

ਪਹਿਲੇ ਵਿਚ 'ਰਿਪੁ' ਮਨ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਜਿੰਨਾਂ ਚਿਰ ਉਹ ਜਿਉਂਦਾ ਹੈ ਤਾਂ ਸਾਰੇ ਦੁਸ਼ਮਨ ਜਿਉਂਦੇ ਹਨ; ਇਸਨੂੰ ਜਿੱਤ ਲਿਆ ਤਾਂ ਸਾਰੇ ਦੁਸ਼ਮਨ ਜਿੱਤ ਲਏ।

ਮਲ, ਵਿਖਸ਼ੇਪ ਤੇ ਆਵਰਨ ਤਿੰਨ ਦੋਸ਼ ਅੰਤਸ਼ਕਰਣ ਵਿਚ ਹੋਣ ਕਰਕੇ ਵਾਹਿਗੁਰੂ ਜੀ ਦੇ ਦਰਸ਼ਨ ਨਹੀਂ ਹੁੰਦੇ। ਇਨ੍ਹਾਂ ਨੂੰ ਖਤਮ ਕਰਨ ਵਾਸਤੇ ਕਰਮ, ਉਪਾਸ਼ਨਾ ਤੇ ਗਿਆਨ ਦੇ ਸਾਧਨ ਕਰਨੇ ਪੈਂਦੇ ਹਨ। ਅੰਤਸ਼ਕਰਣ ਦੀ ਮੈਲ ਨਿਸ਼ਕਾਮ ਕਰਮ ਕਰਨ ਨਾਲ, ਆਪਣੀ ਨੇਕ ਕਮਾਈ ਵਿਚੋਂ ਦਸਵੰਧ ਗੁਰੂ ਘਰ ਵਿਚ ਦੇਣ ਨਾਲ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬਾਣੀ ਪੜ੍ਹਨ ਨਾਲ, ਗੁਰੂ ਅਤੇ ਸਾਧਸੰਗਤ ਦੀ ਸੇਵਾ ਪਿਆਰ ਨਾਲ ਕਰਕੇ ਇਹ ਮਲ ਦਾ ਦੋਸ਼ ਦੂਰ ਹੋਇਆ ਕਰਦਾ ਹੈ। ਜਿਵੇਂ ਸ਼ੀਸ਼ੇ ਨੂੰ ਮਾਰਜਨ ਕਰਨ ਨਾਲ ਸਫਾਈ ਆ ਜਾਂਦੀ ਹੈ, ਇਸੇ ਤਰ੍ਹਾਂ ਨਾਲ ਸ਼ੁਭ ਕਰਮਾਂ ਦੇ ਨਾਲ ਜਦੋਂ ਅਸੀਂ ਅੰਤਸ਼ਕਰਣ ਧੋਂਦੇ ਹਾਂ ਤਾਂ ਮਤਿ ਨਿਖਰ ਜਾਇਆ ਕਰਦੀ ਹੈ -

***ਭਰੀਐ ਮਤਿ ਪਾਪਾ ਕੈ ਸੰਗਿ।।***
***ਓਹੁ ਧੋਪੈ ਨਾਵੈ ਕੈ ਰੰਗਿ।।   ਅੰਗ - 4***

ਵਿਖਸ਼ੇਪ ਨੂੰ ਦੂਰ ਕਰਨ ਵਾਸਤੇ ਮਨ ਨੂੰ ਇਕ point (ਬਿੰਦੂ) ਉਤੇ ਕੇਂਦਰਿਤ ਕਰਨ ਲਈ ਅਸਾਨੂੰ ਧਿਆਨ ਦੀ ਅਤੇ ਸਿਮਰਨ ਦੀ ਮਦਦ ਲੈਣੀ ਪੈਂਦੀ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ।।***

***ਅੰਗ - 864***

ਕਰਨ ਦਾ ਗੁਰੂ ਮਹਾਰਾਜ ਨੇ ਆਦੇਸ਼ ਦਿਤਾ ਹੈ ਜਿਸ ਦੇ ਬਾਰੇ ਇਕ ਸਾਖੀ ਆਉਂਦੀ ਹੈ ਕਿ ਇਕ ਬਹੁਤ ਹੀ ਭਜਨ ਬੰਦਗੀ ਕਰਨ ਵਾਲਾ ਅਭੇਦ ਅਵਸਥਾ ਦਾ ਧਾਰਨੀ ਗੁਰਸਿੱਖ ਭਾਈ ਗੋਂਦਾ ਗੁਰੂ ਸਤਵੇਂ ਪਾਤਸ਼ਾਹ ਦੀ ਚਰਨ ਸ਼ਰਨ ਵਿਚ ਰਿਹਾ ਕਰਦਾ ਸੀ। ਉਹ ਪ੍ਰਵਾਨ ਗੁਰਸਿੱਖਾਂ ਵਿਚੋਂ ਸੀ। ਉਸਦੀ ਕਰਨੀ ਕਮਾਈ ਤੋਂ ਗੁਰੂ ਮਹਾਰਾਜ ਜੀ ਬਹੁਤ ਪ੍ਰਸੰਨ ਸਨ। ਉਹ ਹਰ ਵਕਤ ਗੁਰੂ ਮਹਾਰਾਜ ਦੇ ਸਾਕਾਰ ਸਰੂਪ ਦੇ ਧਿਆਨ ਵਿਚ ਲੀਨ ਰਹਿੰਦਾ ਸੀ ਅਤੇ ਸਭਨਾਂ ਵਿਚ ਭਾਈ ਘਨ੍ਹਈਏ ਵਾਂਗੂੰ ਗੁਰੂ ਨੂੰ ਹੀ ਪ੍ਰਤੱਖ ਰੂਪ ਵਿਚ ਦੇਖਿਆ ਕਰਦਾ ਸੀ। ਗੁਰੂ ਮਹਾਰਾਜ ਜੀ ਨੇ ਉਸਨੂੰ ਕਾਬਲ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਭੇਜ ਕੇ ਫੁਰਮਾਨ ਕੀਤਾ ਕਿ ਭਾਈ ਗੋਂਦਾ! ਤੁਸੀਂ ਕਾਬਲ ਵਿਚ ਜਾਓ। ਜੋ ਦਸਵੰਧ ਸੰਗਤਾਂ ਵਲੋਂ ਪ੍ਰਾਪਤ ਹੋਵੇ, ਉਸ ਨਾਲ ਗੁਰੂ ਕਾ ਲੰਗਰ ਚਲਾ ਕੇ ਭੁੱਖਿਆਂ ਅਤੇ ਲੋੜਵੰਦਾਂ ਨੂੰ ਪ੍ਰਸ਼ਾਦਾ ਛਕਾ ਕੇ ਸੇਵਾ ਕਰੋ। ਜੋ ਬਾਕੀ ਬਚੇ, ਉਹ ਅਸਾਡੇ ਪਾਸ ਪਹੁੰਚਾ ਦਿਆ ਕਰੋ। ਇਹ ਆਦੇਸ਼ ਲੈ ਕੇ ਭਾਈ ਗੋਂਦਾ ਕਾਬਲ ਪਹੁੰਚ ਗਿਆ। ਉਸਦੀ ਘਾਲ ਕਮਾਈ ਅਤੇ ਸਾਧਨਾ ਨੂੰ ਤੱਕ ਕੇ ਅਨੇਕਾਂ ਹੀ ਪ੍ਰਾਣੀਆਂ ਨੇ ਗੁਰਸਿੱਖੀ ਧਾਰਨ ਕਰ ਲਈ। ਇਸ ਤਰ੍ਹਾਂ ਕਾਫੀ ਸਮਾਂ ਲੰਘ ਗਿਆ। ਇਧਰ ਕੀਰਤਪੁਰ ਸਾਹਿਬ ਇਕ ਦਿਨ ਗੁਰੂ ਮਹਾਰਾਜ ਜੀ ਇਸ਼ਨਾਨ ਕਰਕੇ ਸੰਗਤਾਂ ਵਿਚ ਬਿਰਾਜਮਾਨ ਸਨ। ਰਾਗੀ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਮਹਾਰਾਜ ਜੀ ਨਿੱਜ ਪ੍ਰਮਾਤਮ ਸਰੂਪ ਵਿਚ ਲੀਨ ਸਮਾਧਿਸ਼ਟ ਸਨ। ਅੱਜ ਭੋਗ ਪੈਣ ਉਪਰੰਤ ਆਪ ਜੀ ਉਸੇ ਤਰ੍ਹਾਂ ਬੈਠੇ ਰਹੇ, ਕੋਈ ਖਾਣ-ਪਾਣ ਨਾ ਕਰਿਆ ਅਤੇ ਨਾ ਹੀ ਕਿਸੇ ਨਾਲ ਬੋਲੇ। ਸੂਪਕਾਰ ਨੇ ਲੰਗਰ ਤਿਆਰ ਕੀਤਾ। ਗੁਰੂ ਮਹਾਰਾਜ ਜੀ ਪਾਸ ਆ ਕੇ ਲੰਗਰ ਛਕਣ ਲਈ ਬੇਨਤੀ ਕੀਤੀ ਪਰ ਆਪ ਜੀ ਨੇ ਨਾ ਹੀ ਨੇਤਰ ਖੋਲ੍ਹੇ ਅਤੇ ਨਾ ਹੀ ਕੋਈ ਉਤਰ ਦਿਤਾ। ਇਸੇ ਤਰ੍ਹਾਂ ਹੀ ਆਪ ਸੂਰਜ ਛਿਪਣ ਤੋਂ ਦੋ ਘੜੀ ਪਹਿਲਾਂ ਤਕ ਅਚੱਲ ਬਿਰਾਜਮਾਨ ਰਹੇ। ਸੰਗਤ ਹੈਰਾਨ ਸੀ ਕਿ ਗੁਰੂ ਮਹਾਰਾਜ ਜੀ ਅਖੰਡ ਸਮਾਧੀ ਵਿਚ ਬਿਰਾਜਮਾਨ ਰਹੇ। ਦੋ ਘੜੀਆਂ ਰਹਿੰਦੇ ਜਦ ਆਪ ਨੇ ਨੇਤਰ ਖੋਲ੍ਹੇ ਤੇ ਕਿਹਾ 'ਧੰਨ ਸਿੱਖੀ'। ਸੰਗਤ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਕਾਬਲ ਵਿਚ ਭਾਈ ਗੋਂਦਾ ਸਾਡੇ ਸਾਕਾਰ ਸਰੂਪ ਦਾ ਧਿਆਨ ਧਰਦਾ ਹੈ। ਅੱਜ ਉਸਨੇ ਧਿਆਨ ਧਰਦੇ ਹੀ ਸਾਡੇ ਚਰਨ ਆਪਣੇ ਹੱਥਾਂ ਵਿਚ ਲੈ ਲਏ। ਅਸੀਂ ਉਸ ਤੋਂ ਚਰਨ ਕਿਵੇਂ ਛੁਡਾਉਂਦੇ? ਗੁਰਸਿੱਖ ਨੂੰ ਖੇਦ ਹੋਣਾ ਸੀ। ਸੋ ਹੁਣ ਉਹ ਸਮਾਧੀ ਤੋਂ ਉਥਾਨ ਹੋਇਆ ਹੈ ਤਾਂ ਅਸੀਂ ਉਠੇ ਹਾਂ।

ਵਿਸਾਖੀ ਦੇ ਸਮਾਗਮ ਤੇ ਜਦੋਂ ਭਾਈ ਗੋਂਦਾ ਜੀ ਸੰਗਤ ਨੂੰ ਲੈ ਕੇ ਆਏ ਤਾਂ ਕੀਰਤਪੁਰ ਸਾਹਿਬ ਵਾਲੀ ਸੰਗਤ ਦੇ ਪੁੱਛਣ ਤੇ ਕਾਬਲ ਵਾਲੀ ਸੰਗਤ ਨੇ ਦੱਸਿਆ ਕਿ ਭਾਈ ਗੋਂਦਾ ਇਕ ਦਿਨ ਅੰਮ੍ਰਿਤ ਵੇਲੇ ਤੋਂ ਲੈ ਕੇ ਸੂਰਜ ਛਿਪਣ ਤੋਂ ਦੋ ਘੜੀ ਪਹਿਲਾਂ ਅਖੰਡ ਸਮਾਧੀ ਤੋਂ ਉਥਾਨ ਹੋਏ। ਸੋ ਇਸ ਤਰ੍ਹਾਂ ਧਿਆਨ ਵਿਚ ਮਨ ਪੂਰੀ ਤਰ੍ਹਾਂ ਨਾਲ ਲੀਨ ਹੋ ਜਾਂਦਾ ਹੈ ਅਤੇ ਟਿਕ ਜਾਂਦਾ ਹੈ ਜਿਸ ਕਰਕੇ ਹਿਲ-ਜੁਲ ਰੂਪੀ ਵਿਖਸ਼ੇਪਤਾ ਖਤਮ ਹੋ ਜਾਇਆ ਕਰਦੀ ਹੈ। ਇਸਨੂੰ ਦੂਰ ਕਰਨ ਹਿਤ ਭਾਵਲੀਨ ਹੋ ਕੇ ਬਾਣੀ ਪੜ੍ਹਨ ਤੇ ਚਿਤ ਬਿਰਤੀ ਇਕਾਗਰ ਕਰਕੇ ਕੀਰਤਨ ਸੁਣਨਾ ਭੀ ਬਹੁਤ ਹੀ ਲਾਹੇਵੰਦ ਹੁੰਦਾ ਹੈ। ਇਹ ਦੂਸਰਾ ਦੋਸ਼ ਉਪਾਸ਼ਨਾ ਦੇ ਨਾਲ ਦੂਰ ਹੋ ਜਾਇਆ ਕਰਦਾ ਹੈ। ਇਸਨੂੰ ਦੂਰ ਕਰਨ ਵਾਸਤੇ ਸੰਖੇਪ ਵਿਚ ਬਾਣੀ ਦਾ ਭਾਵਲੀਨ ਹੋ ਕੇ ਪਾਠ ਕਰਨਾ, ਨਾਮ ਦਾ ਸਿਮਰਨ ਕਰਨਾ, ਸ਼ਬਦ ਦੀ ਧੁਨ ਵਿਚ ਧਿਆਨ ਲਾਉਣਾ ਅਤੇ ਗੁਰੂ ਦੇ ਸਾਕਾਰ ਸਰੂਪ ਦਾ ਧਿਆਨ ਬਹੁਤ ਲਾਹੇਵੰਦ ਹਨ।

ਉਪਾਸ਼ਨਾ ਦੋ ਤਰ੍ਹਾਂ ਦੀ ਹੁੰਦੀ ਹੈ। ਇਕ 'ਬਹਿਰੰਗ ਉਪਾਸ਼ਨਾ' ਜੋ ਬਾਹਰਲੀਆਂ ਚੀਜ਼ਾਂ, ਆਪਣੇ ਇਸ਼ਟ ਦੀ ਪੂਜਾ ਕਰਨ ਲਈ ਕਰੀਦੀ ਹੈ। ਇਸ ਵਿਚ ਦੁੱਧ ਪਿਲਾਉਣਾ, ਪ੍ਰਸ਼ਾਦਾ ਛਕਾਉਣਾ, ਇਸ਼ਨਾਨ ਕਰਾਉਣਾ, ਵਸਤਰ ਸਾਫ ਕਰਨੇ ਅਤੇ ਅਨੇਕ ਤਰੀਕਿਆਂ ਨਾਲ ਆਪਣੇ ਪ੍ਰਭੂ ਨੂੰ ਸੁੱਖ ਪਹੁੰਚਾਉਣ ਦੀਆਂ ਕਿਰਿਆਵਾਂ ਸ਼ਾਮਿਲ ਹੋਇਆ ਕਰਦੀਆਂ ਹਨ।

ਦੂਜੀ 'ਅੰਤਰੰਗ ਉਪਾਸ਼ਨਾ' ਕੇਵਲ ਧਿਆਨ ਦੇ ਨਾਲ ਹੀ ਹੋ ਸਕਿਆ ਕਰਦੀ ਹੈ।

ਮਸ਼ਹੂਰ ਮਹਾਤਮਾ ਰਾਮਾਨੰਦ ਜੀ, ਜੋ ਕਬੀਰ ਸਾਹਿਬ ਦੇ ਸਤਿਗੁਰੂ ਸਨ, ਇਕ ਵਾਰੀ ਅੰਤਰੰਗ ਉਪਾਸ਼ਨਾ ਕਰ ਰਹੇ ਸਨ। ਆਪ ਜੀ ਨੇ ਆਪਣੇ ਧੇਅ ਦਾ ਇਸ਼ਨਾਨ ਕਰਾ ਕੇ ਵਸਤਰ ਪਹਿਨਾਉਣੇ ਸ਼ੁਰੂ ਕੀਤੇ, ਸੀਸ ਉਪਰ ਮੁਕਟ ਰੱਖ ਦਿਤਾ ਅਤੇ ਆਪ ਵਜੈਂਤੀ ਮਾਲਾ ਪਾਉਣੀ ਭੁੱਲ ਗਏ। ਕਬੀਰ ਸਾਹਿਬ ਬਾਹਰ ਦਰਵਾਜ਼ੇ ਦੇ ਬਾਹਰਵਾਰ ਅੰਤਰ ਧਿਆਨ ਹੋਏ ਬੈਠੇ ਸਨ। ਉਹ ਆਪਣੇ ਯੋਗ ਬਲ ਨਾਲ ਆਪਣੇ ਗੁਰੂ ਦੇ ਆਏ ਸੰਕਟ ਨੂੰ ਵਾਚ ਰਹੇ ਸਨ। ਰਾਮਾਨੰਦ ਜੀ ਮੁਕਟ ਲਾਹ ਕੇ ਮਾਲਾ ਪਾਉਂਦੇ ਹਨ ਤਾਂ ਬੇਅਦਬੀ ਹੁੰਦੀ ਹੈ; ਮੁਕਟ ਸਮੇਤ ਮਾਲਾ ਗਲ ਵਿਚ ਨਹੀਂ ਪਾ ਸਕਦੇ ਕਿਉਂਕਿ ਧਾਗੇ ਦਾ ਘੇਰ ਛੋਟਾ ਹੈ। ਜੇ ਮਾਲਾ ਨਹੀਂ ਪਹਿਨਾਂਦੇ ਤਾਂ ਉਪਾਸ਼ਨਾ ਅਧੂਰੀ ਰਹਿੰਦੀ ਹੈ। ਰਾਮਾਨੰਦ ਜੀ ਅੰਦਰ ਹੀ ਅੰਦਰ ਇਸ ਭੁੱਲ ਕਰਕੇ ਚਿੰਤਾਮਨ ਸਨ। ਕਬੀਰ ਸਾਹਿਬ ਨੇ ਆਪਣੇ ਯੋਗ ਬਲ ਨਾਲ ਸਭ ਕੁਝ ਦੇਖ ਲਿਆ। ਆਪ ਨੇ ਬਾਹਰੋਂ ਹੀ ਆਵਾਜ਼ ਮਾਰ ਕੇ ਕਹਿ ਦਿਤਾ ਕਿ ਮਾਲਾ ਦੀ ਗੰਢ ਖੋਲ੍ਹ ਕੇ ਗਲ ਦੁਆਲੇ ਪਾ ਕੇ ਫੇਰ ਗੱਠ ਦੇ ਦਿਓ। ਸੋ ਦੋ ਤਰ੍ਹਾਂ ਦੀ ਉਪਾਸ਼ਨਾ ਅੰਤਰੰਗ ਅਤੇ ਬਹਿਰੰਗ ਹੋਇਆ ਕਰਦੀ ਹੈ, ਇਸਦੇ ਕਰਨ ਨਾਲ ਮਨ ਦੀ ਵਿਖਸ਼ੇਪਤਾ ਦੂਰ ਹੋ ਜਾਇਆ ਕਰਦੀ ਹੈ।

ਤੀਸਰਾ ਸਾਧਨ ਜੋ ਗਿਆਨ ਕਹਾਉਂਦਾ ਹੈ, ਉਸਦਾ ਅਭਿਆਸ ਸਾਰੇ ਸੰਕਲਪ-ਵਿਕਲਪ ਤੋਂ ਰਹਿਤ ਹੋ ਕੇ ਨਾਮ ਸਿਮਰਨ, ਗੁਰ ਸ਼ਬਦ ਜਾਪ ਰਾਹੀਂ ਸ਼ੁਰੂ ਕਰੋ। ਜਦੋਂ ਫੁਰਨਾ ਆਉਣਾ ਬਿਲਕੁਲ ਬੰਦ ਹੋ ਜਾਵੇ ਉਸ ਤੋਂ ਪਿਛੋਂ ਆਪਣੇ ਆਪ ਨੂੰ ਅਸਥੂਲ, ਸੂਖਸ਼ਮ ਅਤੇ ਕਾਰਨ ਸਰੀਰ ਤੋਂ ਨਿਆਰਾ ਕਰਕੇ ਆਤਮਾ ਮਹਿਸੂਸ ਕਰੋ। ਯਾਨਿ ਜਿਸਮ ਪੰਜ ਪ੍ਰਾਣ, ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਮਨ, ਚਿੱਤ, ਬੁੱਧ; ਇਨ੍ਹਾਂ ਦੇ ਧਰਮਾਂ ਤੋਂ ਨਿਆਰਾ ਆਪਣੇ ਆਪ ਨੂੰ ਨਿਰਾਕਾਰ ਸਤਿ ਚਿੱਤ ਅਨੰਦ

*(ਬਾਕੀ ਪੰਨਾ 39 'ਤੇ)*

# ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਗੁਰੂ ਅਰਜਨ ਪਾਤਸ਼ਾਹ ਜੀ ਨੂੰ ਗੁਰਿਆਈ ਮਿਲੀ, ਪ੍ਰਿਥੀ ਚੰਦ ਜੋ ਉਨ੍ਹਾਂ ਦਾ ਵੱਡਾ ਭਰਾ ਸੀ, ਉਹ ਵਲ ਛਲ ਕਰਕੇ ਗੁਰਿਆਈ ਆਪਣੇ ਪਾਸ ਰੱਖਣ ਦੀ ਸਦਾ ਹੀ ਸੋਚਦਾ ਰਹਿੰਦਾ ਸੀ ਪਰ ਗੁਰੂ ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਗੁਰਿਆਈ ਦੇ ਅਧਿਕਾਰੀ ਗੁਰੂ ਅਰਜਨ ਪਾਤਸ਼ਾਹ ਜੀ ਹੋਏ। ਪ੍ਰਿਥੀ ਚੰਦ ਨੇ ਬਹੁਤ ਬੁਰਾ ਮਨਾਇਆ ਅਤੇ ਉਸਨੇ ਗੁਰਮਤਿ ਪ੍ਰਚਾਰ ਵਿਚ ਬਹੁਤ ਹੀ ਵਿਘਨ ਖੜ੍ਹੇ ਕੀਤੇ। ਸਾਰੀ ਦਸਵੰਧ ਦੀ ਰਕਮ ਜੋ ਮਸੰਦਾਂ ਰਾਹੀਂ ਗੁਰੂ ਕੇ ਖਜ਼ਾਨੇ ਵਿਚ ਪਹੁੰਚਿਆ ਕਰਦੀ ਸੀ, ਉਹ ਆਪਣੇ ਏਜੰਟਾਂ ਰਾਹੀਂ ਆਪ ਹੀ ਉਗਰਾਹ ਲੈਣੀ। ਸੰਗਤਾਂ ਨੂੰ ਰੋਕ ਲੈਣਾ ਪਰ ਲੰਗਰ ਛਕਣ ਵੇਲੇ ਗੁਰੂ ਅਰਜਨ ਪਾਤਸ਼ਾਹ ਜੀ ਪਾਸ ਭੇਜ ਦੇਣਾ। ਆਗਰੇ ਤੋਂ ਭਾਈ ਗੁਰਦਾਸ ਜੀ ਜਦੋਂ ਅੰਮ੍ਰਿਤਸਰ ਪਹੁੰਚੇ ਤਾਂ ਉਨ੍ਹਾਂ ਨੇ ਗੁਰੂ ਕੇ ਲੰਗਰ ਵਿਚ ਮਿੱਸੇ ਪ੍ਰਸ਼ਾਦੇ ਵਰਤਦੇ ਵੇਖ ਕੇ ਸਾਰੀ ਗੱਲ ਮਾਤਾ ਗੰਗਾ ਜੀ ਤੋਂ ਸਮਝ ਲਈ। ਆਪ ਨੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਨੂੰ ਸਮਝਾਉਣ ਦਾ ਜਤਨ ਕੀਤਾ ਕਿ ਗੁਰੂ ਪਦਵੀ ਕਿਸੇ ਦੀ ਵਿਰਾਸਤ ਨਹੀਂ ਹੈ, ਇਹ ਤਾਂ ਅਕਾਲ ਪੁਰਖ ਵਲੋਂ ਬਖਸ਼ਿਸ਼ ਹੈ ਪਰ ਪ੍ਰਿਥੀ ਚੰਦ ਜੀ ਨੇ ਕੋਈ ਗੱਲ ਨਾ ਮੰਨੀ। ਭਾਈ ਗੁਰਦਾਸ ਜੀ ਨੇ ਮੁਖੀ-ਮੁਖੀ ਪ੍ਰਵਾਨ ਗੁਰਸਿੱਖਾਂ ਨੂੰ ਨਾਲ ਲੈ ਕੇ ਸੰਗਤਾਂ ਨੂੰ ਗੁਰਗੱਦੀ ਬਾਰੇ ਗਿਆਤ ਕਰਾਈ। ਸੰਗਤਾਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਉਮੰਡ ਪਈਆਂ।

ਗੁਰੂ ਮਹਾਰਾਜ ਜੀ ਦੀ ਸ਼ਾਦੀ ਹੋਇਆਂ 14 ਸਾਲ ਹੋ ਗਏ ਸਨ ਪਰ ਅਜੇ ਤਕ ਕੋਈ ਸੰਤਾਨ ਨਹੀਂ ਸੀ ਹੋਈ। ਇਕ ਵਾਰੀ ਮਾਤਾ ਗੰਗਾ ਜੀ ਨੂੰ ਪ੍ਰਿਥੀ ਚੰਦ ਦੇ ਘਰੋਂ ਮਾਤਾ ਕਰਮੋ ਨੇ ਬਹੁਤ ਹੀ ਤਾਹਨੇ ਮਾਰੇ ਕਿਉਂਕਿ ਉਸ ਉਪਰ ਮਾਤਾ ਗੰਗਾ ਜੀ ਦੇ ਕੇਸੀ ਇਸ਼ਨਾਨ ਕਰਨ ਉਪਰੰਤ ਕੁਝ ਛਿਟਾਂ ਪਾਣੀ ਦੀਆਂ ਪੈ ਗਈਆਂ ਸਨ। ਉਸਨੇ ਕਿਹਾ ਕਿ ਤੇਰੇ ਤਾਂ ਸੰਤਾਨ ਹੁੰਦੀ ਨਹੀਂ ਤੇ ਮੇਰਾ ਘਰ ਵੀ ਉਜਾੜਨਾ ਚਾਹੁੰਦੀ ਹੈਂ? ਪ੍ਰਿਥੀ ਚੰਦ ਨੇ ਵੀ ਆਪਣੀ ਪਤਨੀ ਨੂੰ ਸਮਝਾਇਆ, ਕਿਹਾ ਕਿ "ਮਾਲ ਹੈ ਅਸਾਡਾ ਅਸਾਂ ਹੈ ਲੈਣਾ, ਨਾ ਇਨ੍ਹਾਂ ਦੇ ਪੁੱਤ, ਨਾ ਧੀ, ਨਾ ਸਾਕ, ਨਾ ਸੈਣਾਂ।" ਮਾਤਾ ਜੀ ਨੇ ਸਾਰੀ ਵਾਰਤਾ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਦੱਸੀ ਅਤੇ ਪੁੱਤਰ ਜਾਚਨਾ ਕੀਤੀ। ਆਪ ਜੀ ਨੇ ਆਪਣੇ ਪੂਰਨ ਬ੍ਰਹਮਗਿਆਨੀ ਗੁਰਮੁਖ ਅਭੇਦ ਅਵਸਥਾ ਦੇ ਬਾਬਾ ਬੁੱਢਾ ਜੀ ਵਲ ਸੰਕੇਤ ਕਰਦਿਆਂ ਫੁਰਮਾਨ ਕੀਤਾ ਕਿ ਅਸੀਂ ਤਾਂ ਸੁਖਮਨੀ ਸਾਹਿਬ ਵਿਚ ਪ੍ਰਗਟ ਕਰਕੇ ਅੰਕਿਤ ਕੀਤਾ ਹੈ -

***ਚਾਰਿ ਪਦਾਰਥ ਜੇ ਕੋ ਮਾਗੈ।।***
***ਸਾਧ ਜਨਾ ਕੀ ਸੇਵਾ ਲਾਗੈ।। ਅੰਗ - 266***

ਸੋ ਤੁਸੀਂ ਗੁਰਸਿੱਖਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੋ। ਉਨ੍ਹਾਂ ਦੇ ਬਚਨ ਹੋ ਗਏ ਤਾਂ ਆਪ ਜੀ ਨੂੰ ਪੁੱਤਰ ਦੀ ਦਾਤ ਜ਼ਰੂਰ ਮਿਲ ਜਾਵੇਗੀ। ਮਾਤਾ ਜੀ ਪੂਰੀ ਸ਼ਰਧਾ ਨਾਲ ਪੈਦਲ ਚਲ ਕੇ ਸਿਰ ਉਪਰ ਪ੍ਰਸ਼ਾਦਾ ਚੁੱਕ ਕੇ ਬਾਬਾ ਜੀ ਪਾਸ ਪਹੁੰਚ ਕੇ ਪ੍ਰਸ਼ਾਦਾ ਛਕਾਇਆ। ਬਾਬਾ ਜੀ ਪ੍ਰਸੰਨ ਹੋ ਗਏ, ਬਚਨ ਕੀਤਾ ਕਿ-

***ਤੁਮਰੇ ਗ੍ਰਿਹਿ ਪ੍ਰਗਟੇਗਾ ਜੋਧਾ,***
***ਜਾਕੋ ਬਲ ਗੁਨ ਕਿਨਹੂੰ ਨ ਸੋਧਾ।***

ਬਾਬਾ ਜੀ ਨੇ ਕਿਹਾ ਕਿ ਜਿਵੇਂ ਮੈਂ ਗੰਢਾ ਭੰਨਿਆ ਹੈ, ਸਾਹਿਬਜ਼ਾਦਾ ਇਸ ਤਰ੍ਹਾਂ ਮੁਗਲਾਂ ਦੇ ਸੀਸ ਭੰਨੇਗਾ। ਪੀਰੀ ਮੀਰੀ ਦੋਨੋਂ ਧਾਰਨ ਕਰੇਗਾ। ਅਣਗਿਣਤ ਸ਼ਤਰੂਆਂ ਨੂੰ ਜੁੱਧ ਦੇ ਮੈਦਾਨ ਵਿਚ ਜਿੱਤਣ ਵਾਲਾ ਹੋਵੇਗਾ। ਗੁਰੂ ਮਹਾਰਾਜ ਜੀ, ਮਾਤਾ ਗੰਗਾ ਜੀ ਤੋਂ ਬਾਬਾ ਜੀ ਵਲੋਂ ਦਿਤੇ ਸ਼ੁਭ ਉਪਦੇਸ਼ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਏ। ਪ੍ਰਿਥੀ ਚੰਦ ਨੇ ਜਾਦੂ ਟੂਣਿਆਂ ਰਾਹੀਂ ਬਹੁਤ ਵਾਰ ਕਰਾਏ ਪਰ ਕੋਈ ਵੀ ਸਫਲ ਨਾ ਹੋਇਆ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਦਾ ਪ੍ਰਕਾਸ਼ 9 ਜੂਨ, 1595 ਨੂੰ ਵਡਾਲੀ ਵਿਖੇ ਹੋਇਆ। ਪ੍ਰਿਥੀ ਚੰਦ ਨੇ ਬਹੁਤ ਹੀ ਘਟੀਆ ਚਾਲਾਂ ਚੱਲੀਆਂ। ਇਕ ਦਾਈ ਨੂੰ ਨੌਕਰ ਰਖਵਾ ਕੇ ਦੁੱਧ ਰਾਹੀਂ ਜ਼ਹਿਰ ਦੇਣ ਦੀ ਵਿਉਂਤ ਬਣਾਈ। ਦਾਈ ਨੇ ਆਪਣੇ ਥਣਾਂ ਨਾਲ ਜ਼ਹਿਰ ਲਾ ਕੇ ਬਾਲ ਹਰਿਗੋਬਿੰਦ ਜੀ ਨੂੰ ਦੁਧ ਪਿਲਾਉਣਾ ਚਾਹਿਆ ਪਰ ਬਾਲ ਦੇ ਰੋਣ ਦੀ ਅਵਾਜ਼ ਸੁਣ ਕੇ ਮਾਤਾ ਜੀ ਸਮੇਂ ਸਿਰ ਪਹੁੰਚ ਗਏ। ਉਹ ਜ਼ਹਿਰ ਕੜਵਾ ਸੀ, ਉਹ ਦਾਈ ਉਸੇ ਜ਼ਹਿਰ ਨਾਲ ਮਰ ਗਈ ਅਤੇ ਦੱਸ ਦਿਤਾ ਕਿ ਮੈਨੂੰ ਪ੍ਰਿਥੀ ਚੰਦ ਨੇ ਭੇਜਿਆ ਸੀ।

ਇਸੇ ਤਰ੍ਹਾਂ ਪ੍ਰਿਥੀ ਚੰਦ ਨੇ ਸਪੇਰੇ ਰਾਹੀਂ ਜ਼ਹਿਰੀਲੇ ਸੱਪਾਂ ਤੋਂ ਮਰਵਾਉਣ ਦੀ ਵਿਉਂਤ ਬਣਾਈ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਉਪਰ ਸੱਪ ਛੱਡ ਦਿਤਾ ਪਰ ਉਨ੍ਹਾਂ ਨੇ ਸੱਪ ਦੀ ਮੁੰਡੀ ਆਪਣੇ ਹੱਥ ਵਿਚ ਭੀਚ ਲਈ ਤੇ ਸੱਪ ਮਰ ਗਿਆ। ਇਸੇ ਤਰ੍ਹਾਂ ਨਾਲ ਇਕ ਬ੍ਰਾਹਮਣ ਰਾਹੀਂ ਦਹੀਂ ਵਿਚ ਜ਼ਹਿਰ ਪਾ ਕੇ ਮਰਵਾਉਣਾ ਚਾਹਿਆ। ਇਹ ਬ੍ਰਾਹਮਣ ਪੇਟ ਵਿਚ ਸੂਲ ਪੈਣ ਨਾਲ ਮਰ ਗਿਆ। ਉਹੀ ਦਹੀਂ ਜਦ ਕੁੱਤੇ ਨੂੰ ਪਾਇਆ ਤਾਂ ਕੁੱਤਾ ਵੀ ਮਰ ਗਿਆ। ਇਤਿਹਾਸਾਂ ਵਿਚ ਲਿਖਿਆ ਹੈ ਕਿ ਆਪ ਜੀ ਦੀ ਬਾਲ ਉਮਰ ਵਿਚ ਅੱਖਰੀ ਵਿਦਿਆ ਭਾਈ ਗੁਰਦਾਸ ਜੀ ਰਾਹੀਂ ਪ੍ਰਾਪਤ ਹੋਈ। ਇਸ ਤੋਂ ਬਿਨਾਂ ਜੋਤਿਸ਼, ਸ਼ਾਸ਼ਤਰ, ਖੇਤੀ ਬਾੜੀ ਤੇ ਨੀਤੀ ਵੀ ਪੜ੍ਹਾਈ, ਘੋੜ ਸਵਾਰੀ, ਨੇਜਾਬੰਦੀ, ਤੀਰ ਅੰਦਾਜ਼ੀ, ਨਿਸ਼ਾਨਾਬਾਜ਼ੀ ਤੇ ਬੰਦੂਕ ਆਦਿ ਵਰਤਣ ਦਾ ਵਲ ਵੀ ਸਿਖਾਇਆ ਗਿਆ। ਯੁੱਧ ਵਿਦਿਆ ਦੀ ਸਿਖਲਾਈ ਭਾਈ ਜੇਠਾ ਜੀ ਨੇ ਕਰਵਾਈ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਸ਼ਹਾਦਤ ਦੇਣ ਲਈ ਲਾਹੌਰ ਜਾਣ ਲੱਗੇ ਤਾਂ ਆਪ ਜੀ ਨੇ ਬਾਬਾ ਬੁੱਢਾ ਜੀ ਨੂੰ ਗੁਰਗੱਦੀ ਦੀ ਰੀਤ ਪੂਰੀ ਕਰਨ ਲਈ ਆਖਿਆ ਤੇ ਬਚਨ ਕੀਤਾ ਕਿ ਸਾਡਾ ਅੰਤ ਸਮਾਂ ਨੇੜੇ ਹੈ। ਭਾਈ ਕੇਸਰ ਸਿੰਘ ਜੀ ਛਿੱਬਰ ਅਨੁਸਾਰ -

***ਹਰਿਗੋਬਿੰਦ ਦੀ ਬਾਹਿ ਪਕੜਾਈ।***

*ਭਾਈ ਗੁਰਦਾਸ ਨੂੰ ਬੈਠ ਸਮਝਾਇਆ।*
*ਸਾਡਾ ਲਗੇਗਾ ਸੀਸ ਇਹ ਨਿਸਚਾ ਆਇਆ।*
*ਅਸਾਂ ਹੋਇਆ ਤੁਰਕਾਂ ਵਿਚ ਜਾਣਾ।*
*ਉਨ੍ਹਾਂ ਕਰਨੀ ਹੈ ਹੁਜਤ।*
*ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾਂ।*
*ਸਰੀਰ ਹੈ ਛੁਟਣਾ, ਸੰਸਾ ਨਹੀਂ ਕੋਈ।*
*ਰਜਾਇ ਖਾਵੰਦ ਦੀ ਹੈ, ਇਸ ਤਰ੍ਹਾਂ ਹੋਈ।*
*ਸਾਹਿਬ ਮਥਾ ਟੇਕ ਵਿਦਿਆ ਹੋਇ ਗਏ।*
*ਦੁਸ਼ਟ-ਚੌਂਕੜੀ ਵਿਚ ਆਵਤ ਭਏ।*
*ਜੁਆਬ ਸੁਆਲ ਬਹੁਤ ਹੀ ਹੋਇਆ।*
*ਭਹੇ ਕੈਦ ਦੁਖ ਪਾਇਆ, ਸੁਖ ਖੋਇਆ।*
*(ਬੰਸਾਵਲੀ ਨਾਮਾ)*

ਲਾਹੌਰ ਨੂੰ ਤੁਰਨ ਵੇਲੇ ਆਪ ਜੀ ਨੇ ਸਮੇਂ ਨੂੰ ਭਾਂਪਦਿਆਂ ਹੋਇਆਂ ਬਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਉਪਦੇਸ਼ ਦਿਤਾ ਕਿ ਬੇਟਾ! ਕਰੜੇ ਸਮੇਂ ਆ ਰਹੇ ਹਨ, ਬਦੀ ਦੀਆਂ ਤਾਕਤਾਂ ਮੁੱਢਲੇ ਹੱਕਾਂ ਦੀ ਜੜ੍ਹ ਵੱਢਣ ਦੇ ਆਹਰ ਵਿਚ ਲੱਗੀਆਂ ਹੋਈਆਂ ਹਨ। ਗੁਰੂ ਨਾਨਕ ਦਾ ਘਰ ਸੰਸਾਰ ਨੂੰ ਸਿਖਾਉਂਦਾ ਹੈ - ਸੱਚ ਤੇ ਜਿਉਣਾ, ਸਭ ਨਾਲ ਪਿਆਰ ਦੀ ਵਰਤੋਂ ਰਖਣੀ ਅਤੇ ਆਪਣੀ ਇਨਸਾਨੀ ਅਣਖ ਅਤੇ ਅਜ਼ਾਦੀ ਦੀ ਰਖਸ਼ਾ ਕਰਨੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਅਸੀਂ ਪੂਰੇ ਅਮਨ ਅਤੇ ਸ਼ਾਂਤਮਈ ਦਾ ਜੀਵਨ ਜਿਉਂਦੇ ਰਹੇ ਹਾਂ, ਇਨਸਾਨ ਦੇ ਅੰਦਰੋਂ ਕਾਲ ਦਾ ਭੈ ਖਤਮ ਕਰਕੇ ਉਸਨੂੰ ਅਕਾਲ ਨਾਲ ਜੋੜਿਆ ਹੈ ਅਤੇ ਮੌਤ ਨੂੰ ਪਾਰ ਕੀਤਾ ਹੈ। ਗੁਰਸਿੱਖਾਂ ਦੇ ਅੰਦਰ ਜੀਵਨ ਜਾਂਚ ਪ੍ਰਗਟ ਹੋ ਗਈ ਹੈ। ਉਹ ਨਾ ਕਿਸੇ ਨੂੰ ਭੈ ਦਿੰਦੇ ਹਨ ਅਤੇ ਨਾ ਕਿਸੇ ਦਾ ਭੈ ਮੰਨਦੇ ਹਨ। ਬੇਟਾ! ਆਦਮੀ ਦੇ ਜੀਵਨ ਵਿਚ ਖੁਸ਼ੀ ਤੇ ਖੇੜਾ ਤਾਂ ਹੀ ਰਹਿ ਸਕਦਾ ਹੈ ਜੇ ਉਹ ਨਾ ਕਿਸੇ ਨੂੰ ਭੈ ਦੇਵੇ ਅਤੇ ਨਾ ਹੀ ਕਿਸੇ ਦਾ ਨਜਾਇਜ਼ ਭੈ ਮੰਨੇ। ਜੀਵਨ ਦਾ ਪ੍ਰਮ ਉਚਾ ਅਸੂਲ ਹੁੰਦਾ ਹੈ ਕਿ ਆਪ ਖੁਸ਼ੀ ਤੇ ਖੇੜਿਆਂ ਵਿਚ ਜੀਵੋ ਤੇ ਦੂਜਿਆਂ ਨੂੰ ਖੁਸ਼ੀਆਂ ਵਿਚ ਜੀਉਣ ਦਿਓ। ਰਾਜੇ ਦਾ ਧਰਮ ਪੂਰਾ ਨਿਆਂ ਕਰਕੇ ਇਨਸਾਨ ਦੇ ਮੁਢਲੇ ਹੱਕਾਂ ਦੀ ਰਾਖੀ ਕਰਨਾ ਹੈ ਪਰ ਇਹ ਮੁਗਲ ਰਾਜੇ ਇਸ ਸੁਨਹਿਰੀ ਅਸੂਲ ਨੂੰ ਭੁੱਲ ਗਏ ਹਨ ਅਤੇ ਨਿਆਂ ਨੂੰ ਛੱਡ ਕੇ ਅਨੇਕਾਂ ਕਿਸਮ ਦੇ ਜ਼ੁਲਮ ਇਨਸਾਨ ਉਤੇ ਢਾਹੇ ਜਾ ਰਹੇ ਹਨ ਜਿਨ੍ਹਾਂ ਨੂੰ ਸਹਿਣਾ ਕਾਇਰਤਾ ਹੋਇਆ ਕਰਦੀ ਹੈ। ਅਸੀਂ ਗੁਰਸਿੱਖ ਨੂੰ ਸੁੱਚਾ ਜੀਵਨ ਜੀਉਣ ਦੀ ਸੋਝੀ ਦਿਤੀ ਹੈ। ਉਸ ਨੇ ਆਪਣੇ ਆਤਮ ਸਰੂਪ ਨੂੰ ਪਛਾਣ ਲਿਆ ਹੈ ਜੋ ਨਾ ਤਲਵਾਰ ਨਾਲ ਕੱਟਿਆ ਜਾ ਸਕਦਾ ਹੈ, ਨਾ ਪਾਣੀ ਵਿਚ ਡੁੱਬ ਸਕਦਾ ਹੈ, ਨਾ ਅੱਗ ਵਿਚ ਜਲ ਸਕਦਾ ਹੈ ਅਤੇ ਨਾ ਹੀ ਕਿਸੇ ਢੰਗ ਨਾਲ ਮਾਰਿਆ ਜਾ ਸਕਦਾ ਹੈ। ਉਹ ਸੰਸਾਰ ਵਿਚ ਕਾਨੂੰਨ ਮੁਤਾਬਿਕ ਰਹਿੰਦਿਆਂ ਦੂਸਰਿਆਂ ਨੂੰ ਸੁੱਖ ਪਹੁੰਚਾਉਣ ਦੇ ਇਛੁਕ ਹਨ। ਹੁਣ ਇਨ੍ਹਾਂ ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਹੈ। ਇਨ੍ਹਾਂ ਨੇ ਇਨਸਾਨਾਂ ਦੇ ਬੁਨਿਆਦੀ ਹੱਕਾਂ ਤੇ ਕੁਹਾੜਾ ਚਲਾ ਕੇ ਉਨ੍ਹਾਂ ਨੂੰ ਅਤਿ ਨਿਰਬਲ ਕਰ ਦਿਤਾ ਹੈ। ਇਨ੍ਹਾਂ ਬੁਨਿਆਦੀ ਅਸੂਲਾਂ ਦੀ ਰਾਖੀ ਹੁਣ ਤਕ ਪਿਆਰ, ਪ੍ਰੇਮ ਤੇ ਸ਼ੁਭ ਉਪਦੇਸ਼ ਦੇ ਕੇ ਕੀਤੀ ਜਾਂਦੀ ਰਹੀ ਹੈ ਪਰ ਹੁਣ ਦਾ ਸ਼ਾਸ਼ਕ ਅੰਨ੍ਹਾ ਬੋਲਾ ਹੋ ਗਿਆ ਹੈ, ਉਹ ਕਿਸੇ ਨਿਆਂ ਦੀ ਬਾਤ ਨੂੰ ਸੁਣਨ ਵਾਸਤੇ ਤਿਆਰ ਨਹੀਂ ਹੈ।

ਸੋ ਇਨਸਾਨ ਸਾਮ੍ਹਣੇ ਦੋ ਹੀ ਰਾਹ ਹਨ - ਇਕ ਤਾਂ ਇਹ ਹੈ ਕਿ ਭੇਡਾਂ, ਬਕਰੀਆਂ, ਵਾਂਗੂੰ ਚੁਪ ਕਰਕੇ ਆਪਣਾ ਗਲਾ ਕਟਵਾਉਣਾ; ਦੂਜਾ ਇਹ ਹੈ ਕਿ ਇਨ੍ਹਾਂ ਹਲਕੇ ਹੋਏ ਬੰਦਿਆਂ ਨੂੰ ਸੁਮੱਤ ਦੇਣ ਲਈ ਸ਼ਕਤੀ ਦੀ ਵਰਤੋਂ ਸੰਸਥਾ ਦੇ ਰੂਪ ਵਿਚ ਕੀਤੀ ਜਾਵੇ। ਅਣਖ ਵਾਲੇ ਬੰਦੇ ਉਭਾਰੇ ਜਾਣ ਅਤੇ ਇਨ੍ਹਾਂ ਦਾ ਸਮੂੰਹ ਇਨ੍ਹਾਂ ਬੇ-ਨਿਆਈਆਂ ਨੂੰ ਦੂਰ ਕਰਨ ਲਈ ਆਪਣਾ ਤਾਣ ਲਾਵੇ। ਜਿਥੇ ਹੁਣ ਤਕ ਸ਼ਾਂਤਮਈ ਅਤੇ ਪਿਆਰ ਦਾ ਉਪਦੇਸ਼ ਦਿਤਾ ਜਾ ਰਿਹਾ ਹੈ, ਉਥੇ ਹੁਣ ਇਸ ਨਾਲ ਸ਼ਕਤੀ ਦੀ ਵੀ ਲੋੜ ਪੈ ਗਈ ਹੈ। ਸੋ ਤੁਸੀਂ ਆਪ ਸ਼ਸ਼ਤਰ ਪਹਿਨਣੇ ਹਨ ਅਤੇ ਸਿੱਖਾਂ ਨੂੰ ਇਕ ਬਹਾਦਰ ਜਥੇਬੰਦੀ ਦੇ ਰੂਪ ਵਿਚ ਸਿਰਜਣਾ ਹੈ। ਉਸ ਦਾ ਧਾਰਮਿਕ ਪੱਖ ਸੰਤ ਦਾ ਹੋਵੇਗਾ ਅਤੇ ਦੁਨਿਆਵੀ ਜੀਵਨ ਇਕ ਮਹਾਨ ਯੋਧੇ ਦਾ ਹੋਣਾ ਚਾਹੀਦਾ ਹੈ। ਅੱਜ ਤੋਂ ਪਹਿਲਾਂ ਭਾਰਤ ਵਰਸ਼ ਵਿਚ ਬੇਅੰਤ ਮਹਾਨ ਹਸਤੀਆਂ ਹੋਈਆਂ ਹਨ ਜਿਨ੍ਹਾਂ ਨੇ ਸੰਨਿਆਸ ਦੀ ਪ੍ਰਾਪਤੀ ਉਪਰੰਤ ਕਰਮਯੋਗ ਨੂੰ ਆਪਣੇ ਜੀਵਨ ਵਿਚ ਢਾਲਿਆ ਹੈ। ਕ੍ਰਿਸ਼ਨ ਮਹਾਰਾਜ, ਸ੍ਰੀ ਰਾਮ ਚੰਦਰ ਜੀ ਪੂਰੀ ਤਰ੍ਹਾਂ ਨਾਲ ਨਿਰਲੇਪ ਰਹਿੰਦੇ ਹੋਏ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਲਈ ਅਤੇ ਬੁਰਿਆਈਆਂ ਦੇ ਖਾਤਮੇ ਲਈ ਦੁਸ਼ਟਾਂ, ਦੂਤਾਂ ਨੂੰ ਸ਼ਸ਼ਤਰਧਾਰੀ ਹੋ ਕੇ ਦੰਡ ਦਿੰਦੇ ਰਹੇ। ਅਸੀਂ ਲਾਹੌਰ ਜਾ ਕੇ ਆਪਣਾ ਸੀਸ ਦੇਣਾ ਹੈ ਕਿਉਂਕਿ ਅਸੀਂ ਬੇਅਸੂਲੀਆਂ ਗੱਲਾਂ ਮੰਨਣੀਆਂ ਨਹੀਂ ਜਿਸਦੇ ਫਲਸਰੂਪ ਅਸਾਨੂੰ ਆਪਣੀ ਸ਼ਹਾਦਤ ਦੇਣੀ ਪਵੇਗੀ।

ਸੋ ਇਸੇ ਤਰ੍ਹਾਂ ਹੋਇਆ ਕਿ ਗੁਰੂ ਮਹਾਰਾਜ ਜੀ ਨੂੰ ਤੱਤੀਆਂ ਤਵੀਆਂ ਤੇ ਬਿਠਾ ਕੇ, ਉਬਲਦੇ ਪਾਣੀਆਂ ਵਿਚ ਉਬਾਲੇ ਦੇ ਕੇ ਸ਼ਹੀਦ ਕਰ ਦਿਤਾ ਗਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਗੱਦੀ ਤੇ ਬੈਠਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਦਸਤਾਰ ਉਪਰ ਕਲਗੀ ਲਾਈ ਗਈ ਅਤੇ ਤਖਤ ਉਤੇ ਬੈਠਣਾ ਸ਼ੁਰੂ ਕਰ ਦਿਤਾ ਗਿਆ। ਕਨਿੰਘਮ ਲਿਖਦਾ ਹੈ ਕਿ ਇਸ ਸ਼ਹਾਦਤ ਦਾ ਪ੍ਰਭਾਵ ਸਿੱਖੀ ਸੋਚ ਉਪਰ ਪਿਆ ਅਤੇ ਕੇਵਲ ਭਗਤੀ ਮਾਰਗ ਨੂੰ ਹੋਰ ਵਧਾ ਕੇ ਨਾਲ ਕੁਰਬਾਨੀ ਦਾ ਮਾਰਗ ਵੀ ਅਪਨਾਉਣਾ ਸ਼ੁਰੂ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਥੋੜ੍ਹੇ ਸਮੇਂ ਵਿਚ ਇਕ ਸੈਨਿਕ ਆਗੂ ਦੇ ਰੂਪ ਵਿਚ ਵੀ ਪ੍ਰਗਟ ਹੋ ਗਏ। ਜਿਥੇ ਆਪ ਸਮਰੱਥ ਸਤਿਗੁਰੂ ਸਨ, ਉਥੇ ਨਾਲ ਹੀ ਸੰਸਾਰ ਦੇ ਭਲੇ ਲਈ ਸ਼ਸਤਰਾਂ ਨਾਲ ਜੂਝ ਕੇ ਕੁਰਬਾਨੀ ਦੇ ਕੇ ਸਰੀਰ ਸਫਲਾ ਕਰਨ ਦੀ ਸਿਖਸ਼ਾ ਵੀ ਦਿੰਦੇ ਰਹੇ। ਸਕਾਟ ਆਪਣੀ ਪੁਸਤਕ ਵਿਚ ਲਿਖਦਾ ਹੈ ਕਿ ਇਨ੍ਹਾਂ ਵਾਹਿਗੁਰੂ ਦੇ ਪੁਜਾਰੀਆਂ ਨੂੰ, ਧਾਰਮਿਕ ਗ੍ਰੰਥ, ਕੇਂਦਰੀ ਧਾਰਮਿਕ ਅਸਥਾਨ, ਅਤੇ ਇਕੋ ਮਰਯਾਦਾ ਦਿਤੀ ਗਈ ਸੀ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਪਿਛੋਂ ਦੁਸ਼ਮਣ ਦਾ ਟਾਕਰਾ ਕਰਨ ਦਾ ਜਜ਼ਬਾ ਵੀ ਉਭਰ ਕੇ ਸਾਮ੍ਹਣੇ ਆਇਆ। ਸਿੱਖ ਸ਼ਸਤਰ ਰੱਖਣ ਲੱਗੇ ਅਤੇ ਬਦੀ ਦੀਆਂ ਤਾਕਤਾਂ ਦਾ ਸਾਥ ਨਾ ਦੇਣ ਦਾ ਇਰਾਦਾ ਬਣਾ ਲਿਆ। ਗੁਰੂ ਮਹਾਰਾਜ ਜੀ ਨੇ ਜਿਥੇ ਸਿੱਖਾਂ ਨੂੰ ਉਚੀਆਂ ਅਵਸਥਾਵਾਂ ਵਿਚ ਪ੍ਰਵੇਸ਼ ਕਰਾਇਆ, ਉਥੇ ਦੇਹ ਹੰਗਤਾ ਪੂਰਨ

ਤੌਰ ਤੇ ਨਾਸ਼ ਕਰਕੇ ਇਸੇ ਦੇਹ ਨੂੰ ਪਰਉਪਕਾਰ ਵਿਚ ਸਫਲ ਕਰਨ ਦੀ ਸੋਝੀ ਦਿਤੀ। ਭਾਈ ਗੁਰਦਾਸ ਜੀ ਆਪਣੀ 39ਵੀਂ ਵਾਰ ਵਿਚ ਬਦਲੀ ਹੋਈ ਹਾਲਤ ਬਾਰੇ ਫੁਰਮਾਨ ਕਰਦੇ ਹਨ-

***ਦਸਤਗੀਰ ਹੁਇ ਪੰਜ ਪੀਰ***
***ਹਰਿ ਗੁਰੁ ਹਰਿਗੋਬਿੰਦ ਅਤੋਲਾ।***
***ਦੀਨ ਦੁਨੀ ਦਾ ਪਾਤਸ਼ਾਹ***
***ਪਾਤਸ਼ਾਹਾਂ ਪਾਤਸ਼ਾਹ ਅਡੋਲਾ।***
***ਪੰਜ ਪਿਆਲੇ ਅਜਰੁ ਜਰਿ ਹੋਇ***
***ਮਸਤਾਨ ਸੁਜਾਣ ਵਿਚੋਲਾ।***
***ਤੁਰੀਆ ਚੜ੍ਹਿ ਜਿਣਿ ਪਰਮਤੱਤੁ***
***ਛਿਅ ਵਰਤਾਰੇ ਕੋਲੋਂ ਕੋਲਾ।***
***ਛਿਅ ਦਰਸ਼ਨ ਛਿਅ ਪੀੜ੍ਹੀਆਂ***
***ਇਕਸੁਦਰਸਨੁ ਅੰਦਰਿ ਗੋਲਾ।***
***ਜਤੀ ਸਤੀ ਸੰਤੋਖੀਆਂ***
***ਸਿਧ ਨਾਥ ਅਵਤਾਰ ਵਿਰੋਲਾ।***
***ਗਿਆਰਹ ਰੁਦ੍ਰ ਸਮੁੰਦ੍ਰ ਵਿਚ***
***ਮਰਿ ਜੀਵੇ ਤਿਸੁ ਰਤਨ ਅਮੋਲਾ।***
***ਬਾਰਹ ਸੋਲਾ ਮੇਲ ਕਰਿ***
***ਵੀਹ ਇਕੀਹ ਚੜ੍ਹਾਉ ਹਿੰਡੋਲਾ।***
***ਅੰਤਰਜਾਮੀ ਬਾਲਾ ਭੋਲਾ।।***

***ਭਾਈ ਗੁਰਦਾਸ ਜੀ, ਵਾਰ 39/3***

ਇਸ ਬਦਲੇ ਹੋਏ ਪ੍ਰੋਗਰਾਮ ਨੇ ਇਕ ਇਨਕਲਾਬ ਲਿਆ ਦਿਤਾ। ਅਣਖ ਨਾਲ ਜ਼ਿੰਦਗੀ ਜੀਉਣ ਦਾ ਸਾਹਸ ਹਰ ਗੁਰਸਿੱਖ ਦੇ ਅੰਦਰ ਪੈਦਾ ਕਰ ਦਿਤਾ। ਹੁਣ ਸੰਗਤਾਂ ਚੰਗੇ ਸ਼ਸ਼ਤਰ, ਸੋਹਣੇ ਘੋੜੇ, ਜੰਗੀ ਸਮਾਨ ਗੁਰੂ ਮਹਾਰਾਜ ਦੀ ਸੇਵਾ ਵਿਚ ਲਿਆਉਣ ਲੱਗੇ। ਹਰ ਰੋਜ਼, ਸਵੇਰ ਸ਼ਾਮ ਦੀਵਾਨ ਲਗਦੇ ਹਨ। ਅੰਮ੍ਰਿਤ ਵੇਲੇ ਵੀ ਦੀਵਾਨ ਵਿਚ ਰੂਹਾਨੀਅਤ ਦਾ ਪੂਰੀ ਤਰ੍ਹਾਂ ਨਾਲ ਪ੍ਰਕਾਸ਼ ਹੁੰਦਾ ਹੈ ਅਤੇ ਸ਼ਾਮ ਦੇ ਦੀਵਾਨ ਵਿਚ ਯੋਧਿਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ। ਗਾਈਆਂ ਦੇ ਵੱਗ, ਸ਼ੇਰਾਂ ਦੇ ਰੂਪ ਧਾਰਨ ਕਰਨ ਲੱਗੇ, ਧਰਮ ਖੇਤੀ ਦੀ ਰਾਖੀ ਲਈ ਬਾੜ ਲਗਾਈ ਜਾਣ ਲੱਗੀ। ਕਈਆਂ ਪ੍ਰੇਮੀਆਂ ਨੂੰ ਇਸ ਬਦਲੀ ਹੋਈ ਰਹੁਰੀਤ ਵਿਚ ਸ਼ੰਕਾ ਪੈਦਾ ਹੋ ਗਿਆ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ 26ਵੀਂ ਵਾਰ ਦੀ 24ਵੀਂ ਪਉੜੀ ਵਿਚ ਲਿਖਦੇ ਹਨ-

***ਧਰਮਸਾਲ ਕਰ ਬਹੀਦਾ***
***ਇੱਕਤ ਥਾਂ ਨ ਟਿਕੈ ਟਿਕਾਯਾ।***
***ਪਾਤਸ਼ਾਹ ਘਰ ਆਂਵਦੇ***
***ਗੜ੍ਹ ਚੜ੍ਹਿਆ ਪਤਿਸ਼ਾਹ ਚੜ੍ਹਾਯਾ।***
***ਉੱਮਤ ਮਹਿਲ ਨ ਪਾਵਦੀ***
***ਨਠਾ ਫਿਰੈ ਨ ਡਰੈ ਡਰਾਯਾ।***
***ਮੰਜੀ ਬਹਿ ਸੰਤੋਖਦਾ***
***ਕੁੱਤੇ ਰੱਖ ਸ਼ਿਕਾਰ ਖਿਲਾਯਾ।***
***ਬਾਣੀ ਕਰ ਸੁਣ ਗਾਂਵਦਾ***
***ਕਥੈ ਨ ਸੁਣੈ ਨ ਗਾਂਵ ਸੁਣਾਯਾ।***
***ਸੇਵਕ ਪਾਸ ਨ ਰੱਖੀਅਨਿ***
***ਦੋਖੀ ਦੁਸ਼ਟ ਆਗੂ ਮੁਹਿ ਲਾਯਾ।***
***ਸੱਚ ਨ ਲੁਕੈ ਲੁਕਾਇਆ***
***ਚਰਣ ਕਵਲ ਸਿੱਖ ਭਵਰ ਲੁਭਾਯਾ।***
***ਅਜਰ ਜਰੈ ਨ ਆਪ ਜਣਾਯਾ।।***

***ਭਾਈ ਗੁਰਦਾਸ ਜੀ, ਵਾਰ - 26/24***

***ਖੇਤੀ ਵਾੜ ਸੁ ਢਿੰਗਰੀ***
***ਕਿੱਕੁਰ ਆਸ ਪਾਸ ਜਿਉਂ ਬਾਗੈ।।***
***ਸੱਪ ਲਪੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।।***
***ਕਵਲੈ ਕੰਡੇ ਜਾਣੀਅਨਿ***
***ਸਿਆਣਾ ਇਕ ਕੋਈ ਵਿਚ ਫਾਗੈ।।***
***ਜਿਉਂ ਪਾਰਸ ਵਿਚ ਪੱਥਰਾਂ***
***ਮਣਿ ਮਸਤਕਿ ਜਿਉਂ ਕਾਲੈ ਨਾਗੈ।।***
***ਰਤਨ ਸੋਹੈ ਗਲ ਪੋਤ ਵਿਚ***
***ਮੈਗਲ ਬੱਧਾ ਕੱਚੈ ਧਾਗੈ।।***
***ਭਾਵ ਭਗਤਿ ਭੁਖ ਜਾਇ ਘਰ***
***ਬਿਦਰ ਖਵਾਲੈ ਪਿੰਨੀ ਸਾਗੈ।।***
***ਚਰਣ ਕਵਲ ਗੁਰ ਸਿੱਖ ਭਉਰ***
***ਸਾਧਸੰਗਤ ਸਹਲੰਗ ਸਭਾਗੈ।।***
***ਪਿਰਮ ਪਿਆਲੈ ਦੁੱਤਰੁ ਝਾਗੈ।।***

***ਭਾਈ ਗੁਰਦਾਸ ਜੀ, ਵਾਰ - 26/25***

ਭਾਈ ਗੁਰਦਾਸ ਜੀ ਨੇ ਜਬਰ ਵਿਰੁੱਧ ਤਲਵਾਰ ਉਠਾਉਣਾ ਧਰਮ ਦਾ ਇਕ ਹਿੱਸਾ ਮੰਨਿਆ। ਆਪ ਨੇ ਪ੍ਰਮਾਣ ਦਿੰਦਿਆਂ ਹੋਇਆਂ ਲਿਖਿਆ ਕਿ ਕਰੜੀ ਚੀਜ਼ ਨੂੰ ਤੋੜਨ ਲਈ ਮਜ਼ਬੂਤ ਹੱਥਾਂ ਦੀ ਲੋੜ ਹੁੰਦੀ ਹੈ। ਖੂਹ 'ਚੋਂ ਪਾਣੀ ਕੱਢਣ ਲਈ ਡੋਲ ਨੂੰ ਰੱਸੀ ਨਾਲ ਬੰਨ੍ਹਣਾ ਪੈਂਦਾ ਹੈ, ਕਾਲੇ ਸੱਪ ਕੋਲੋਂ ਮਣੀ ਹਾਸਲ ਕਰਨ ਲਈ ਸੱਪ ਨੂੰ ਮਾਰਨਾ ਪੈਂਦਾ ਹੈ, ਸੱਪ ਆਪਣੇ ਆਪ ਕਦੇ ਵੀ ਮਣੀ ਦੇਣ ਨੂੰ ਤਿਆਰ ਨਹੀਂ ਹੁੰਦਾ-

***ਜਿਉਂ ਕਰਿ ਖੂਹਹੁ ਨਿਕਲੈ ਗਲਿ ਬੱਧੇ ਪਾਣੀ।***
***ਜਿਉਂ ਮਣਿ ਕਾਲੇ ਸੱਪ***
***ਸਿਰਿ ਹਸਿ ਦੇਇ ਨ ਜਾਣੀ।***
***ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।***
***ਤੇਲ ਤਿਲਹੁ ਕਿਉ ਨਿਕਲੈ***
***ਵਿਣੁ ਪੀੜੇ ਘਾਣੀ।***
***ਜਿਉਂ ਮੁਹ ਭੰਨੇ ਗਰੀ ਦੇ ਨਲੀਏਰੁ ਨੀਸਾਣੀ।***
***ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ।***

***ਭਾਈ ਗੁਰਦਾਸ ਜੀ, ਵਾਰ 34/13***

ਸੁੱਚੀ ਆਤਮ ਖੋਜ ਕਦੇ ਵੀ ਜਗਿਆਸੂ ਨੂੰ ਹੀਣਤਾ ਦੇ ਡੂੰਘੇ ਖੱਡੇ ਵਿਚ ਨਹੀਂ ਸੁਟਿਆ ਕਰਦੀ ਸਗਮਾਂ ਪ੍ਰਫੁਲਤ ਜੀਵਨ, ਸਵੈਮਾਨ ਅਤੇ ਪਰਉਪਕਾਰ ਦੇ ਉਤਸ਼ਾਹ ਵਿਚ ਆਪਣਾ ਜੀਵਨ ਲਾ ਦੇਣ ਦੀ ਅਵਸਥਾ ਪੈਦਾ ਕਰ ਦਿਆ ਕਰਦੀ ਹੈ। ਆਤਮਦਰਸ਼ੀ ਪੁਰਸ਼ ਕਾਲ ਮੰਡਲ ਨੂੰ ਪਾਰ ਕਰਕੇ ਆਪਣੀ ਸੱਚੀ ਹੋਂਦ ਨੂੰ ਪ੍ਰਾਪਤ ਕਰ ਲਿਆ ਕਰਦਾ ਹੈ ਜੋ ਨਾ ਤਲਵਾਰ ਨਾਲ ਕੱਟੀ ਜਾਂਦੀ ਹੈ, ਨਾ ਪਾਣੀ ਵਿਚ ਡੁੱਬਦੀ ਹੈ, ਨਾ ਅੱਗ ਵਿਚ

ਸੜਦੀ ਹੈ ਅਤੇ ਨਾ ਹੀ ਉਸ ਦਾ ਕਦੇ ਕਾਲ ਹੁੰਦਾ ਹੈ; ਸਦੀਵੀ ਜੀਵਨ ਪ੍ਰਾਪਤ ਹੋ ਜਾਂਦਾ ਹੈ। ਆਤਮਦਰਸ਼ੀ ਪੁਰਸ਼ ਦੀ ਦੇਹ ਹੰਗਤਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਇਆ ਕਰਦੀ ਹੈ ਪਰ ਉਹ ਇਸ ਅਮੋਲਕ ਦੇਹ, ਜੋ ਵਾਹਿਗੁਰੂ ਜੀ ਨੇ ਸਾਰੀ ਪ੍ਰਾਕ੍ਰਿਤੀ ਵਿਚੋਂ ਉਤਮ ਬਣਾ ਕੇ ਜੀਵ ਆਤਮਾ ਨੂੰ ਤਰੱਕੀ ਕਰਕੇ ਅਮਰ ਅਵਸਥਾ ਵਿਚ ਪੁੱਜ ਜਾਣ ਲਈ ਇਕ ਸਾਧਨ ਬਣਾ ਕੇ ਬਖਸ਼ੀ ਹੈ, ਦੀ ਸੰਭਾਲ ਕਰਨੋਂ ਆਤਮਦਰਸ਼ੀ ਪੁਰਸ਼ ਹਟਿਆ ਨਹੀਂ ਕਰਦਾ ਸਗੋਂ ਉਸ ਦੇ ਕਰਮ ਤੇ ਗਿਆਨ ਇੰਦਰਿਆਂ, ਮਨ, ਬੁੱਧੀ, ਚਿਤ ਦੀ ਸ਼ੁੱਧ ਵਰਤੋਂ ਕਰਕੇ ਸੰਸਾਰ ਨੂੰ ਸੁਖੀ ਕਰਨ ਲਈ ਗਿਆਨ ਦੀ ਦਾਤ ਵੰਡਿਆ ਕਰਦੇ ਹਨ ਅਤੇ ਇਸੇ ਪਵਿੱਤਰ ਸਰੀਰ ਨੂੰ ਕਿਸੇ ਦੇ ਭਲੇ ਲਈ ਲੇਖੇ ਲਾਉਣ ਵਿਚ ਉਸਨੂੰ ਕੋਈ ਵੀ ਸੰਕੋਚ ਨਹੀਂ ਹੋਇਆ ਕਰਦਾ, ਉਸ ਦੇ ਗਿਆਨ ਚਕਸ਼ੂ ਖੁਲ੍ਹ ਜਾਇਆ ਕਰਦੇ ਹਨ। ਉਹ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਤੋਂ ਭੈ ਮੰਨਦਾ ਹੈ, ਸਰਬੱਤ ਦੇ ਭਲੇ ਵਿਚ ਸਦਾ ਹੀ ਯਾਚਨਾ ਕਰਦਾ ਰਹਿੰਦਾ ਹੈ। ਸਰੀਰ ਉਸਦੇ ਪਾਸ ਪ੍ਰਭੂ ਵਲੋਂ ਬਖਸ਼ੀ ਇਕ ਦਾਤ ਹੋਇਆ ਕਰਦੀ ਹੈ ਜਿਸਨੂੰ ਉਹ ਯੋਗ ਤਰੀਕੇ ਨਾਲ ਵਰਤਦਾ ਹੋਇਆ ਸੰਸਾਰ ਵਿਚ ਵਿਚਰਦਾ ਹੈ। ਜਦੋਂ ਤਕ ਦੇਹ ਹੰਗਤਾ ਹੈ, ਉਸ ਸਮੇਂ ਤੱਕ ਅਸੀਂ ਅਗਿਆਨ ਦੇ ਹਨ੍ਹੇਰੇ ਵਿਚ ਪਏ ਹੋਏ ਆਪਣੇ ਆਪ ਨੂੰ ਹੀ ਦੇਹ ਮੰਨਦੇ ਰਹਿੰਦੇ ਹਾਂ ਅਤੇ ਇਸ ਦੇ ਸਬੰਧ ਵਿਚ ਆਈਆਂ ਹਸਤੀਆਂ ਪੁਤਰ, ਧੀਆਂ, ਕੁਟੰਬੀ ਅਤੇ ਜੜ੍ਹ ਜਾਇਦਾਦਾਂ ਨੂੰ ਅਸੀਂ ਆਪਣੀਆਂ ਮੰਨ ਕੇ ਮੋਹ ਦੇ ਮਹਾਂ ਅੰਧਕਾਰ ਵਿਚ ਫਸੇ ਹੋਏ ਅਗਿਆਨਮਈ ਕਰਮ ਕਰਦੇ ਹਾਂ ਪਰ ਜਿਸ ਨੇ ਨਾਮ ਜਪਣ ਦੀਆਂ ਮੁਸ਼ੱਕਤਾਂ ਘਾਲ ਕੇ ਮੰਜ਼ਲ-ਦਰ-ਮੰਜ਼ਲ ਚੜ੍ਹਾਈ ਕਰਦਿਆਂ ਕਾਲ ਮੰਡਲ ਨੂੰ ਪਾਰ ਕਰ ਲਿਆ, ਉਹ ਆਪਣੇ ਅਸਲੀ ਸਰੂਪ ਨੂੰ ਪਛਾਣ ਜਾਂਦਾ ਹੈ, ਫਿਰ ਇਹ ਦੇਹ ਪਾਕ ਪਵਿੱਤਰ ਹੋ ਜਾਇਆ ਕਰਦੀ ਹੈ। ਮਹਾਰਾਜ ਜੀ ਦਾ ਫੁਰਮਾਨ ਹੈ -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥***
***ਬਿਨੁ ਬੂਝੈ ਤੂੰ ਸਦਾ ਨਾਪਾਕ॥ ਅੰਗ - 374***

ਬਹੁਤ ਸਾਰੇ ਸਾਧੂਆਂ ਦਾ ਵਿਚਾਰ ਹੈ ਕਿ ਜਦੋਂ ਪ੍ਰਾਪਤੀ ਹੋ ਜਾਵੇ ਫੇਰ ਇਹ ਦੇਹ ਰੱਖਣ ਦਾ ਕੋਈ ਲਾਭ ਨਹੀਂ ਹੈ, ਉਹ ਸਰੀਰ ਛੱਡ ਜਾਇਆ ਕਰਦੇ ਹਨ ਪਰ ਗੁਰਮਤਿ ਦੇ ਸਿਧਾਂਤ ਦੇ ਮੁਤਾਬਿਕ ਜਦੋਂ ਹਉਮੈ ਭਾਵ ਪੂਰੀ ਤਰ੍ਹਾਂ ਦੇ ਨਾਲ ਨਾਸ਼ ਹੋ ਗਿਆ ਅਤੇ ਅੰਤਰ ਆਤਮੇ ਨਾਮ ਦਾ ਪ੍ਰਕਾਸ਼ ਖੇੜਿਆਂ ਦੇ ਮੰਡਲ ਵਿਚ ਪ੍ਰਵੇਸ਼ ਕਰ ਗਿਆ ਤਾਂ ਇਸ ਦੁਨੀਆਂ ਤੋਂ ਪ੍ਰਭੂ ਹੁਕਮ ਦੇ ਅੰਦਰ ਪੂਰਾ-ਪੂਰਾ ਲਾਭ ਜਗਿਆਸੂ ਜਨਾਂ ਨੂੰ, ਉਠਾਉਣ ਦਾ ਅਵਸਰ ਦੇਣ ਲਈ ਇਹ ਸਰੀਰ ਇਕ ਸੁਚੱਜਾ Media (ਸਾਧਨ) ਹੋਇਆ ਕਰਦਾ ਹੈ। ਗੁਰੂ ਅਤੇ ਪ੍ਰਭੂ ਇਕ-ਮਿਕ ਹੁੰਦੇ ਹਨ। ਨਿਰਾਕਾਰ ਸਰੂਪ ਪ੍ਰਭੂ ਦਾ ਹੈ ਅਤੇ ਸਾਕਾਰ ਸਰੂਪ ਗੁਰੂ ਦਾ ਹੋਇਆ ਕਰਦਾ ਹੈ। ਗੁਰੂ ਤੇ ਪ੍ਰਭੂ ਇਕ ਰੂਪ ਹੀ ਹੁੰਦੇ ਹਨ-

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ॥ ਅੰਗ - 442***

ਗੁਰੂ ਦਾ ਹੁਕਮ ਅਤੇ ਪ੍ਰਭੂ ਦਾ ਹੁਕਮ ਇਕੋ ਹੀ ਹੋਇਆ ਕਰਦਾ ਹੈ। ਹੁਣ ਛੇਵੇਂ ਜਾਮੇ ਵਿਚ ਗੁਰੂ ਨੂੰ ਭਾਇਆ ਕਿ ਦੁਨੀਆਂ ਜ਼ਾਲਮ ਰਾਜ ਤੋਂ ਦੁਖੀ ਹੈ, ਮਨਾਂ ਦੇ ਉਪਰ ਬਹੁਤ ਵੱਡਾ ਭੈ ਛਾਇਆ ਹੋਇਆ ਹੈ, ਹੋਂਦ ਖਤਰੇ ਵਿਚ ਹੈ, ਜੀਵਨ ਅਧਿਕਾਰ ਮਿੱਟੀ ਵਿਚ ਮਿਲਾ ਦਿਤੇ ਗਏ ਹਨ; ਖੇੜੇ ਦਾ ਕੋਈ ਸਾਹ ਨਹੀਂ ਆਉਂਦਾ, ਉਸਦੀ ਥਾਂ ਡਰ, ਸਹਿਮ, ਬੇਵਿਸ਼ਵਾਸ਼ੀ, ਉਤਸ਼ਾਹਹੀਣਤਾ ਪੂਰੀ ਤਰ੍ਹਾਂ ਨਾਲ ਆਦਮੀ ਦੀ ਹੋਸ਼ ਨੂੰ ਘੇਰੀਂ ਰੱਖਦੀ ਹੈ। ਮਾਨਸ ਜਨਮ ਦੁਰਲੱਭ ਵਸਤੂ ਹੈ - ਪ੍ਰਭੂ ਪ੍ਰਾਪਤੀ ਕਰਨ ਵਾਸਤੇ। ਜੇ ਅੰਦਰ ਵਿਗਾਸ ਦੀ ਥਾਂ ਲੰਮੇ ਹੌਂਕਿਆਂ ਨੇ ਘੇਰੀ ਹੋਈ ਹੈ ਤਾਂ ਰੂਹਾਨੀ ਤਰੱਕੀ ਤੋਂ ਹੀਣਾ ਰਹਿ ਕੇ ਮਨੁੱਖ ਨੇ, ਮਾਨਸ ਜਨਮ ਦਾ ਬਹੁਤ ਚੰਗਾ ਹੱਥ ਆਇਆ ਅਵਸਰ ਗਵਾ ਲਿਆ ਹੈ। ਇਹ ਸਾਰਾ ਕੁਝ ਕਿਉਂ ਹੁੰਦਾ ਹੈ ਕਿਉਂਕਿ ਚਰਿੱਤਰਹੀਣ, ਬੇਵਿਚਾਰ, ਖੁਦਗਰਜ਼, ਦੁਸ਼ਟਤਾਈ ਨਾਲ ਪ੍ਰੀਤ ਰੱਖਣ ਵਾਲੇ ਪੁਰਸ਼ਾਂ ਦੇ ਹੱਥ ਵਿਚ ਅੰਨ੍ਹੀ ਰਾਜਸੀ ਤਾਕਤ ਆ ਗਈ ਹੈ, ਜੋ ਵਿਚਾਰ ਤੋਂ ਹੀਣੇ ਹਨ, ਜਿਨ੍ਹਾਂ ਨੂੰ ਨਿੱਜ ਜੀਵਨ ਤੋਂ ਲਾਂਭੇ ਕੋਈ ਵੀ ਹਿੱਤ ਨਹੀਂ ਹੋਇਆ ਕਰਦਾ। ਉਹ ਨਾ ਕਿਸੇ ਦੀ ਸਵੈਮਾਨਤਾ ਨੂੰ ਜਾਣਦੇ ਹਨ, ਨਾ ਕਿਸੇ ਦੀ ਬਜ਼ੁਰਗੀ ਦੀ ਕਦਰ ਕਰਦੇ ਹਨ, ਨਾ ਹੀ ਕਿਸੇ ਦੀ ਸ਼ਰਾਫਤ ਦਾ ਮੁੱਲ ਪਾਂਦੇ ਹਨ। ਇਸ ਦੀ ਥਾਂ ਉਨ੍ਹਾਂ ਦੇ ਮਨ ਵਿਚ ਹੈਂਕੜਬਾਜ਼ੀ ਦਾ ਤੇ ਨਿੱਜ ਨੂੰ ਪਾਲਣ ਦਾ ਅਧਿਕਾਰ ਪੂਰੀ ਤਰ੍ਹਾਂ ਨਾਲ ਪ੍ਰਵੇਸ਼ ਕਰ ਚੁੱਕਿਆ ਹੁੰਦਾ ਹੈ। ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਇਸ ਘੋਰ ਘੁੱਪ ਹਨ੍ਹੇਰੇ ਮਨਾਂ ਦਾ ਹੀ ਇਕ ਦ੍ਰਿਸ਼ ਸੀ। ਗੁਰੂ ਜਿਥੇ ਮਾਨਸਿਕ ਹਨੇਰ੍ਹੇ ਨੂੰ ਦੂਰ ਕਰਕੇ ਪ੍ਰਭੂ ਨਾਲ ਮਿਲਾਉਂਦਾ ਹੈ, ਉਥੇ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੋਣ ਕਰਕੇ ਦੁਖੀਆਂ ਦੇ ਦੁੱਖ ਨੂੰ ਦੂਰ ਕਰਦਾ ਹੈ ਕਿਉਂਕਿ ਉਹ ਪ੍ਰਭੂ ਹੀ ਤਾਂ ਹੈ ਨਾ।

ਗੁਰੂ ਛੇਵੇਂ ਪਾਤਸ਼ਾਹ ਵੇਲੇ ਅੰਧਕਾਰ ਦੀ ਹੱਦ ਆ ਚੁਕੀ ਸੀ ਅਤੇ ਦੁਸ਼ਟਤਾਈ ਹਲਕੇ ਕੁੱਤਿਆਂ ਵਾਂਗੂੰ ਬੇਵਿਚਾਰੇ ਚੱਕ ਮਾਰ ਰਹੀ ਸੀ। ਹੁਣ ਦੋ ਹੀ ਰਸਤੇ ਮਨੁੱਖ ਕੋਲ ਹਨ - ਇਕ ਤਾਂ ਇਹ ਹੈ ਕਿ ਉਹ ਨਿਰ-ਸਾਹਸ ਹੋ ਉਤਸ਼ਾਹ-ਹੀਣਤਾ ਵਿਚ ਡੁੱਬਿਆ ਹੋਇਆ, ਹਲਕੇ ਹੋਏ ਕੁੱਤਿਆਂ ਦੀ ਹਵਸ ਦਾ ਸ਼ਿਕਾਰ ਬਣ ਜਾਵੇ ਜਾਂ ਫਿਰ ਆਪਣੇ ਆਪ ਨੂੰ ਮਜ਼ਬੂਤ ਕਰਕੇ ਇਨ੍ਹਾਂ ਕੁੱਤਿਆਂ ਦਾ ਮੁਕਾਬਲਾ ਕਰੇ। ਇਸ ਤਰ੍ਹਾਂ ਨਾਲ ਮੁਗਲ ਸ਼ਾਸ਼ਕ, ਉਸ ਵੇਲੇ ਦਾ ਹਾਕਮ ਵਰਗ, ਬੇਲਗਾਮਾਂ ਹੋ ਚੁੱਕਿਆ ਸੀ। ਬਿਨਾਂ ਕਿਸੇ ਕਸੂਰ ਤੋਂ ਗੁਰੂ ਪੰਜਵੇਂ ਪਾਤਸ਼ਾਹ ਜੀ ਦੀ ਮਹਾਂ ਨਿੰਦਨੀ ਸ਼ਹਾਦਤ ਦਾ ਕਾਰਨ ਬਣਿਆ। ਗੁਰੂ ਛੇਵੇਂ ਪਾਤਸ਼ਾਹ ਜੀ ਨੇ ਸਮੇਂ ਨੂੰ ਪਛਾਣਦਿਆਂ ਤੱਤ ਬੇਤੇ ਮਹਾਂਪੁਰਸ਼ਾਂ ਦੇ ਸਮੂੰਹ ਨੂੰ ਸ਼ਕਤੀ ਦੇ ਪ੍ਰਯੋਗ ਵਿਚ ਪਾਇਆ ਅਤੇ ਮੁਢਲੇ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਣ ਲਈ ਭੇਡਾਂ, ਬਕਰੀਆਂ ਵਾਂਗੂੰ ਕੱਟ ਜਾਣ ਦੀ ਥਾਂ ਸ਼ੇਰਾਂ ਵਾਂਗੂੰ ਮੁਕਾਬਲਾ ਕਰਨ ਦੀ ਜਾਚ ਦੱਸੀ। ਜਦੋਂ ਸ਼ਾਸ਼ਕ ਅੰਨ੍ਹਾ ਬੋਲਾ ਹੋ ਜਾਵੇ ਤਾਂ ਜਨਤਾ ਦਾ ਪ੍ਰਮ ਪਵਿੱਤਰ ਫਰਜ਼ ਬਹਾਦਰੀ ਨਾਲ ਆਪਣੀ ਰਾਖੀ ਕਰਨਾ ਹੋਇਆ ਕਰਦਾ ਹੈ। ਅਜਿਹੀ ਹਾਲਤ ਵਿਚ ਸ਼ਸਤਰ ਚੁੱਕ ਕੇ ਆਪਣੀ ਰਾਖੀ ਕਰਨਾ ਹੀ ਧਰਮ ਦਾ ਅੰਗ ਹੋਇਆ ਕਰਦਾ ਹੈ।

ਬੁਜ਼ਦਿਲੀ, ਭੈ, ਹੀਣਤਾ ਭਾਵ ਪਾਪ ਹੋਇਆ ਕਰਦੇ ਹਨ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਜਫ਼ਰਨਾਮੇ ਵਿਚ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਹੈ ਕਿ -

***ਚੁ ਕਾਰ ਅੱਜ਼ ਹਮਹ ਹੀਲਤੇ ਦਰ ਗੁਜ਼ਸਤ,***
***ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।***

***(ਜ਼ਫ਼ਰਨਾਮਾ 22 ਨੰ:)***

ਜਦੋਂ ਸਾਰੇ ਹੀਲੇ ਅਮਨ ਕਾਇਮ ਕਰਨ ਦੇ ਖਤਮ ਹੋ ਜਾਣ ਤਾਂ ਆਪਣੀ ਰਖਸ਼ਾ ਵਾਸਤੇ ਸ਼ਸਤਰ ਚੁੱਕ ਲੈਣਾ ਉਤਮ ਧਰਮ ਹੋਇਆ ਕਰਦਾ ਹੈ। ਇਹ ਇਕ ਪ੍ਰਸ਼ਨ ਹੈ ਜੋ ਬਹੁਤ ਸਾਰੇ ਰੂਹਾਨੀ ਬੰਦਿਆਂ ਦੇ ਮਨ ਵਿਚ ਆਇਆ ਕਰਦਾ ਹੈ ਕਿ ਸਿੱਖਾਂ ਵਰਗੀ ਸਾਧੂਆਂ ਦੀ ਜਮਾਤ ਨੇ ਸ਼ਸਤਰ ਧਾਰਨ ਕਿਉਂ ਕਰ ਲਏ ਜਿਸ ਬਾਰੇ ਉਪਰ ਵਿਚਾਰ ਕੀਤੀ ਗਈ ਹੈ; ਕਦੇ ਸਮਾਂ ਆਉਣ ਤੇ ਇਸ ਪ੍ਰਸ਼ਨ ਨੂੰ ਵਿਸਥਾਰ ਪੂਰਵਕ ਵਿਚਾਰਿਆ ਜਾਵੇਗਾ।

ਗੁਰੂ ਮਹਾਰਾਜ ਜੀ ਨੇ ਇਨ੍ਹਾਂ ਬਦਲੇ ਹਾਲਾਤ ਵਿਚ ਅੰਦਰੂਨੀ ਰੂਹਾਨੀ ਚੜ੍ਹਾਈ ਦੇ ਨਾਲ ਹੀ ਸਰੀਰਕ ਬਲ ਨੂੰ ਪੂਰੀ ਤਰ੍ਹਾਂ ਕਾਇਮ ਰੱਖਣ ਅਤੇ ਸ਼ਸਤਰ ਵਿਦਿਆ ਦਾ ਪ੍ਰਯੋਗ ਕਰਨ ਦਾ ਉਤਸ਼ਾਹ ਬਖਸ਼ਿਆ। ਗੁਰੂ ਪਾਤਸ਼ਾਹ ਨਾਲ ਜਿੰਨੇ ਵੀ ਜੁੱਧ ਹੋਏ ਹਨ, ਉਨ੍ਹਾਂ ਵਿਚ ਵਿਚਾਰਨ ਵਾਲਾ ਵਿਸ਼ਾ ਇਹ ਹੈ ਕਿ ਨਾ ਤਾਂ ਕਦੇ ਗੁਰੂ ਮਹਾਰਾਜ ਜੀ ਨੇ ਕਿਸੇ ਨੂੰ ਜੁੱਧ ਲਈ ਭੜਕਾਇਆ ਅਤੇ ਨਾ ਹੀ ਧਰਤੀ ਦੇ ਇਕ ਇੰਚ ਉਪਰ ਕਬਜ਼ਾ ਕੀਤਾ ਪਰ ਜਦੋਂ-ਜਦੋਂ ਵੀ ਮਾਣ ਤੇ ਹੈਂਕੜ ਵਿਚ ਮੱਤੇ ਹੋਏ ਰਾਜਸੀ ਅਧਿਕਾਰੀ ਗੁਰੂ ਮਹਾਰਾਜ ਜੀ ਦੇ ਉਪਰ ਟਿੱਡੀ ਦਲ ਲੈ ਕੇ ਚੜ੍ਹਦੇ ਰਹੇ, ਆਪ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਫਲ ਲਾਉਣ ਲਈ ਸ਼ਸਤਰਾਂ ਨਾਲ ਹੀ ਸਵਾਗਤ ਕੀਤਾ। ਜੁੱਧ ਦੀ ਸਮਾਪਤੀ ਪਿਛੋਂ ਗੁਰੂ ਮਹਾਰਾਜ ਜਿਥੇ ਆਪਣੇ ਜ਼ਖਮੀ ਹੋਏ, ਫੱਟੜ ਹੋਏ ਗੁਰਸਿੱਖਾਂ ਦੀ ਸੰਭਾਲ ਕਰਦੇ ਸਨ, ਉਥੇ ਚੜ੍ਹ ਕੇ ਆਈਆਂ ਫੌਜਾਂ ਦੀ ਭੀ ਮਲ੍ਹਮ ਪੱਟੀ ਕਰਕੇ ਉਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਸੰਭਾਲ ਕਰਕੇ ਉਨ੍ਹਾਂ ਨੂੰ ਆਪਣੀਆਂ ਡਿਊਟੀਆਂ ਤੇ ਜਾਣ ਦੀ ਖੁਲ੍ਹ ਦੇ ਦਿਆ ਕਰਦੇ ਸਨ।

ਜਦੋਂ ਮਾਲਵੇ ਦੀ ਆਖਰੀ ਜੰਗ ਹੋਈ, ਉਸ ਵੇਲੇ ਲਲਾ ਬੇਗ ਬਹੁਤ ਵੱਡੀ ਸੈਨਾ ਨਾਲ ਚੜ੍ਹ ਕੇ ਆਇਆ ਅਤੇ ਰਾਤ ਦੇ ਹਨ੍ਹੇਰੇ ਵਿਚ ਹੀ ਬਹੁਤ ਭਿਆਨਕ ਜੰਗ ਹੋਇਆ। ਹਮਲਾਵਰ ਫੌਜ ਮਾਘ ਦੀ ਬਰਫਾਨੀ ਠੰਢ ਤੋਂ ਐਨੀ ਮੁਤਾਸਰ ਹੋਈ ਕਿ ਉਨ੍ਹਾਂ ਦੇ ਹਥਿਆਰ ਹੱਥਾਂ ਵਿਚੋਂ ਗਿਰਨ ਲੱਗ ਗਏ ਅਤੇ ਠੰਢ ਦੇ ਮਾਰੇ ਸਿਪਾਹੀ ਆਪ ਵੀ ਧਰਤੀ ਉਪਰ ਗਿਰ ਗਏ। ਉਸ ਵੇਲੇ ਭਾਈ ਬਿਧੀ ਚੰਦ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਹੁਣ ਆਪ ਜੰਗ ਨਾ ਰੋਕੋ ਕਿਉਂਕਿ ਹਮਲਾਵਰ ਮਾਘ ਦੀ ਠੰਢੀ ਰਾਤ ਵਿਚ ਚਲ ਰਹੀ ਠੰਡੀ ਗੀਵੀ (ਹਵਾ) ਕਰਕੇ ਲੜਨੋਂ ਬਿਲਕੁਲ ਅਸਮਰਥ ਹੋ ਚੁੱਕਿਆ ਹੈ। ਹੁਣ ਅਸਾਨੂੰ ਰੋਕੋ ਨਾ, ਤਲਵਾਰ ਦੀ ਧਾਰ ਨਾਲ ਇਨ੍ਹਾਂ ਸਾਰਿਆਂ ਨੂੰ ਬਹਿਸ਼ਤੀ (ਮਾਰ) ਕਰ ਦਿੰਦੇ ਹਾਂ। ਪਰ ਗੁਰੂ ਮਹਾਰਾਜ ਜੀ ਨੇ ਕਿਹਾ ਕਿ ਪਿਆਰੇ ਗੁਰਸਿੱਖੋ! ਭਾਵੇਂ ਕਲਜੁਗ ਨੇ ਸਾਰੇ ਸਤਿ ਧਰਮਾਂ ਨੂੰ ਨਾਸ਼ ਕਰ ਦਿਤਾ ਹੈ ਪਰ ਅਸੀਂ ਧਰਮ ਨੂੰ ਪ੍ਰਫੁੱਲਤ ਕਰਨ ਵਾਸਤੇ ਆਏ ਹਾਂ ਅਤੇ ਅਸੀਂ ਆਪਣੇ ਗੁਰਸਿੱਖਾਂ ਤੋਂ ਵੀ ਧਰਮ ਦੇ ਸੁਨਹਿਰੀ ਅਸੂਲਾਂ ਦੀ ਪਾਲਣਾ ਕਰਾਉਣੀ ਹੈ। ਉਚਾ ਧਰਮ ਕਦੇ ਵੀ ਆਗਿਆ ਨਹੀਂ ਦਿੰਦਾ ਕਿ ਡਿਗੇ ਪਏ ਪੁਰਸ਼ ਤੇ ਅਤੇ ਹਥਿਆਰਹੀਣ ਵੈਰੀ ਉਤੇ, ਬਾਲਕ, ਬਿਰਧ, ਰੋਗੀ ਉਤੇ ਅਤੇ ਜਿਸਨੇ ਆਪਣੇ ਆਪ ਨੂੰ ਸਮਰਪਣ ਕਰਕੇ ਸ਼ਰਨਾਗਤ ਦੀ ਮੰਗ ਕੀਤੀ ਹੋਵੇ ਅਤੇ ਇਸਤਰੀ ਉਤੇ ਵਾਰ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸੱਤਾਂ ਉਤੇ ਵਾਰ ਕਰਨ ਵਾਲੇ ਦਾ ਸਤਿ, ਤੇਜ ਪ੍ਰਤਾਪ ਨਸ਼ਟ ਹੋ ਜਾਂਦਾ ਹੈ ਅਤੇ ਅਜਿਹੇ ਸੂਰਮੇ ਵਿਚ ਚਰਿੱਤਰਹੀਣਤਾ ਆ ਕੇ ਸੂਰਮਗਤੀ ਨੂੰ ਦਾਗ ਲਗ ਜਾਇਆ ਕਰਦਾ ਹੈ। ਇਸ ਕਰਕੇ ਹੁਣ ਆਪਾਂ ਇਨ੍ਹਾਂ ਉਤੇ ਵਾਰ ਬਿਲਕੁਲ ਨਹੀਂ ਕਰਨਾ। ਦਿਨ ਚੜ੍ਹੇ ਧੁੱਪ ਦਾ ਨਿੱਘ ਆਉਣ ਤੇ ਇਹ ਲੜਨ ਦੇ ਕਾਬਲ ਹੋਣਗੇ, ਫੇਰ ਆਪਣਾ ਧਰਮ ਬਣਦਾ ਹੈ ਕਿ ਇਨ੍ਹਾਂ ਨਾਲ ਜੁੱਧ ਕਰੀਏ। ਇਹ ਅਸੂਲ ਭਾਰਤ ਵਿਚ ਪਹਿਲਾਂ ਤੋਂ ਹੀ ਪ੍ਰਵਾਣਤ ਰਿਹਾ ਹੈ।

ਮਹਾਂਭਾਰਤ ਦੇ ਮਹਾਨ ਜੁੱਧ ਵਿਚ ਸੂਰਮਿਆਂ ਦਾ ਨਿੱਜੀ ਵੈਰ ਨਹੀਂ ਸੀ ਪਰ ਜੁੱਧ ਵਾਸਤੇ ਹੀ ਜੁੱਧ ਕਰਦੇ ਸਨ। ਦੋ ਚਾਰ ਉਦਾਹਰਣਾਂ ਨੂੰ ਛੱਡ ਕੇ ਇਹ ਮਹਾਂਭਾਰਤ ਦਾ ਜੁੱਧ ਬਦੀ ਅਤੇ ਨੇਕੀ ਦੇ ਵਿਚਕਾਰ ਹੀ ਜੁੱਧ ਦਾ ਕਾਰਨ ਬਣਿਆ। ਅਜਿਹੇ ਅਸੂਲ ਅੱਜ ਦੀ ਦੁਨੀਆਂ ਵਿਚੋਂ ਅਲੋਪ ਹੋ ਚੁੱਕੇ ਹਨ। ਧਰਮ ਪੂਰੀ ਤਰ੍ਹਾਂ ਨਾਲ ਉਡਾਰੀ ਮਾਰ ਕੇ ਅਲੋਪ ਹੋ ਗਿਆ ਹੈ। ਹੀਰੋਸ਼ੀਮਾ ਦੇ ਬੇਕਸੂਰ ਬੰਦਿਆਂ ਉਤੇ ਇਕ ਐਟਮ ਬੰਬ ਸੁੱਟ ਕੇ ਉਨ੍ਹਾਂ ਨੂੰ ਮਾਰ ਦਿਤਾ। ਅਜੇ ਵੀ ਵਿਚਾਰਵਾਨ ਪੁਰਸ਼ ਉਸ ਕਰਮ ਨੂੰ ਕਲੰਕ ਹੀ ਜਾਣਦੇ ਹਨ।

ਗੁਰੂ ਮਹਾਰਾਜ ਧਰਮ ਨੂੰ ਉਭਾਰਨ ਲਈ ਅਤੇ ਦੁਸ਼ਟਾਂ ਦੀ ਦੁਸ਼ਟਤਾਈ ਦੂਰ ਕਰਨ ਲਈ ਉਪਦੇਸ਼ ਦਿੰਦੇ ਰਹੇ ਹਨ ਅਤੇ ਆਪਣੇ ਗੁਰਸਿੱਖਾਂ ਨੂੰ ਸਦਾ ਹੀ ਸ਼ੁਭ ਉਪਦੇਸ਼ ਦੇ ਕੇ ਕਿਸੇ ਨਾਲ ਵੈਰ ਕਰਨ ਤੋਂ ਵਰਜਦੇ ਹੋਏ ਫੁਰਮਾਉਂਦੇ ਹਨ -

***ਵਵਾ ਵੈਰੁ ਨ ਕਰੀਐ ਕਾਹੂ।।***
***ਘਟ ਘਟ ਅੰਤਰਿ ਬ੍ਰਹਮ ਸਮਾਹੂ।।*** ***ਅੰਗ - 259***

ਇਸ ਪ੍ਰਮ ਉਚੀ ਭਾਵਨਾ ਨੇ ਭਾਈ ਘਨਈਏ ਵਰਗੇ ਪਰਉਪਕਾਰੀਆਂ ਨੂੰ ਜੀਵਨ ਨਾਟ ਵਿਚ ਪੇਸ਼ ਕੀਤਾ ਅਤੇ ਗੁਰੂ ਮਹਾਰਾਜ ਜੀ ਨੇ ਉਸ ਨੂੰ ਮਲ੍ਹਮ ਤੇ ਪੱਟੀਆਂ ਦੀ ਬਖਸ਼ਿਸ਼ ਕਰਕੇ, ਸਰਬੱਤ ਵਿਚ ਵਾਹਿਗੁਰੂ ਦੇਖਣ ਦੀ ਯਥਾਰਥਕਤਾ ਨੂੰ ਪੱਕਿਆਂ ਕਰਦਿਆਂ ਆਪਣੀ ਮਿਹਰ ਦੀ ਬਖਸ਼ਿਸ਼ ਕਰੀ।

***'ਚਲਦਾ.......।'***

**********

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

*ਡਾ. ਭਾਈ ਵੀਰ ਸਿੰਘ*

**ਜਨਮ ਅਤੇ ਬਾਲਪਨ** – ਸੰਨ 1594 ਈ. ਅਰਥਾਤ ੧੬੫੧ ਬਿਕ੍ਰਮੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਨ ਕਿ ਇਕਦਿਨ ਪਤਿਬ੍ਰਤ ਧਰਮ ਦੀ ਪੁੰਜ, ਸਤਵੰਤੀ ਅਰ ਸੁਧ ਸੁਭਾਉ ਸੁਪਤਨੀ ਗੰਗਾ ਜੀ ਨੇ ਬੇਨਤੀ ਕੀਤੀ, ਆਪ ਸਭ ਦੀਆਂ ਆਸਾਂ ਪੁਜਾਉਂਦੇ ਹੋ ਅਤੇ ਤ੍ਰਿਲੋਕੀ ਪਰਉਪਕਾਰ ਕਰਦੇ ਹੋ, ਮੈਨੂੰ ਪੁੱਤਰ ਦਾਨ ਬਖਸ਼ੋ।

ਗੁਰੂ ਜੀ ਨੇ ਉਤਰ ਦਿਤਾ, ਹੇ ਪ੍ਰਿਯਾ, ਬਿਨਾ ਸ੍ਰਮ ਅਰ ਪ੍ਰੇਮ ਦੇ ਕੋਈ ਵਸਤ ਨਹੀਂ ਮਿਲਦੀ। ਜੇਕਰ ਇਹ ਚਾਹ ਹੈ, ਤਦ ਵਡਾਲੀ ਦੀ ਰੱਖ ਵਿਚ ਬਾਬਾ ਬੁੱਢਾ ਜੀ, ਗੁਰੂ ਨਾਨਕ ਜੀ ਦੇ ਸੱਚੇ ਸਿੱਖ, ਰਹਿੰਦੇ ਹਨ, ਉਨ੍ਹਾਂ ਪਾਸ ਜਾ ਕੇ ਅਸੀਸ ਮੰਗੋ, ਉਹ ਪੂਰੇ ਭਾਂਡੇ ਹਨ।

ਸਵੇਰੇ ਹੀ ਮਾਤਾ ਰੱਥ ਵਿਚ ਬੈਠ, ਸੇਵਕ ਨਾਲ ਲੈ ਤੁਰੀ। ਦੂਰੋਂ ਧੂੜ ਉਡਦੀ ਵੇਖ ਬਾਬੇ ਨੇ ਕਿਹਾ, ਆਹ ਕੀਹ? ਕਿਸੇ ਕਿਹਾ, ਗੁਰੂ ਕੇ ਮਹਲ।

ਸੁਭ ਸੁਭਾਉ ਬਾਬੇ ਕਿਹਾ, ਕਿਹੀ ਭਾਜੜ ਪੈ ਗਈ?

ਇੰਨੇ ਨੂੰ ਮਾਤਾ ਨੇ ਜਦ ਆ ਕੇ ਮਨੋਰਥ ਕਿਹਾ, ਤਦ ਬਾਬੇ ਹੱਸ ਕੇ ਕਿਹਾ, ਮੈਂ ਗੁਰੂ ਦਾ ਘਾਹੀ, ਗੁਰੂ ਆਪ ਸਮਰੱਥ ਹਨ। ਮੈਂ ਕਿਸ ਜੋਗ ਹਾਂ, ਸੂਰਜ ਦੇ ਅੱਗੇ ਦੀਵਾ ਕੀ ਕਰ ਸਕਦਾ ਹੈ? ਉਦਾਸ ਹੋ ਮਾਤਾ ਮੁੜ ਆਈ ਪਰ ਗੁਰੂ ਜੀ ਦੇ ਸਮਝਾਉਣ ਪਰ ਦੂਏ ਦਿਨ ਆਪ ਅੰਨ ਪੀਹ, ਮਿੱਸੀਆਂ ਰੋਟੀਆਂ ਪਕਾ, ਲੱਸੀ ਰਿੜਕ ਰੁਪੇ (ਪਿਆਜ਼) ਧਰ, ਆਪ ਚੁੱਕ ਕੇ, ਪੈਦਲ ਜੂਹ ਵਿਚ ਬਾਬੇ ਪਾਸ ਲੈ ਕੇ ਆਈ। ਉਸ ਵੇਲੇ ਉਨ੍ਹਾਂ ਦੇ ਪ੍ਰਸ਼ਾਦ ਦਾ ਵੇਲਾ ਸੀ, ਅੱਗੇ ਵਧ ਕੇ ਮਾਤਾ ਤੋਂ ਭਾਰ ਲਹਾਇਆ ਅਰ ਹੱਸ ਕੇ ਕਿਹਾ, ਮਾਤਾ ਨੇ ਅੱਜ ਕਿੱਡੀ ਦਇਆ ਕੀਤੀ।

ਭੋਜਨ ਛਕਦੇ ਜਾਣ ਅਤੇ ਭੋਲੇ ਭਾ ਹੱਸ-ਹੱਸ ਕੇ ਕਹੀ ਜਾਣ, ਤੁਰਕਾਂ ਦਾ ਸਿਰ ਭੰਨਣ ਵਾਲਾ, ਵਲੀ, ਜੋਧਾ, ਧਰਮ ਰਖਸ਼ਕ ਪੁੱਤਰ ਅਕਾਲ ਪੁਰਖ ਬਖਸ਼ੇਗਾ।

ਸੋ ਸੱਤਯ ਹੋਇਆ ਪਰ ਉਸ ਤੋਂ ਪਹਿਲੇ, ਪ੍ਰਿਥੀਏ ਦੀ ਚੁਕ ਨਾਲ, ਨਵਾਬ ਸੁਲਹੀ ਖਾਂ ਨੇ ਜਦ ਗੁਰੂ ਜੀ ਨੂੰ ਲੁੱਟਣ ਲਈ ਅੰਮ੍ਰਿਤਸਰ ਵਲ ਧਾਈ ਕੀਤੀ ਤਦ ਗੁਰੂ ਜੀ ਅੱਗੇ ਹੀ ਖਬਰ ਮਿਲਦੇ, ਸਣੇ ਪਰਿਵਾਰ ਵਡਾਲੀ ਚਲੇ ਗਏ। ਇਨੀ ਕਾਹਲੀ ਵਿਚ ਗਏ ਕਿ ਬਾਬਾ ਬੁੱਢਾ ਜੀ ਦਾ 'ਭਾਜੜ ਵਾਲਾ' ਵਾਕ ਮਾਨੋਂ ਅੱਖਰ-ਅੱਖਰ ਸੱਤਯ ਹੋ ਗਿਆ। ਇਸੇ ਪਿੰਡ, ਜੋ ਅੰਮ੍ਰਿਤਸਰੋਂ ਥੋੜ੍ਹੀ ਵਾਟ ਉਪਰ ਹੈ, ਸੰਮਤ ੧੬੫੨ (੧੫੯੫ ਏ ਡੀ.) ਵਿਚ ਹਾੜ ਵਦੀ ਇਕ, ਐਤਵਾਰ ਅੱਧੀ ਰਾਤ ਨੂੰ, ਹਰਿਗੋਬਿੰਦ ਜੀ ਅਵਤਾਰਧਾਰੀ ਹੋਏ। ਘਰ-ਘਰ ਖੁਸ਼ੀ ਹੋਈ ਪਰ ਪ੍ਰਿਥੀਆ ਬਹੁਤ ਸੜਿਆ ਅਤੇ ਇਕ ਦਾਈ ਨੂੰ ਕੁਛ ਦੇਣਾ ਕਰ ਕੇ ਬਾਲ ਘਾਤ ਲਈ ਘੱਲਿਆ ਪਰ ਉਹ ਉਸ ਦਾ ਮਨੋਰਥ ਪੂਰਾ ਨਾ ਕਰ ਸਕੀ। ਫੇਰ ਇਕ ਸਪੇਰੇ ਨੂੰ ਘੱਲਿਆ, ਪਰ ਇਹ ਪਾਪ ਵਾਸ਼ਨਾ ਵੀ ਨਾ ਪੂਰੀ ਹੋਈ। ਹਰਿਗੋਬਿੰਦ ਜੀ ਦਿਨੋਂ ਦਿਨ ਆਤਮਾ ਅਤੇ ਸਰੀਰ ਕਰਕੇ ਬ੍ਰਿਦੀ ਕਰਦੇ ਰਹੇ, ਕੁਛ ਚਿਰ ਪਿਛੋਂ ਮਾਤਾ ਗੰਗਾ ਜੀ ਦੀ ਬੇਨਤੀ ਮੁਜਬ ਗੁਰੂ ਜੀ ਫੇਰ ਅੰਮ੍ਰਿਤਸਰ ਆ ਰਹੇ।

ਜਦ ਸ੍ਰੀ ਹਰਿ ਗੋਬਿੰਦ ਜੀ ਪੰਜ ਵਰ੍ਹੇ ਦੇ ਹੋਏ ਤਾਂ ਸੀਤਲਾ, (ਚੇਚਕ) ਨਿਕਲ ਆਈ। ਸੁੰਦਰ ਸਰੀਰ ਫਫੋਲਿਆਂ ਨਾਲ ਇਉਂ ਭਰ ਗਿਆ, ਜਿਕੁਰ ਗੜੇ ਧਰਾ (ਧਰਤੀ) ਪੁਰ ਪੈਂਦੇ ਹਨ। ਤਪ ਅਤੇ ਘੂਕੀ ਨੇ ਬੇਸੁਧ ਕਰ ਦਿਤਾ। ਮਾਤਾ ਗੰਗਾ ਜੀ ਹਰ ਵੇਲੇ ਪੁੱਤਰ ਦੇ ਸਿਰ੍ਹਾਣੇ ਬੈਠੇ ਰਹਿੰਦੇ ਅਤੇ ਸੇਵਾ ਵਿਚ ਵੱਡਾ ਜਤਨ ਕਰਦੇ। ਉਨ੍ਹਾਂ ਦਾ ਅਚਰਜ ਹਾਲ ਸੀ, ਸਿਕਦੀ ਉਲਾਦ, ਪਿਆਰੀ ਸੂਰਤ, ਪ੍ਰੇਮ ਦੇ ਪੁਤਲੇ ਹੋਣ ਕਰਕੇ ਲਾਡਲੇ ਦੁਲਾਰੇ ਨੂੰ ਇਸ ਮਹਾਂ ਖੇਦ ਵਿਚ ਦੁਖੀ ਦੇਖ ਅਤੇ ਇਸ ਰੋਗ ਦੇ ਆਸ ਤੋੜ ਦੇਣ ਵਾਲੇ ਅੰਤ ਨੂੰ ਸੋਚ ਕੇ ਚਿਤ ਦੀਆਂ ਵਾਗਾਂ ਹੱਥੋਂ ਨਿਕਲ ਜਾਂਦੀਆਂ। ਅੱਖਾਂ ਵਿਚ ਜਲ ਭਰ ਆਉਂਦਾ ਅਤੇ ਇਕ ਹਨ੍ਹੇਰਾ ਜਿਹਾ ਦਿਸਦਾ, ਪਰ ਧਰਮ ਮੂਰਤੀ ਪਤੀ ਦੇ ਉਪਦੇਸ਼, ਆਪਣਾ ਪਰਮੇਸ਼ਰ ਵਿਚ ਦ੍ਰਿੜ੍ਹ ਵਿਸ਼ਵਾਸ਼, ਹੋੜ ਵਰਜ ਕੇ ਮਨ ਨੂੰ ਫਿਰ ਸਾਵਧਾਨ ਕਰ ਦਿੰਦੇ। ਫਿਰ ਬੀ ਖਾਣਾ ਪੀਣਾ ਬਹੁਤ ਘੱਟ ਗਿਆ। ਪਰਮੇਸ਼੍ਵਰ ਅੱਗੇ ਪ੍ਰਾਰਥਨਾ ਵਿਚ ਅਤੇ ਪੁੱਤਰ ਦੀ ਸੇਵਾ ਵਿਚ ਸਾਰਾ ਸਮਾਂ ਬਤੀਤ ਕਰਦੇ। ਕਰਤਾਰ ਦੀ ਕੁਦਰਤ ਅੱਠ ਦਸ ਦਿਨਾਂ ਮਗਰੋਂ ਸੀਤਲਾ ਮੁੜੀ ਅਤੇ ਸਰੀਰ ਨਵਾਂ ਨਰੋਆ ਹੋ ਗਿਆ। ਉਸ ਵੇਲੇ ਗੁਰੂ ਜੀ ਨੇ ਦੋ ਸ਼ਬਦ ਉਚਾਰੇ। ਪਹਿਲਾ ਸ਼ਬਦ ਤਾਪ ਦੇ ਮੁੜ ਜਾਣ ਦਾ ਸੀ ਤੇ ਦੂਸਰਾ ਸੀਤਲਾ ਦੇ ਹਟ ਜਾਣ ਤੇ ਨੇਤਰਾਂ ਦੇ ਸਹੀ ਸਲਾਮਤ ਖੁਲ੍ਹ ਆਉਣ ਪਰਥਾਇ ਹੈ, ਉਹ ਸ਼ਬਦ ਹਨ –

*ਗਉੜੀ ਮਹਲਾ ੫ ॥*
*ਸਾਂਤਿ ਭਈ ਗੁਰ ਗੋਬਿਦਿ ਪਾਈ ॥*
*ਤਾਪ ਪਾਪ ਬਿਨਸੇ ਮੇਰੇ ਭਾਈ ॥ ੧ ॥ ਰਹਾਉ ॥*
*ਰਾਮ ਨਾਮੁ ਨਿਤ ਰਸਨ ਬਖਾਨ ॥*
*ਬਿਨਸੇ ਰੋਗ ਭਏ ਕਲਿਆਨ ॥ ੧ ॥*
*ਪਾਰਬ੍ਰਹਮ ਗੁਣ ਅਗਮ ਬੀਚਾਰ ॥*
*ਸਾਧੂ ਸੰਗਮਿ ਹੈ ਨਿਸਤਾਰ ॥ ੨ ॥*
*ਨਿਰਮਲ ਗੁਣ ਗਾਵਹੁ ਨਿਤ ਨੀਤ ॥*
*ਗਈ ਬਿਆਧਿ ਉਬਰੇ ਜਨ ਮੀਤ ॥ ੩ ॥*
*ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥*
*ਨਾਨਕ ਦਾਸ ਤੇਰੀ ਸਰਣਾਈ ॥* *ਅੰਗ – ੨੦੦*
*ਗਉੜੀ ਮਹਲਾ ੫ ॥*
*ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥*
*ਭਰਮ ਗਏ ਪੂਰਨ ਭਈ ਸੇਵ ॥ ੧ ॥ ਰਹਾਉ ॥*
*ਸੀਤਲਾ ਤੇ ਰਖਿਆ ਬਿਹਾਰੀ ॥*
*ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥ ੧ ॥*
*ਨਾਨਕ ਨਾਮੁ ਜਪੈ ਸੋ ਜੀਵੈ ॥*

*ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥ ਅੰਗ - ੨੦੦*

**ਕੁੜਮਾਈ** - ਗੋਇੰਦਵਾਲ ਦੇ ਨੇੜਲੇ ਪਿੰਡ ਡੱਲਾ ਨਿਵਾਸੀ ਗੁਰੂ ਘਰ ਦੇ ਪ੍ਰੇਮੀ ਭਾਈ ਨਾਰਾਇਣ ਦਾਸ ਸਾਰਾ ਪਰਿਵਾਰ ਸ੍ਰੀ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਹਾਜ਼ਰ ਹੋਇਆ। ਅੱਗੇ ਉਥੇ, ਉਹ ਮਾਮਲਾ ਛਿੜ ਰਿਹਾ ਸੀ ਕਿ ਜਿਸ ਦੇ ਦਰਦਨਾਕ ਸਾਕੇ ਅੱਜ ਤੱਕ ਗੜੇ ਗੜੇ ਦੇ ਹੰਝੂ ਰੁਆਉਂਦੇ ਹਨ। ਚੰਦੂ ਦੀਵਾਨ ਦੀ ਪੁੱਤਰੀ ਦਾ ਨਾਤਾ ਫੇਰ ਆਇਆ ਸੀ। ਦਿੱਲੀ ਦੀ ਸੰਗਤ ਦਾ ਇਹ ਵੀ ਫੈਸਲਾ ਪਹੁੰਚ ਚੁੱਕਾ ਸੀ ਕਿ ਆਪ ਨੇ ਇਹ ਨਾਤਾ ਨਹੀਂ ਲੈਣਾ। ਗੁਰੂ ਜੀ ਰੱਬ ਦੀ ਘੱਲੀ ਹੋਈ ਇਲਾਹੀ ਜੋਤ ਸਨ, ਪਰ ਸਿੱਖਾਂ ਨੂੰ ਐਨਾ ਪਿਆਰ ਕਰਦੇ ਸਨ ਕਿ ਕਈ ਵਾਰੀ ਸੰਗਤ ਨੂੰ ਇਕੀ ਵਿਸਵੇ ਤੇ ਨਿੱਜ ਨੂੰ ਵੀਹ ਵਿਸਵੇ ਕਿਹਾ ਕਰਦੇ ਸਨ। ਸਿੱਖਾਂ ਨੂੰ ਉਹ 'ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਦੇ ਪਿਆਰੇ ਉਪਦੇਸ਼ ਦਿਆ ਕਰਦੇ ਸੇ।

ਸੋ ਦਿੱਲੀ ਦੀ ਸੰਗਤ ਦਾ ਲਿਖਿਆ ਮੰਨ ਕੇ ਗੁਰੂ ਜੀ ਨੇ ਨਾਤੇ ਤੋਂ ਨਾਂਹ ਕਰ ਦਿਤੀ ਸੀ। ਅੱਜ ਨਾਂਹ ਕਰਕੇ ਆਪ ਨੇ ਫੁਰਮਾਇਆ ਕਿ ਅਸੀਂ ਕਿਸੇ ਆਪਣੇ ਸਿੱਖ ਦੇ ਘਰ ਸਾਕ ਕਰਾਂਗੇ। ਇਸੇ ਪ੍ਰਕਾਰ ਦੇ ਬਚਨਾਂ ਨੇ ਸੰਗਤ ਵਿਚ ਖੁਸ਼ੀ ਭਰ ਦਿਤੀ। ਇਸ ਵੇਲੇ ਭਾਈ ਨਾਰਾਇਣ ਦਾਸ ਦੇ ਜੀ ਵਿਚ ਆਈ ਕਿ ਜੇ ਛੋਟੀ ਪੁੱਤਰੀ ਦਮੋਦਰੀ ਨੂੰ ਸ੍ਰੀ ਗੁਰੂ ਜੀ ਦੇ ਸਪੁੱਤਰ ਦੀ ਸੇਵਾ ਵਿਚ ਅਰਪਨ ਕਰਾਂ ਤਦ ਸੁਭਾਗ ਹੋ ਜਾਣ ਸਾਡੇ। ਸ੍ਰੀ ਗੁਰੂ ਅਮਰਦਾਸ ਜੀ ਨੇ ਮੇਰੇ ਪਿਤਾਮਾ ਜੀ ਨੂੰ ਵਰ ਭੀ ਦਿਤਾ ਸੀ ਕਿ ਗੁਰੂ ਘਰ ਨਾਲ ਤੁਸਾਂ ਦੀ ਕੁਲ ਦਾ ਨਾਤਾ ਹੋਵੇਗਾ। ਕਿਆ ਉਸੇ ਵਾਕ ਦੀ ਸਫਲਤਾ ਦਾ ਸਮਾਂ ਤਾਂ ਨਹੀਂ ਆ ਪੁੱਜਾ? ਇਹ ਵਿਚਾਰ ਕੇ ਭਾਈ ਨਾਰਾਇਣ ਦਾਸ ਸਾਈਂ ਦਾਸ ਨੂੰ ਕਹਿਣ ਲੱਗਾ, ਪਿਆਰੇ ਪੁੱਤਰ! ਮੇਰੇ ਜੀ ਵਿਚ ਇਹ ਫੁਰਨਾ ਆਇਆ ਹੈ ਕਿ ਦਮੋਦਰੀ ਨੂੰ ਗੁਰੂ ਸਪੂਤ ਦੇ ਚਰਨਾਂ ਦੀ ਦਾਸੀ ਅਰਪਨ ਕਰੀਏ, ਤੁਹਾਡੀ ਕੀ ਸਲਾਹ ਹੈ? ਭਾਈ ਸਾਈਂ ਦਾਸ ਦੇ ਅਨੰਦ ਨਾਲ ਨੈਣ ਭਰ ਆਏ ਤੇ ਕਹਿਣ ਲੱਗਾ, ਪਿਤਾ ਜੀ! ਦੇਰ ਨਾ ਕਰੋ, ਇਹ ਬਹੁਤ ਸ਼ੁਭ ਸੰਕਲਪ ਹੈ। ਰਾਮੋ ਤੇ ਮਾਈ ਬੀ ਪਾਸ ਹੀ ਸਨ, ਉਨ੍ਹਾਂ ਨੇ ਬੀ ਸੁਣ ਕੇ ਖੁਸ਼ੀ ਮਨਾਈ। ਹੁਣ ਸਾਈਂ ਦਾਸ ਤੇ ਨਾਰਾਇਣ ਦਾਸ ਹੱਥ ਜੋੜ ਕੇ ਗਲ ਪੱਲਾ ਪਾ ਕੇ ਖੜੋ ਗਏ ਅਰ ਭਾਈ ਨਾਰਾਇਣ ਦਾਸ ਨੇ ਬਿਨਤੀ ਉਚਾਰੀ -

*ਬਡਯੋਂ ਸਹਤ ਹਮ ਗੁਰ ਸਰਨਾਈ॥*
*ਮਮ ਪੁੱਤ੍ਰੀ ਕੀ ਲੇਹੁ ਸਗਾਈ॥*
*ਲਾਜ ਬਿਨਾਂ ਮੈਂ ਸਭਾ ਮਝਾਰੀ॥*
*ਬਿਨਤੀ ਸਰਧਾ ਸਹਤ ਉਚਾਰੀ॥*
*ਰਾਖਹੁ ਲਾਜ ਮੋਹਿ ਭਰਵਾਸਾ॥*
*ਯਾ ਤੇ ਕਹੀ ਆਪਣੀ ਆਸਾ॥*

*ਸੂਰਜ ਪ੍ਰਕਾਸ਼, ਰਾਸ ੪, ਅੰਸੂ ੬, ਸਫਾ ੨੨੫੧*

ਸ੍ਰੀ ਗੁਰੂ ਜੀ ਨੇ ਬੜੇ ਪ੍ਰੇਮ ਨਾਲ ਸਾਕ ਪ੍ਰਵਾਨ ਕੀਤਾ, ਅਰ ਇਉਂ ਸਿੱਖਾਂ ਦੀ ਮਹਿਮਾ ਕਹੀ -

*ਮਹਿਮਾ ਗੁਰ ਸਿੱਖਨ ਕੀ ਮਹਾਂ॥*
*ਕੋ ਸਮਤਾ ਕਰ ਸਕਹਿ ਨਾ ਤਹਾਂ॥ (ਓਹੀ)*

ਉਸੇ ਵੇਲੇ ਕੁੜਮਾਈ ਦੀ ਮਰਯਾਦਾ ਹੋ ਗਈ ਅਰ ਭਾਈ ਨਾਰਾਇਣ ਦਾਸ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਦੇ ਦਿਤਾ। ਇਸ ਪਵਿੱਤ੍ਰ ਸੰਜੋਗ ਤੋਂ ਸਭ ਨੂੰ ਸੁਖ ਹੋਇਆ, ਪਰ ਬੀਬੀ ਰਾਮੋ ਤੇ ਸਾਈਂ ਦਾਸ ਜੀ ਨੂੰ ਜਿਨ੍ਹਾਂ ਦੇ ਹਿਰਦੇ ਵਿਚ ਪ੍ਰੇਮ ਘਰ ਕਰ ਰਿਹਾ ਸੀ, ਜਿਨ੍ਹਾਂ ਦਾ ਜੀਵਨ ਸਫਲ ਜੀਵਨ ਹੋ ਰਿਹਾ ਸੀ, ਜੋ ਸ਼ਰਧਾ ਤੇ ਪਿਆਰ ਭਰੇ ਮਨ ਨਾਲ ਗੁਰੂ ਕੇ ਹੋ ਰਹੇ ਸਨ, ਉਨ੍ਹਾਂ ਨੂੰ ਸ੍ਰੀ ਗੁਰੂ ਜੀ ਦੇ ਨਾਲ ਇਹ ਨਿਕਟਵਰਤੀ ਸੰਬੰਧ ਹੋਣਾ ਕੁਝ ਐਸੇ ਰਸ ਵਿਚ ਪਾ ਗਿਆ ਕਿ ਜੋ ਅਕਹਿ ਸੀ।

**ਵਿਵਾਹ** - ਕੁੜਮਾਈ ਦਾ ਕਾਰਜ ਹੋ ਗਿਆ, ਰਾਤ ਅਨੰਦ ਵਿਚ ਬੀਤੀ, ਅੰਮ੍ਰਿਤ ਵੇਲੇ ਦੀਵਾਨ ਲੱਗਾ, ਸਾਰੇ ਆਸਾ ਦੀ ਵਾਰ ਦੇ ਸੁਣਨ ਵਿਚ ਮਗਨ ਹੋ ਗਏ। ਜਦੋਂ ਭੋਗ ਪੈ ਗਿਆ, ਕਥਾ ਕੀਰਤਨ ਹੋ ਚੁੱਕੇ, ਤਦ ਪਰਵਾਰ ਦੀ ਸਲਾਹ ਨਾਲ ਨਰਾਇਣ ਦਾਸ ਨੇ ਬੇਨਤੀ ਕੀਤੀ, ਸ੍ਰੀ ਗੁਰੂ ਜੀ! ਜੇ ਵਿਵਾਹ ਦਾ ਕਾਰਜ ਝਬਦੇ ਹੀ ਹੋ ਜਾਵੇ, ਤਦ ਬਹੁਤ ਹੀ ਅਨੰਦ ਹੋਵੇ। ਸ੍ਰੀ ਗੁਰੂ ਜੀ ਨੇ ਹੱਸ ਕੇ ਕਿਹਾ, ਨਾਰਾਇਣ ਦਾਸ ਦੋ ਮਹੀਨੇ ਬੀਤ ਲੈਣ ਦਿਓ, ਮਾਘ ਵਿਚ ਅਸੀਂ ਡੱਲੇ ਆਵਾਂਗੇ ਅਰ ਵਿਆਹ ਰੀਤੀ ਕਰਾਂਗੇ, ਤੁਸੀਂ ਹੁਣ ਆਪਣੇ ਘਰ ਜਾਵੋ ਅਰ ਜਾ ਕੇ ਤਿਆਰੀ ਕਰੋ। ਨਰਾਇਣ ਦਾਸ ਤੇ ਸਾਈਂ ਦਾਸ ਪਰਿਵਾਰ ਸਮੇਤ ਵਿਦਾ ਹੋਏ ਤੇ ਖਡੂਰ, ਗੋਇੰਦਵਾਲ, ਸੁਲਤਾਨਪੁਰ ਹੁੰਦੇ ਹੋਏ ਡੱਲੇ ਪਹੁੰਚ ਕੇ ਵਿਆਹ ਦੀਆਂ ਤਿਆਰੀਆਂ ਕਰਨ ਲਗ ਪਏ। ਰਾਮੋ ਬੀ ਮਾਂ ਨਾਲ ਦਾਜ ਦੌਣ ਦੇ ਆਹਰ ਵਿਚ ਲਗ ਗਈ। ਇਸ ਕਰਕੇ ਤਾਂ ਲਗਣਾ ਹੀ ਸੀ ਕਿ ਛੋਟੀ ਭੈਣ ਦਾ ਵਿਆਹ ਹੈ, ਪਰ ਵਧੀਕ ਹੁਲਾਸ ਤੇ ਸ਼ਰਧਾ ਇਸ ਗੱਲ ਵਿਚ ਸੀ ਕਿ ਭੈਣ ਨੇ ਗੁਰੂ ਘਰ ਵਿਚ ਜਾਣਾ ਹੈ, ਜੋ ਕੁਝ ਭੈਣ ਜੋਗ ਦੇਣਾ ਹੈ, ਉਹ ਗੁਰੂ ਗ੍ਰਿਹ ਵਿਚ ਪ੍ਰਵਾਨ ਹੋਣਾ ਹੈ। ਪਿਆਰੇ ਜੀਜਾ ਜੀ, ਜੋ ਜਿੰਦੋਂ ਪਿਆਰੇ ਸਤਿਗੁਰੂ ਦੇ ਸਪੁੱਤਰ ਹਨ ਅਰ ਜਿਨ੍ਹਾਂ ਨੇ ਗੁਰਗਾਦੀ ਤੇ ਬਿਰਾਜਣਾ ਹੈ, ਹਰ ਵੇਲੇ ਰਾਮੋ ਦੀਆਂ ਅੱਖਾਂ ਅੱਗੇ ਰਹਿੰਦੇ ਹਨ। ਰਾਮੋ ਕਲੀਆਂ ਲਾ ਉਨ੍ਹਾਂ ਜੋਗਾ ਜਾਮਾ ਸੀਉਂਦੀ ਹੈ, ਨੇਤਰ ਭਰ-ਭਰ ਆਉਂਦੇ ਸਨ ਤੇ ਸੋਚਦੀ ਹੈ 'ਵਾਹਿਗੁਰੂ ਦੀ ਕੇਡੀ ਦਿਆਲਤਾ ਹੈ। ਪਿਤਾ ਸਿਖ, ਮਾਤਾ ਸਿਖ, ਪਤੀ ਸਿਖ, ਅਰ ਹੁਣ ਗੁਰੂ ਜੀ ਨਾਲ ਸਾਕਾਦਾਰੀ ਹੋ ਗਈ ਹੈ।' ਇਹੋ ਹਾਲ ਸਾਈਂ ਦਾਸ ਦੇ ਹਿਰਦੇ ਦਾ ਹੈ, ਚੁਣ-ਚੁਣ ਕੇ ਵਧੀਆ ਤੇ ਸੁੰਦਰ ਸ਼ੈਆਂ ਪਿਆਰ ਨਾਲ ਲਿਆਉਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਉਹ ਨਿਰਾ ਸਾਕ ਹੀ ਨਹੀਂ ਦੇਖਦਾ, ਪਰ ਗੁਰੂ ਕਾ ਰੂਪ, ਗੁਰਗੱਦੀ ਤੇ ਬਿਰਾਜਣਹਾਰ। ਸੋ ਸਾਰੇ ਜਣੇ ਗੁਰਸਿੱਖੀ ਦੇ ਪ੍ਰੇਮ ਵਿਚ ਭਰੇ ਹੋਏ ਜੋ ਤਿਆਰੀ ਕਰ ਰਹੇ ਹਨ, ਸੰਸਾਰੀਆਂ ਵਾਂਗੂੰ ਮੋਹ ਵਿਚ ਨਹੀਂ ਪਰ ਪ੍ਰੇਮ ਵਿਚ।

ਇਹ ਦੋ ਮਹੀਨੇ ਜਿਸ ਰੰਗ ਦੇ ਨਾਰਾਇਣ ਦੇ ਘਰ ਬੀਤੇ, ਉਸ ਦਾ ਰਸ ਉਸ ਦਾ ਪਰਿਵਾਰ ਹੀ ਜਾਣ ਸਕਦਾ ਸੀ। ਮਾਵਾਂ ਧੀਆਂ ਤਾਂ ਦਾਜ ਦੌਣ ਦੇ ਠੀਕ ਕਰਨ, ਹੋਰ ਮੁੱਲ ਲੈਣ ਤੇ ਸੀਉਣ ਪਰੋਣ ਵਿਚ ਲੱਗੀਆਂ ਰਹਿੰਦੀਆਂ ਹਨ ਤੇ ਸਹੁਰਾ ਤੇ ਜਵਾਈ ਸਾਮਾਨ ਖਰੀਦਣ, ਘਿਉ, ਖੰਡ, ਮੈਦਾ, ਬਾਲਣ ਆਦਿ ਸਾਮਾਨ ਤਿਆਰ ਕਰਾਉਣ ਦੇ ਆਹਰ ਵਿਚ ਹਨ। ਪਿੰਡ ਸਾਰਾ ਪ੍ਰੇਮੀ

ਸਿੱਖਾਂ ਨਾਲ ਭਰਪੂਰ ਹੈ, ਸਾਰੇ ਦੇ ਸਾਰੇ ਪ੍ਰੇਮ ਨਾਲ ਸਹਾਇਤਾ ਕਰਦੇ ਹਨ ਅਰ ਸਾਡੇ ਸਮਝਦੇ ਹਨ ਕਿ ਸਾਡੇ ਪਿੰਡ ਦੀ ਮਹਾਨ ਵਡਿਆਈ ਹੋਈ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਥਾਂ ਦੀ ਬਾਲੀ ਆਪਣੇ ਸਪੂਤ ਦੀ ਦਾਸੀ ਹੋਣ ਲਈ ਕਬੂਲੀ ਹੈ। ਭੈਣਾਂ, ਦੁਭੈਣਾਂ, ਸਤਿਸੰਗਣਾਂ ਵਧ ਤੋਂ ਵਧ ਚੋਲੀਆਂ, ਬਾਗ, ਫੁਲਕਾਰੀਆਂ ਤੇ ਚੋਪ ਕੱਢ-ਕੱਢ ਕੇ ਲਿਆ ਲਿਆ ਦੇਂਦੀਆਂ ਤੇ ਕਹਿੰਦੀਆਂ ਹਨ - ਪ੍ਰੇਮ ਦੇਈਏ। ਜੇ ਇਹ ਲੀਰ ਆਪਣੀ ਸਪੁੱਤਰੀ ਦੇ ਦਾਜ ਲਈ ਕਬੂਲ ਲਵੇਂ ਤਾਂ ਸਾਡੇ ਬੀ ਧੰਨ ਭਾਗ ਹੋ ਜਾਣ, ਇਸ ਵਸੀਲੇ ਹੀ ਸਹੀ ਜੋ ਇਹ ਨਿਕਾਰੀ ਸ਼ੈ ਸਤਿਗੁਰਾਂ ਦੇ ਦਰਬਾਰ ਅੱਪੜ ਪਵੇ ਅਰ ਸ੍ਰੀ ਗੰਗਾ ਜੀ ਵਰਗੀ ਧਰਮ ਮੂਰਤ ਦੇ ਪਿਆਰੇ ਹੱਥ ਇਨ੍ਹਾਂ ਨੂੰ ਇੱਕ ਵੇਰ ਛੋਹ ਹੀ ਲੈਣ। ਪ੍ਰੇਮ ਦੇਈ ਉਹਨਾਂ ਦੀ ਸਿੱਕ ਤੇ ਸੱਧਰ ਦੇ ਕਾਰਣ ਅਰ ਉਸ ਸਫਾਈ ਦੀ ਵਰਤਣ ਦੇ ਸਬੱਬ, ਜੋ ਸਤਿਸੰਗੀਆਂ ਦੀ ਆਪੋ ਵਿਚ ਹੋਇਆ ਕਰਦੀ ਹੈ, ਕਿਸੇ ਨੂੰ ਨਾਂਹ ਨਹੀਂ ਕਰਦੀ ਤੇ ਸਿਰ ਅੱਖਾਂ ਤੇ ਧਰ ਕੇ ਕਬੂਲਦੀ ਤੇ ਕਹਿੰਦੀ ਹੈ 'ਮੇਰੇ ਧੰਨ ਭਾਗ ਜਿਸ ਦੇ ਘਰ ਕੁਲਤਾਰੂ ਪੁੱਤਰੀ ਆਈ ਹੈ।

ਦੋ ਮਹੀਨੇ ਬੀਤ ਗਏ। ਦਿਨਾਂ ਬੀਤਦਿਆਂ ਕੀ ਚਿਰ ਲਗਦਾ ਹੈ। ਇਧਰ ਮਾਤਾ ਗੰਗਾ ਜੀ ਨੇ ਸਾਰੀ ਤਿਆਰੀ ਪੁੱਤਰ ਵਿਆਹ ਦੀ ਕਰ ਲਈ ਹੋਈ ਸੀ। ਸ੍ਰੀ ਗੁਰੂ ਜੀ ਸੰਗਤ ਦੇ ਸਨਬੰਧੀ ਨਾਲ ਲੈ ਕੇ ਤੁਰੇ। ਖਡੂਰ ਸਾਹਿਬ ਆਏ, ਗੁਰ ਅਸਥਾਨ ਦੇ ਦਰਸ਼ਨ ਕੀਤੇ, ਦਾਤੂ ਜੀ ਤਾਂ ਪਹਿਲੋਂ ਹੀ ਨਾਲ ਸਨ। ਫੇਰ ਆਪ ਗੋਇੰਦਵਾਲ ਆਏ ਤੇ ਮੋਹਨ ਜੀ ਦੀਆਂ ਅਸੀਸਾਂ ਲਈਆਂ। ਮੋਹਰੀ ਜੀ ਤੇ ਪਰਿਵਾਰ ਤਾਂ ਨਾਲ ਸੀ ਹੀ। ਮੋਹਰੀ ਜੀ ਨੇ ਸਾਰੀ ਜੰਝ ਨੂੰ ਪ੍ਰਸ਼ਾਦ ਛਕਾਇਆ। ਫੇਰ ਸੁਲਤਾਨ ਪੁਰ ਆਏ। ਸਤਿਗੁਰ ਨਾਨਕ ਦੇਵ ਜੀ ਦੇ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਅਗਲੇ ਦਿਨ ਡੱਲੇ ਪਹੁੰਚੇ। ਕੁੜਮ ਸਾਰੀ ਸੰਗਤ ਸਮੇਤ ਜੋਟੀਆਂ ਦੇ ਸ਼ਬਦ ਪੜ੍ਹਦੇ ਅੱਗੋਂ ਲੈਣ ਵਾਸਤੇ ਆਏ ਤੇ ਪ੍ਰੇਮ ਨਾਲ 'ਜੀ ਆਇਆਂ' ਨੂੰ ਕਰਕੇ ਸ਼ੁਭ ਅਸਥਾਨ ਉਤਾਰਾ ਦਿਤਾ। ਸੀ ਤਾਂ ਵਿਆਹ, ਪਰ ਮੰਗਲ ਉਹੋ ਹੋ ਰਹੇ ਸੇ ਜੋ ਆਤਮ ਆਨੰਦ ਦੇਣ। ਸ਼ਬਦ ਕੀਰਤਨ ਦੀ ਅਖੰਡ ਧੁਨਿ ਲੱਗ ਰਹੀ ਸੀ, ਗੁਰਬਾਣੀ ਦਾ ਥਾਂ-ਥਾਂ ਉਚਾਰ ਹੋ ਰਿਹਾ ਸੀ ਤੇ ਘਰ-ਘਰ ਸ਼ਬਦਾਂ ਦੀ ਘਨਘੋਰ ਲੱਗ ਰਹੀ ਸੀ।

ਵੇਖੋ! ਗੁਰੂ ਕੇ ਸਿੱਖਾਂ ਦੀ ਕਰਨੀ, ਆਪਣੀ ਖੁਸ਼ੀ ਕਿਨ੍ਹਾਂ ਗੱਲਾਂ ਵਿਚ ਸਮਝਦੇ ਸਨ। ਗੁਰੂ ਜੀ ਦੇ ਆਪਣੇ ਪਿੰਡ ਵਿਵਾਹ ਲਈ ਆਉਣ ਦੀ ਸਫਲਤਾ ਸਿੱਖ ਕਿਸ ਗੱਲ ਵਿਚ ਖਿਆਲ ਕਰਦੇ ਸਨ। ਭਰੇ ਦੀਵਾਨ ਵਿਚ ਸ੍ਰੀ ਗੁਰੂ ਜੀ ਦੀ ਸੇਵਾ ਵਿਖੇ ਡੱਲੇ ਦੀ ਸੰਗਤ ਬਿਨੈ ਕਰਦੀ ਹੈ ਕਿ ਹੇ ਦੀਨ ਦਿਆਲ ਜੀ। ਆਪ ਨੇ ਏਥੇ ਚਰਨ ਪਾਏ ਹਨ, ਕੋਈ ਐਸੀ ਕ੍ਰਿਪਾ ਕਰੋ ਕਿ ਆਪ ਦੇ ਇਥੇ ਕ੍ਰਿਪਾ ਕਰਨ ਦਾ ਨਿਸ਼ਾਨ ਕਾਇਮ ਹੋ ਜਾਵੇ। ਸ੍ਰੀ ਗੁਰੂ ਜੀ ਨੇ ਕਿਹਾ 'ਸਤਿ ਬਚਨ, ਜਿਵੇਂ ਸੰਗਤ ਦਾ ਪ੍ਰੇਮ ਹੋਵੇ।'

ਉਸ ਸਮੇਂ ਨਹਿਰਾਂ ਨਹੀਂ ਸਨ ਹੁੰਦੀਆਂ, ਪਾਣੀ ਦੀ ਥੁੜ ਥਾਂ-ਥਾਂ ਹੁੰਦੀ ਸੀ। ਸੋ ਸਤਿਗੁਰ ਜੀ ਨੇ ਡੱਲੇ ਵਿਚ ਇਕ ਬਾਉਲੀ ਲਾ ਦੇਣ ਦੀ ਸਲਾਹ ਕੀਤੀ ਤੇ ਲੌਢੇ ਪਹਿਰ ਇਕ ਉੱਤਮ ਥਾਉਂ ਢੂੰਡ ਕੇ ਆਪਣੀ ਹੱਥੀਂ ਟੱਕ ਲਾਇਆ। ਫੇਰ ਸ੍ਰੀ ਗੁਰੂ ਜੀ ਨੇ ਭਾਈ ਸਾਲ੍ਹੋ ਨੂੰ ਕਿਹਾ ਕਿ ਭਾਈ ਜੀ ਤੁਸੀਂ ਇਥੇ ਕੁਛ ਕਾਲ ਟਿਕ ਜਾਓ ਅਰ ਬਾਉਲੀ ਦੀ ਸੇਵਾ ਕਰਾਓ। ਡੱਲੇ ਦੀ ਸੰਗਤ ਨੇ ਆਪਣੇ ਧੰਨ ਭਾਗ ਜਾਣ ਕੇ ਆਪ ਧਰਤੀ ਖੋਦੀ ਅਰ ਆਪ ਉਸਾਰੀ ਕਰਕੇ ਬਾਉਲੀ ਸਥਾਪਤ ਕੀਤੀ। ਇਹ ਬਾਉਲੀ ਸ੍ਰੀ ਗੁਰੂ ਜੀ ਦੇ ਕਰ ਕਮਲਾਂ ਦੇ ਉਪਕਾਰ ਦੀ ਯਾਦਗਾਰ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਆਹ ਦੀ ਸੱਚੀ ਖੁਸ਼ੀ ਤੇ ਸੁਖ ਦਾ ਸੋਮਾ ਹੁਣ ਤੱਕ ਉਥੇ ਹੈ ਅਰ ਦੱਸ ਰਹੀ ਹੈ ਕਿ ਗੁਰੂ ਜੀ ਕਿਵੇਂ ਉਪਕਾਰ ਦੇ ਕੰਮਾਂ ਨੂੰ ਸਿਰੇ ਚਾੜ੍ਹਦੇ ਸਨ। ਇਸ ਪ੍ਰਕਾਰ ਆਸਾਂ ਦੀਆਂ ਵਾਰਾਂ ਲਗਦੀਆਂ ਰਹੀਆਂ ਅਰ ਉਸੇ ਤਰ੍ਹਾਂ ਕਥਾ ਕੀਰਤਨ ਉਪਦੇਸ਼ ਹੁੰਦੇ ਰਹੇ ਜਿਸ ਤਰ੍ਹਾਂ ਕਿ ਗੁਰੂ ਜੀ ਦੇ ਨਿਤਾਪ੍ਰਤੀ ਹੁੰਦਾ ਸੀ।

ਇਸ ਪ੍ਰਕਾਰ ਸਾਰੀ ਸੰਗਤ ਨੂੰ ਧੀਰਜ ਅਤੇ ਉਪਦੇਸ਼ ਕਰਦੇ ਸ੍ਰੀ ਗੁਰੂ ਜੀ ਵਿਦਾ ਹੋ ਕੇ ਅੰਮ੍ਰਿਤਸਰ ਜੀ ਆਏ।

## ਗੁਰਗੱਦੀ ਬਿਰਾਜਣਾ

*ਅਰਜਨਿ ਕਾਇਆ ਪਲਟਿ ਕੈ ਮੂਰਤ ਹਰਿਗੋਬਿੰਦ ਸਵਾਰੀ।*
*ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।*
*ਦਲਭੰਜਨ ਗੁਰੁ ਸੂਰਮਾ ਵਡਜੋਧਾ ਬਹੁ ਪਰਉਕਾਰੀ।*

***ਭਾਈ ਗੁਰਦਾਸ ਜੀ***

ਅੱਜ ਹੈ ਗੁਰਗੱਦੀ ਬਿਰਾਜਣ ਦਾ ਦਿਨ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ। ਹਰਿ ਮੰਦਰ ਦੇ ਅੰਦਰ ਪਾਠ ਹੋ ਰਿਹਾ ਹੈ, ਸ਼ਬਦਾਵਤਾਰ ਪਰਮ ਪਾਵਨ ਬੀੜ ਦਾ ਜਿਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਖ ਕੇ ਝੁਕਦਾ ਹੈ ਸਾਰਾ ਸਿੱਖ-ਜਗਤ ਤੇ ਜਿਸ ਤੋਂ ਪ੍ਰਾਪਤ ਕਰਦਾ ਹੈ ਆਤਮਿਕ ਦਾਤਾਂ। ਸਭ ਤੋਂ ਪਹਿਲੋਂ ਇਸ ਅਰਸ਼ੀ ਬਾਣੀ ਦਾ ਭੋਗ ਪਾਇਆ ਗਿਆ। ਭੋਗ ਪਾਇਆ ਗੁਰੂ ਨਾਨਕ ਦੇ ਤਾਰੇ ਬਾਬਾ ਬੁੱਢਾ ਜੀ ਨੇ। ਫੇਰ ਕੀਰਤਨ ਹੋਇਆ, ਅਰਦਾਸਾ ਸੋਧਿਆ ਗਿਆ ਅਤੇ ਪ੍ਰਸ਼ਾਦਿ ਵਰਤਾਇਆ ਗਿਆ।

ਇਸ ਵੇਲੇ ਸੰਗਤ ਸ਼ਹਿਰ ਦੀ, ਪ੍ਰੇਮੀ ਬਾਹਰ ਦੇ, ਤੇ ਨੇੜੇ ਦੇ ਸਨਬੰਧੀ ਆਦਿਕ ਸਾਰੇ ਆਏ ਹੋਏ ਸਨ।

*ਮੁਹਰੀ ਆਦਿਕ ਭੱਲੇ ਆਏ। ਦਾਤੂ ਅੰਗਦ ਨੰਦ ਸੁਹਾਇ॥*
*ਬਹੁ ਸੰਗਤਿ ਕੋ ਲਗਯੋ ਦਿਵਾਨ।*
*ਸੁਨਿ ਸੁਨਿ ਸੁਧ ਬੈਠੇਹਿਂ ਬਿਚ ਆਨਿ।*
*ਸਾਲੋ ਆਦਿਕ ਬ੍ਰਿੰਦ ਮਸੰਦ।*
*ਚਲਿ ਪਹੁੰਚੇ ਤਬਿ ਧਨੀ ਬਿਲੰਦ।*
*ਪ੍ਰਜਾ ਜਿਤਿਕ ਪੁਰਿ ਬਸਨੇ ਹਾਰੀ।*
*ਆਇ ਸਭਿਨਿ ਅਭਿਬੰਦਨ ਧਾਰੀ।*

***ਗੁ. ਪ੍ਰ. ਸੂ. ਰਾ. ੪, ਅੰਕ, ੪੧, ਸਫਾ ੨੩੯੯***

ਹੁਣ ਦਸਤਾਰ ਬੰਦੀ ਹੋਣੀ ਸੀ। ਮਸੰਦਾਂ ਨੇ ਨਾਲ ਹੀ ਸੇਲੀ ਟੋਪੀ ਅੱਗੇ ਲਿਆ ਰੱਖੀ। ਸ੍ਰੀ ਗੁਰੂ ਜੀ ਭਾਈ ਜੀ ਵਲ ਤੱਕ ਕੇ ਫੁਰਮਾਯਾ ਕਿ ਹੁਣ ਸੇਲੀ ਟੋਪੀ ਦਾ ਸਮਾਂ ਨਹੀਂ। ਹੁਣ ਸਮਾਂ ਸ਼ਸਤਰਾਂ ਦਾ ਆ ਗਿਆ ਹੈ। ਤਦ ਪਹਿਲਾਂ ਦਸਤਾਰ ਬੰਦੀ ਹੋਈ। ਫਿਰ ਦਸਤਾਰ ਵਿਚ ਕਲਗੀ ਲਗਾਈ। ਫੇਰ ਬਾਬਾ ਬੁੱਢਾ ਜੀ ਨੇ ਤਲਵਾਰ ਪਹਿਨਾਈ। ਉਹ ਸੱਜੇ ਪਾਸੇ ਪਹਿਨਾਈ ਗਈ, ਜਦ ਉਹ ਸੱਜਿਓ ਲਾਹ ਕੇ ਖੱਬੇ ਕਰਨ ਲੱਗੇ ਤਾਂ ਸ੍ਰੀ ਗੁਰੂ ਜੀ ਨੇ ਫੁਰਮਾਇਆ, ਰਹਿਣ ਦਿਓ, ਪਹਿਨੀ ਨਾ ਉਤਾਰੋ, ਇਹ ਤੇਗ

ਪੀਰੀ ਦੀ ਰਹੀ, ਮੀਰੀ ਦੀ ਖੱਬੇ ਪਾਸੇ ਹੋਰ ਪਹਿਨਾ ਦਿਓ। ਇਉਂ ਦੋ ਤੇਗਾਂ ਪਹਿਨੀਆਂ ਗਈਆਂ। ਇਸ ਕਰਕੇ ਆਪ ਜੀ ਨੂੰ ਖੜਗਧਾਰੀ ਤੇ 'ਮੀਰੀ ਪੀਰੀ ਦੇ ਮਾਲਕ' ਪਦਾਂ ਨਾਲ ਯਾਦ ਕੀਤਾ ਜਾਂਦਾ ਹੈ। ਮਤਲਬ ਸ਼ਾਇਦ ਇਹ ਸੀ ਕਿ ਪੀਰੀ ਦੀ ਤਲਵਾਰ ਵੇਖ ਕੇ ਜ਼ਾਲਮ ਸਮਝ ਜਾਣ ਕਿ ਹੁਣ ਇਹ ਲੋਕ ਸਾਥੋਂ ਦਬਣ ਨਹੀਂ ਲੱਗੇ ਤਾਂ ਸੁਖ, ਜੇ ਨਾ ਸਮਝਣ ਤਾਂ ਖੱਬੇ ਪਾਸੇ ਦੀ ਤਲਵਾਰ ਮਿਆਨੋ ਨਿਕਲ ਕੇ ਚਮਕੇ ਤੇ ਲੋੜ ਪਈ ਤੇ ਮਜ਼ਲੂਮਾਂ ਦੀ ਰੱਖਿਆ ਹੇਤ ਮੈਦਾਨ ਵਿਚ ਆ ਜਏ ਤੇ ਸ਼ੋਰਯ ਵਿਚ ਮਰ ਜਾਣ ਨੂੰ ਜ਼ਿਲਤ ਦੇ ਜੀਵਨ ਨਾਲੋਂ ਉੱਚਾ ਲਖਾ ਜਾਏ।

ਇਸ ਤਰ੍ਹਾਂ ਦਾ ਸ਼ੋਰਯ ਦਾ ਲਿਬਾਸ ਪਹਿਨ ਕੇ ਧਰਮ ਦੀ ਅਗੁਵਾਨੀ ਦੀ ਗੁਰਗੱਦੀ ਪਰ ਬਿਰਾਜ ਗਏ। ਇਸ ਦਿਨ ਭਾਰੀ ਲੰਗਰ ਵੀ ਹੋਇਆ ਤੇ ਭੋਗ ਵੇਲੇ ਕੜਾਹ ਪ੍ਰਸ਼ਾਦਿ ਦੇ ਗਫੇ ਬੀ ਖੁਲ੍ਹ ਵਰਤੇ।

ਦਿਨ ਚਰਯਾ (ਨਿਤ ਕਿਰਿਆ) - ਗੁਰੂ ਸਾਹਿਬ ਦੀ ਉਮਰਾ ਤਾਂ ਛੋਟੀ ਸੀ ਪਰ ਗੁਰੂ ਅਵਤਾਰ ਹੋਣ ਕਰਕੇ ਸੋਝੀ, ਦਾਈਆ, ਭਗਤੀ, ਗਿਆਨ ਸਾਰੇ ਗੁਣ ਅਪਰਪਿਤ ਸਨ।

ਗੁਰਗੱਦੀ ਤੇ ਬੈਠ ਕੇ ਉਹੋ ਕੁਝ ਆਰੰਭ ਦਿਤਾ ਜੋ ਪਿਛਲੇ ਸਤਿਗੁਰੂ ਅਰਜਨ ਦੇਵ ਜੀ ਕਰਦੇ ਹੁੰਦੇ ਸਨ। ਅੰਮ੍ਰਿਤ ਵੇਲੇ ਜਾਗਦੇ, ਇਸ਼ਨਾਨ ਕਰਦੇ ਬਸਤ੍ਰ ਪਹਿਨ ਕੇ ਪਿਆਰ-ਮਗਨ ਬੈਠ ਜਾਂਦੇ। ਜਿਸ ਵੇਲੇ ਪਿਤਾ ਗੁਰੂ ਜੀ ਹਰਿਮੰਦਰ ਆਉਂਦੇ ਸਨ, ਜਿਸ ਵੇਲੇ ਅੱਜਕੱਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਆਉਂਦੀ ਹੈ, ਆਪ ਆ ਜਾਂਦੇ ਪਰ ਲਿਬਾਸ ਹੁਣ ਬੀਰ-ਰਸੀ ਕਲਗੀ ਜਿਗਾ ਵਾਲਾ ਹੁੰਦਾ। ਸ੍ਰੀ ਹਰਿਮੰਦਰ ਦੇ ਅੰਦਰ ਆ ਕੇ ਬੈਠ ਜਾਂਦੇ। ਤਾਬਿਆ ਸ੍ਰੀ ਗੁਰੂ ਜੀ ਦੀ ਭਾਈ ਬੁੱਢਾ ਜੀ ਹੁੰਦੇ। ਕੀਰਤਨ ਆਸਾ ਦੀ ਵਾਰ ਦਾ ਹੁੰਦਾ। ਆਪ ਬੈਠ ਕੇ ਸੁਣਦੇ। ਭੋਗ ਪੈ ਚੁੱਕੇ ਤੇ ਆਪ ਜੀ ਪੁਲ ਤੋਂ ਲੰਘ ਦਰਸ਼ਨੀ ਦਰਵਾਜੇ ਦੇ ਅੱਗੇ ਜੋ ਮੈਦਾਨ ਸੀ ਇਸ ਦੇ ਪਰਲੇ ਸਿਰੇ ਰੁਖ ਹੇਠ ਸਿੰਘਾਸਣ ਤੇ ਬੈਠ ਜਾਂਦੇ। ਏਥੇ ਬਾਹਰੋਂ ਆਈਆਂ ਸੰਗਤਾਂ ਪੇਸ਼ ਹੁੰਦੀਆਂ। ਹੋਰ ਮਿਲਣੇ ਵਾਲੇ ਮਿਲਦੇ। ਨਾਮ ਦਾਨ ਦੇਂਦੇ, ਉਪਦੇਸ਼ ਕਰਦੇ। ਇਸ ਤਰ੍ਹਾਂ ਪ੍ਰਸ਼ਾਦਿ ਦਾ ਵੇਲਾ ਆ ਜਾਂਦਾ। ਆਪ ਜੀ ਸ੍ਰੀ ਮਾਤਾ ਗੰਗਾ ਜੀ ਪਾਸ ਚਲੇ ਜਾਂਦੇ ਤੇ ਪ੍ਰਸ਼ਾਦਿ ਮਾਤਾ ਜੀ ਪਾਸ ਛਕਦੇ।

ਫੇਰ ਚਾਰ ਘੜੀ ਆਰਾਮ ਕਰਦੇ। ਇਹ ਮਰਯਾਦਾ ਇਸ ਲਈ ਚਲ ਰਹੀ ਸੀ ਕਿ ਅੰਮ੍ਰਿਤ ਵੇਲੇ ਜਾਗਣ ਵਾਲੇ ਜੇ ਦੋ ਚਾਰ ਘੜੀ ਦੁਪਹਿਰੇ ਆਰਾਮ ਕਰ ਲੈਣ ਤਾਂ ਸਰੀਰ ਤਿਆਰ ਬਰ ਤਿਆਰ ਰਹਿੰਦਾ ਹੈ।

ਲੌਢੇ ਪਹਿਰ ਆਪ ਜੀ ਫੇਰ ਤਿਆਰ ਹੋ ਕੇ ਆ ਜਾਂਦੇ। ਕਦੇ ਕੁਸ਼ਤੀਆਂ ਤੇ ਖੇਲ੍ਹਾਂ ਦੇਖਦੇ ਤੇ ਕਦੇ ਕੁਛ ਸਾਥੀ ਨਾਲ ਲੈ ਕੇ ਸ਼ਿਕਾਰ ਨੂੰ ਚਲੇ ਜਾਂਦੇ। ਪਰ ਦਿਨ ਮੁੱਕਣ ਤੋਂ ਪਹਿਲਾਂ ਦੀਵਾਨ ਵਿਚ ਆ ਜਾਂਦੇ ਜੋ ਉਥੇ ਲਗਦਾ ਜਿਥੇ ਹੁਣ ਅਕਾਲ ਬੁੰਗਾ ਹੈ। ਰਹਿਰਾਸ ਦੇ ਭੋਗ ਮਗਰੋਂ ਮਹਿਲਾਂ ਨੂੰ ਚਲੇ ਜਾਂਦੇ।

**ਅਕਾਲ ਬੁੰਗਾ** - ਜਿੱਥੇ ਆਪ ਜੀ ਦੀਵਾਨ ਲਾਉਂਦੇ, ਉਹ ਥਾਂ ਹੈ ਦਰਸ਼ਨੀ ਦਰਵਾਜ਼ੇ ਦਾ ਅਗਲਾ ਮੈਦਾਨ। ਇਸ ਦੇ ਪਰਲੇ ਪੱਛਮੀ ਸਿਰੇ ਆਪ ਦਾ ਸਿੰਘਾਸਨ ਲਗਦਾ ਸੀ ਜਿਸ ਪਰ ਬਿਰਾਜ ਜਾਂਦੇ ਤੇ ਦੁਆਲੇ ਜੀਵਨ ਸਜ ਜਾਂਦਾ। ਇਸ ਸਿੰਘਾਸਨ ਵਾਲੀ ਥਾਂ ਹੁਣ ਤਖਤ ਰਚਨ ਦੀ ਵਿਚਾਰ ਹੋਈ।

ਪੱਕੀ ਇਮਾਰਤ ਦਾ ਇਕ ਇਸ ਪ੍ਰਕਾਰ ਦਾ ਤਖਤ ਰਚਿਆ ਗਿਆ ਜੋ ਉਸ ਪਰ ਬਿਰਾਜੇ ਸਭ ਨੂੰ ਦਰਸ਼ਨ ਹੋਣ। ਇਸ ਪਰ ਛੱਤ ਦਾ ਪ੍ਰਬੰਧ ਬੀ ਕੀਤਾ ਗਿਆ ਜੋ ਮੀਂਹ ਕਣੀ ਵੇਲੇ ਸੁੱਖ ਹੋਵੇ। ਤਖਤ ਦੇ ਉਦਾਲੇ ਸਲਾਹ ਮਸ਼ਵਰੇ ਵੇਲੇ ਨਿਕਟਵਰਤੀ ਬੈਠ ਜਾਣ ਤੇ ਪੈਹਰਾ ਬੀ ਲਗ ਸਕੇ। ਤੇ ਆਮ ਦੀਵਾਨ ਵੇਲੇ ਮੈਦਾਨ ਵਿਚ ਬੈਠੀਆਂ ਸੰਗਤਾਂ, ਫੌਜਾਂ ਅਤੇ ਪ੍ਰੇਮੀਆਂ ਨੂੰ ਦਰਸ਼ਨ ਹੋਣ, ਵਾਰਾਂ ਸੁਣੀਆਂ ਜਾਣ ਤੇ ਸਤਿਗੁਰੂ ਦੇ ਉਪਦੇਸ਼ ਸੁਣੇ ਜਾਣ, ਸਿੱਖ ਸੰਗਤਾਂ ਪੇਸ਼ ਹੋ ਸਕਣ, ਮੇਵੜਾ ਅਰਦਾਸੇ ਕਰ ਸਕੇ।

ਇਹ ਤਖਤ ੧੬੬੬ ਬਿ: ਹਾੜ ਦੀ ਪੰਜ (੧੬●੯ ਈਸਵੀ) ਨੂੰ ਰਚਨਾ ਆਰੰਭ ਹੋਇਆ। ਇਸ ਦਾ ਨਾਉਂ ਅਕਾਲ ਬੁੰਗਾ ਰਖਿਆ ਗਿਆ। ਪਹਿਲਾ ਤਖਤ ਹੋਣ ਕਰਕੇ ਇਸ ਨੂੰ ਅਕਾਲ ਤਖਤ ਬੀ ਆਖਦੇ ਹਨ।

ਬੀਰ-ਰਸੀ ਜੀਵਨ ਕਿਉਂ?

ਸ਼ਾਂਤਿ ਸਰੋਵਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤ੍ਰ ਸਰੀਰ ਤੇ ਇਹ ਕਹਿਰ ਲੰਘ ਗਿਆ। ਦੀਨ ਦੇ ਹਾਦੀ ਨੇ ਪਰ ਸ਼ਾਂਤੀ ਨਾਲ ਝੱਲ ਲਿਆ। ਉਹ ਪੂਰਨ ਪੁਰਖ ਸਨ। ਆਪਣੇ ਆਦਰਸ਼ ਦੇ ਆਪ ਨਿਬਾਹੂ ਸਨ। ਪਰ ਸਾਰੀ ਉਮੱਤ ਇਸ ਦਰਜੇ ਦੀ ਨਹੀਂ ਹੋ ਸਕਦੀ ਕਿ ਤਸੀਹੇ ਸਹੇ ਤੇ ਅਸੂਲ ਨਾਂ ਹਾਰੇ ਤੇ ਸੱਚ ਹੱਥੋਂ ਨਾ ਦੇਇ। ਸੋ ਪੰਜਵੇਂ ਸਤਿਗੁਰੂ ਜੀ ਨੇ ਸੱਚ ਦੇ ਤਸੀਹੇ ਸਹੇ ਤੇ ਅਸੂਲ ਨਾ ਹਾਰੇ ਤੇ ਸੱਚ ਹੱਥੋਂ ਨਾ ਜਾਣ ਦਿਤਾ। ਸੋ ਪੰਜਵੇਂ ਸਤਿਗੁਰੂ ਜੀ ਨੇ ਸੱਚ ਦੇ ਬਦਲੇ ਜਾਨ ਦੇਣ ਦੀ ਜਾਚ ਸਿੱਖਾਂ ਨੂੰ ਸਿਖਾਈ। ਉਨ੍ਹਾਂ ਦਾ ਆਦਰਸ਼ ਸੀ ਸਿੱਖਾਂ ਨੂੰ ਮਰਣ-ਜਾਚ' ਸਿਖਾਉਣੀ। ਸਿੱਖ ਸ਼ਾਂਤਿ-ਰਸੀਆ ਫਿਰਕਾ ਸੀ। ਸਹਿਨਸ਼ੀਲ, ਦੁੱਖ ਸੁੱਖ ਝੱਲਣ ਵਾਲਾ, ਸੁਲਹ ਕੁਲ, ਪਰਉਪਕਾਰੀ, ਫਕੀਰ ਹੋ ਕੇ ਗ੍ਰਹਿਸਤ ਵਿਚ ਰਹਿਣਾ, ਗ੍ਰਹਿਸਤ ਵਿਖੇ ਰਹਿ ਕੇ ਸੁਆਰਥੀ ਦੀ ਥਾਂ ਪਰਉਪਕਾਰੀ ਹੋਣਾ, ਇਹ ਆਦਰਸ਼ ਇਨਸਾਨ ਨੂੰ ਸਿਖਾਏ ਗਏ ਸੇ ਤੇ ਉਹ ਸਿੱਖੇ ਹੋਏ ਸਿੱਖ ਸਦਾਉਂਦੇ ਸੇ। ਹੁਣ ਉਨ੍ਹਾਂ ਨੂੰ ਬੀਰ-ਰਸ ਸਿਖਾਇਆ ਗਿਆ ਕਿ ਉਹ ਸ਼ਾਂਤਿ-ਰਸ ਦੀ ਰੱਖਿਆ ਕਰੇ। ਬੀਰ ਰਸ ਕ੍ਰੋਧੀ ਹੋਣ, ਬਦਲੇ ਲੈਣ, ਕਤਲ, ਖੂਨ, ਗਾਰਤਗਰੀ ਦਾ ਨਾਮ ਨਹੀਂ ਹੈ, ਬੀਰ ਰਸ ਨਾਮ ਹੈ ਉਤਸ਼ਾਹ ਵਾਲੇ ਜੀਵਨ ਦਾ। ਨੇਕੀ ਲਈ, ਉਪਕਾਰ ਲਈ, ਪਰ ਦੇ ਭਲੇ ਲਈ ਉਤਸ਼ਾਹ ਤੇ ਉਭਾਰ ਵਿਚ ਆ ਜਾਣਾ। ਇਹ ਉਤਸ਼ਾਹ, ਦਾਨ ਦੀ ਸੂਰਤ ਪਕੜਦਾ ਹੈ, ਦਾਨੀ ਬੀਰ ਰਸੀਆ ਕਹੀਦਾ ਹੈ। ਦਾਨੀ ਕਦੇ ਦਇਆ ਦੇ ਕੰਮਾਂ ਨਾਲ ਕਾਮਯਾਬ ਹੋ ਜਾਂਦਾ ਹੈ, ਪਰ ਕਦੇ ਉਸ ਨੂੰ ਆਪਾ ਵਾਰਨ ਦੀ ਲੋੜ ਪੈਂਦੀ ਹੈ ਸੋ ਬੀਰ ਰਸੀਆਂ ਇਉਂ ਸੂਰਮ ਗਤੀ ਵਿਚ ਚਲਿਆ ਜਾਂਦਾ ਹੈ। ਇਹ ਆਦਰਸ਼ ਬੰਨ੍ਹ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਸਿੱਖਾਂ ਨੂੰ ਬੀਰ-ਰਸੀਏ ਬਨਾਉਣ ਦਾ ਉਦਮ ਭੀ ਗੱਦੀ ਬੈਠਦੇ ਹੀ ਆਰੰਭ ਕਰ ਦਿਤਾ।

ਸ਼ਾਂਤਿ-ਰਸ ਨਾਲ ਬੀਰ ਰਸੀ ਤਿਆਰੀਆਂ - ਗੁਰੂ ਜੀ ਨੇ ਗੱਦੀ ਬੈਠ ਕੇ ਜੋ ਰਹੁ ਰੀਤੀ ਟੋਰੀ ਉਹ ਸੀ ਪਹਿਲੇ ਸਤਿਗੁਰਾਂ

ਦੀ ਸੀ। ਤੜਕੇ ਆਸਾ ਜੀ ਦੀ ਵਾਰ ਦਾ ਭੋਗ, ਉਪਦੇਸ਼, ਹਰਿਮੰਦਰ ਵਿਚ ਲਗਾਤਾਰ ਕੀਰਤਨ। ਸ਼ਾਮਾਂ ਦੇ ਦੀਵਾਨ। ਪਰ ਨਾਲ ਬੀਰ ਰਸੀ ਸਾਮਾਨ ਬੀ ਇੱਕਠੇ ਕਰਨੇ ਸ਼ੁਰੂ ਕਰ ਦਿਤੇ। ਚੰਗਾ ਘੋੜਾ ਮਿਲੇ ਤਾਂ ਖਰੀਦ ਲੈਣਾ। ਸ਼ਸਤ੍ਰ ਸੋਹਣਾ ਮੁੱਲ ਲੈ ਲੈਣਾ। ਜੋਧਾ ਸਿੱਖ ਪਾਸ ਆ ਕੇ ਰਹਿਣਾ ਚਾਹੇ ਤਾਂ ਰਖ ਲੈਣਾ ਤੇ ਬੀਰ ਰਸੀ ਜੀਵਨ ਸਿਖਾਉਣਾ। ਇਉਂ ਗੁਰੂ ਜੀ ਪਾਸ ਜੁਆਨ ਭਰਤੀ ਹੋਣ ਲਗ ਪਏ। ਸਿੱਖ ਨੌਜਵਾਨ ਜਿਨ੍ਹਾਂ ਨੂੰ ਪੰਜਵੇਂ ਸਤਿਗੁਰੂ ਦਾ ਸਾਕਾ ਦੁੱਖੀ ਕਰ ਰਿਹਾ ਸੀ। ਪਹਿਲੋਂ ਉਹ ਆ ਜੁੜੇ। ਉਨ੍ਹਾਂ ਨੂੰ ਫੌਜੀ ਜੀਵਨ ਤੇ ਕਵਾਇਦਾ ਸਿਖਾਣ ਦੇ ਪ੍ਰਬੰਧ ਹੋ ਗਏ। ਆਏ ਗਏ ਪ੍ਰੇਮੀ ਸਿੱਖ ਇਹ ਸੁਣ ਕਿ ਸਾਡਾ ਗੁਰੂ ਨਵੀਂ ਜਿੰਦ ਦਿਲਾਂ ਵਿਚ ਫੂਕਣ ਲੱਗਾ ਹੈ, ਸ਼ਸਤਰ, ਘੋੜੇ, ਕੱਪੜੇ ਤੇ ਹੋਰ ਸਾਮਾਨ ਭੇਟਾ ਵਜੋਂ ਲਿਆ ਕੇ ਅਰਪਣ ਕਰਨ ਲਗ ਪਏ। ਅਕਾਲ ਬੁੰਗੇ ਦੇ ਅੱਗੇ ਮੈਦਾਨ ਵਿਚ ਜੋ ਦੀਵਾਨ ਸਜਦਾ ਉਥੇ ਸਾਰੇ ਜੁਆਨ ਸੂਰਮੇ ਆ ਸ਼ਾਮਲ ਹੁੰਦੇ। ਗੁਰਬਾਣੀ ਦਾ ਕੀਰਤਨ ਬੀ ਸੁਣਦੇ। ਢਾਢੀ ਵਾਰਾਂ ਬੀ ਲਾਉਂਦੇ ਜੋ ਬੀਰ ਰਸੀ ਉਤਸ਼ਾਹ ਦਿਲਾਂ ਵਿਚ ਭਰਦੇ। ਇਨ੍ਹਾਂ ਵਿਚ ਮੁੱਖ ਢਾਢੀ ਦਾ ਨਾਉਂ ਅਬਦੁੱਲਾ ਸੀ, ਜੈਸਾ ਕਿ ਲਿਖਿਆ ਹੈ –

*ਸੁਨਿ ਅਬਿਦੁਲ ਢਾਢੀ ਚਲਿ ਆਯੋ।*
*ਭਏ ਸੁਭਟ ਤਿਨ ਕੋ ਜਸੁ ਗਾਯੋ।*
*ਜਿਸ ਕੇ ਸੁਨਤਿ ਬੀਰ ਰਸ ਜਾਗੇ।*
*ਕਾਇਰ ਸੋ ਪਿ ਲਰੇ ਨਹਿਂ ਭਾਗੇ॥ ਸੁ:ਪ੍ਰ:ਰਾ: ੪, ੪੪ ੨੩੧੨*

ਸਿੱਖਾਂ ਵਿਚੋਂ ਜੋ ਨਵੇਂ ਬੀਰ ਰਸ ਦੇ ਜੀਵਨ ਲਈ ਆਏ ਸੀ, ਉਹ ਤਾਂ ਅੱਗੇ ਹੀ ਉੱਚੇ ਜੀਵਨ ਤੋਂ ਵਾਕਫ ਤੇ ਗੁਰੂ ਘਰ ਦੇ ਪ੍ਰੇਮੀ ਸੀ, ਹੋਰ ਜੋ ਜੁਆਨ ਆਏ ਤੇ ਭਰਤੀ ਕੀਤੇ, ਉਨ੍ਹਾਂ ਨੂੰ ਧਾਰਮਕ ਜੀਵਨ, ਸਦਾਚਾਰੀ, ਆਦਰਸ਼ ਤੇ ਉਪਕਾਰ ਦੇ ਸਬਕ ਦਿਤੇ ਜਾਂਦੇ। ਉਹ ਬਾਣੀ ਪੜ੍ਹਦੇ, ਸੁਣਦੇ ਤੇ ਸਤਿਗੁਰਾਂ ਦੇ ਇਤਿਹਾਸ ਤੋਂ ਜਾਣੂ ਹੋ ਕੇ ਸਦਾਚਾਰ ਵਿਚ ਉੱਚੇ ਹੋ ਜਾਂਦੇ।

**ਮੀਰੀ ਪੀਰੀ** – ਸ੍ਰੀ ਗੁਰੂ ਜੀ ਧਰਮ ਪ੍ਰਚਾਰ ਤੇ ਬੀਰ ਰਸੀ ਜੀਵਨ ਦੁਇ ਪਹਿਲੂ-ਬ-ਪਹਿਲੂ ਬਨਾ ਰਹੇ ਸਨ। ਅੰਮ੍ਰਿਤ ਵੇਲੇ ਤੇ ਦਿਨ ਚੜ੍ਹੇ ਧਰਮ ਪ੍ਰਚਾਰ ਹੁੰਦਾ। ਦਿਨ ਢਲੇ ਬੀਰ ਰਸੀ ਰੰਗ ਬਝਦੇ, ਯਥਾ –

*ਕਰਹਿਂ ਅਖਰਬ੍ਰਿੱਤ ਕੀ ਲੀਲਾ।*
*ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ।*
*ਆਇ ਅਕਾਲ ਤਖਤਿ ਪਰ ਸੋਹੈਂ।*
*ਲਗਹਿ ਦਿਵਾਨ ਪਿਖਿਹਂ ਮਨ ਮੋਹੈਂ।*
*ਸੋਦਰੁ ਚੌਂਕੀ ਸਬਦ ਸੁਨੰਤੇ।*
*ਸੰਗਤਿ ਆਇ ਰੂਪ ਦਰਸੰਤੇ।*
*ਬਹੁਰ ਜਾਇ ਨਿਜ ਮਹਿਲ ਮਝਾਰਾ।*
*ਅਨਿਕ ਸ੍ਵਾਦ ਕੇ ਅਚਹਿਂ ਅਹਾਰਾ।*
*ਜਾਮ ਗਏ ਜਾਮਨਿ ਸੁਪਤਾਵੈਂ।*
*ਰਹੇ ਜਾਮ ਉਠਿ ਸੋਚਿ ਨਹਾਵੈਂ।*
*ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੁ।*
*ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੁ॥*

*ਸੁ. ਪ੍ਰ. ਰਾ: ੪, ਅੰਸੂ ੪੪, ਸਫਾ ੨੪੧੧*

ਇਸ ਪ੍ਰਕਾਰ ਪ੍ਰਚਾਰ ਹੁੰਦਾ ਗਿਆ। ਘੋੜੇ ਸ਼ਸਤ੍ਰ ਆਦਿਕ ਕੁਛ ਬਾਹਰੋਂ ਸੰਗਤਾਂ ਵਲੋਂ ਆਉਣ ਲਗ ਪਏ ਕੁਛ ਖਰੀਦੇ ਜਾਣ ਲੱਗ ਪਏ। ਜੋਧੇ ਕੋਈ ਕੋਈ ਸਿੱਖ ਆ ਗਏ। ਕੋਈ ਨੌਕਰ ਰੱਖੇ। ਇੱਕ ਵੇਰ ਕਈ ਸੌ ਇਕੱਠੇ ਆ ਗਏ। ਫੇਰ ਇਕ ਵੇਰ ਮਾਝੇ ਮਾਲਵੇ ਵਿਚੋਂ ਵੀਹ ਪੱਚੀ ਦੀ ਉਮਰਾ ਦੇ ਗੱਭਰੂ ਤ੍ਰੈ ਚਾਰ ਸੌ ਆ ਗਏ। ਸਾਰੇ ਰਖ ਲਏ। ਕਵੀ ਜੀ ਲਿਖਦੇ ਹਨ –

*ਜਿਨ ਕੋ ਤੁਰਕ ਗਵਾਰ ਕਹੰਤੇ।*
*ਨਹਿਨ ਚਾਕਰੀ ਹੇਤੁ ਰਖੰਤੇ।*
*ਸਭਿ ਸਤਿਗੁਰੁ ਸੇ ਰਾਖਨਿ ਕਰੇ।*
*ਬਸਤ੍ਰ ਸ਼ਸਤ੍ਰ ਦੇ ਸੁਭਤਾ ਧਰੇ॥*

*ਸੁ. ਪ੍ਰ. ਰਾ: ੪, ਅੰਸੂ ੪੪, ਸਫਾ ੨੪੧੨*

ਫੇਰ ਇਨ੍ਹਾਂ ਲਈ ਘੋੜਿਆ ਦੇ ਪ੍ਰਬੰਧ ਹੋਏ। ਜੰਗੀ ਵਿਦਿਆ ਲਈ ਇਕ ਕਵਾਯਦ ਬਣਾਈ ਜੋ ਦੇਣ ਲਈ ਪਹਿਲੋਂ ਸਿਖਾਏ ਹੋਏ ਜੁਆਨ ਥਾਪੇ। ਇਨ੍ਹਾਂ ਵਿਚ ਬੀਰ ਰਸ ਤੇ ਦੇਸ਼ ਭਗਤੀ ਦਾ ਮਾਦਾ ਪੈਦਾ ਕਰਨ ਲਈ ਲਿਖਿਆ ਹੈ 'ਅਬਦੁਲ' ਨੂੰ ਰੱਖਿਆ। ਇਸ ਦਾ ਪੂਰਾ ਨਾਉਂ ਸੀ 'ਅਬਦੁਲ ਨਥਾ।' ਇਹ ਬੀਰ ਰਸੀ ਕਵਿਤਾ ਦਾ ਲਾਇਕ ਕਵੀ ਤੇ ਵਾਰਾਂ ਗਾਇਨ ਦਾ ਪ੍ਰਬੀਨ ਢਾਢੀ ਸੀ। ਜਿਸ ਦੇ ਗਾਇਨ ਨਾਲ ਬੀਰ ਰਸ ਠਾਠਾਂ ਮਾਰ ਉਠਦਾ ਸੀ। ਹੁਣ ਸੈਨਾ ਕੋਈ ਪੰਜ ਛੇ ਸੌ ਦੇ ਲੱਗਭੱਗ ਹੋ ਗਈ ਜੋ ਬੀਰ ਰਸ ਵਿਚ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਗੁਰੂ ਜੀ ਨੂੰ ਜੋਧੇ ਕਈ ਵੇਰ ਆਖਦੇ –

*ਤੁਮਰੇ ਹੁਕਮ ਓਜ ਦਿਖਰਾਵੈਂ।*
*ਅਰਪਯੋ ਰਾਵਰ ਕੇ ਪਗ ਸੀਸ।*
*ਤੁਮਹਿ ਪ੍ਰਵਾਹ ਨ ਹੇ ਜਗਦੀਸ਼।*
*ਦੁਹਿ ਲੋਕਨਿ ਕੀ ਚਹਿ ਕਲਯਾਨ।*
*ਪਰੇ ਸ਼ਰਨਿ ਰਾਵਰ ਕੀ ਆਨਿ।*
*ਇਸ ਬਿਧਿ ਬਹੁਤ ਬੀਰ ਰਸ ਵਧੇ।*
*ਆਯੁਧ ਬਿੱਦਯਾ ਕੋ ਨਿਤ ਸਧੇ।*
*ਜੋਥਾ ਬ੍ਰਿੰਦ ਬਿਲੰਦ ਅਨੰਦਤਿ।*
*ਗੁਰ ਸੁਖਕੰਦ ਬੰਦਿ ਕਰ ਬੰਦਤਿ।*
*ਸਰਬ ਦਰਬ ਲੇ ਸਦਨ ਪੁਚਾਵੈਂ।*
*ਭੋਜਨ ਦੇਗ ਬਿਖੇ ਨਿਤ ਖਾਵੈਂ।*
*ਸ਼ਸਤ੍ਰ ਬਸਤ੍ਰ ਬਖਸ਼ਹਿਂ ਭਟ ਗਨ ਕੋ।*
*ਜੋ ਅਭਿਲਾਖਤਿ ਮਨ ਮਹਿਂ ਰਨ ਕੋ।*
*ਇਮ ਨਿਤਪ੍ਰਤਿ ਅਤਿ ਚਿਤ ਉਤਸਾਹਿਤ।*
*ਚਮੂੰ ਸਹਤ ਗੁਰ ਕਾਨਨ ਗਾਹਤਿ॥*

*ਸੁ. ਪ੍ਰ: ਰਾ: ੪, ਅੰਸੂ ੪੫, ਸਫਾ ੨੪੧੫*

ਆਪ ਦਾ ਸਰੀਰ ਅਤਿ ਸੁੰਦਰ ਸੀ ਤੇ ਡੀਲ ਲੰਮੀ ਹੋ ਗਈ। ਕਿਸੇ ਫਾਰਸੀ ਲੇਖ ਨੇ ਲਿਖਿਆ ਹੈ ਕਿ ਆਮ ਲੋਕਾਂ ਵਿਚੋਂ ਲੰਮੇ ਸਰੀਰਾਂ ਦੇ ਸਿਰ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਦੇ ਮੋਢਿਆਂ ਤਕ ਮਸਾਂ ਅਪੜਦੇ ਸਨ।

ਇਸ ਪ੍ਰਕਾਰ ਇਨ ਪ੍ਰਤਿ ਦਿਨ ਆਪ ਦਾ ਭੌਤਕ ਸਰੀਰ ਵੱਡਾ ਹੁੰਦਾ ਗਿਆ। ਬੀਰ ਰਸੀ ਸਾਮਾਨ ਵਧਦੇ ਗਏ, ਪਰ ਪਰਮਾਰਥਿਕ ਫਰਜ਼ ਗੁਰਬਾਣੀ ਵਾਲੇ ਰਤਾ ਨਹੀਂ ਘਟੇ, ਨਾ ਉਨ੍ਹਾਂ ਵਲੋਂ ਰੁਚੀ ਘਟੀ। ਜਗਤ ਨੂੰ ਤਾਰਦੇ ਆਪ ਨਾਮ ਪ੍ਰੇਮ ਤੇ ਬਾਣੀ

ਪ੍ਰੇਮ ਦੀ ਅਵਦੀ ਹੋਏ ਰਹੇ। ਬਾਣੀ ਪੜ੍ਹਨ ਵਿਚਾਰਣ ਦਾ ਸ਼ੋਕ ਬਹੁਤ ਸੀ।

**ਲਾਹੌਰ ਜਾਣਾ** – ਲਿਖਿਆ ਹੈ ਕਿ ੧੬੬੯ ਬਿ: ਨੂੰ ਲਾਹੌਰ ਦੀ ਸੰਘਤ ਨੇ ਆਪ ਜੀ ਨੂੰ ਲਾਹੌਰ ਚਲਣੇ ਲਈ ਪ੍ਰੇਰਨਾ ਕੀਤੀ। ਆਪ ਜੀ ਭੀ ਜਾਣਾ ਚਾਹੁੰਦੇ ਸਨ। ਨਾਮ ਪ੍ਰਚਾਰ ਦੇ ਨਾਲ ਇਕ ਪਿਤ੍ਰੀ ਫਰਜ਼ ਪੂਰਾ ਕਰਨ ਦੇ ਪ੍ਰੇਮ ਵਿਚ ਸਨ।

ਲਾਹੌਰ ਗਏ, ਅਪਨੇ ਪ੍ਰੇਮੀ ਸਿੱਖ ਜੀਵਨ ਦੇ ਘਰ ਜਾ ਟਿਕੇ। ਤ੍ਰੈ ਮਹੀਨੇ ਟਿਕੇ। ਨਾਮ ਬਾਣੀ ਦੇ ਖੁੱਲ੍ਹੇ ਗਫੇ ਵੰਡੇ। ਉਸ ਵੇਲੇ ਦੇ ਸ਼ਹਿਰ ਦੇ ਪ੍ਰਸਿੱਧ ਫਕੀਰ, ਭਗਤ ਭੀ ਦਰਸ਼ਨ ਕਰਨ ਤੇ ਗੁਰੂ ਨਾਨਕ ਦੇ ਗਦੀ ਨਸ਼ੀਨ ਜਾਣ ਕੇ ਆਉਂਦੇ ਰਹੇ। ਸਤਿਸੰਗ ਦਾ ਰੰਗ ਬੱਝਦਾ ਰਿਹਾ। ਆਪ ਜੀ ਏਥੇ ਤ੍ਰੈ ਮਹੀਨੇ ਟਿਕੇ। ਇਨੇ ਵਕਤ ਵਿਚ ਆਪ ਨੇ ਉਸ ਟਿਕਾਣੇ ਦੇਹੁਰਾ ਬਣਾਇਆ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਦੇਹੀ ਦਾ ਸਸਕਾਰ ਹੋਇਆ ਸੀ। ਸੋਹਣਾ ਦੇਹੁਰਾ ਹੁਣ ਤਾਈਂ ਸਜ ਰਿਹਾ ਹੈ। ਨਾਲ ਦੀਵਾਨਖਾਨਾ ਬੀ ਹੈ। ਪ੍ਰਕਾਸ਼ ਹੁੰਦਾ ਹੈ।

ਮੀਆਂ ਮੀਰ ਜੀ ਪ੍ਰਸਿੱਧ ਫਕੀਰ ਜੋ ਗੁਰੂ ਘਰਾਨੇ ਦੇ ਭੀ ਪ੍ਰੇਮੀ ਤੇ ਸਮ ਦ੍ਰਿਸ਼ਟ ਸੇ, ਜੋ ਗੁਰੂ ਅਰਜਨ ਦੇਵ ਜੀ ਦੇ ਪ੍ਰੇਮੀ ਸੇ, ਉਨ੍ਹਾਂ ਦੀਆਂ ਕਸ਼ਟਣੀਆਂ ਵੇਲੇ ਆਪ ਸਹਾਇਤਾ ਪੇਸ਼ ਕਰਨ ਗਏ ਸੇ ਤੇ ਸਤਿਗੁਰੂ ਜੀ ਦੀ ਸਹਿਨਸ਼ੀਲਤਾ ਤੇ ਕਹਣੀ ਕਰਨੀ ਦੀ ਏਕਤਾ ਉਸ ਕਸ਼ਟ ਵਿਚ, ਇਕੋ ਜਿਹੀ ਦੇਖ ਕੇ, ਅਤਿਅੰਤ ਪ੍ਰਭਾਵਿਤ ਹੋਏ ਸੇ, ਆਪ ਜੀ ਨਾਲ ਖਾਸ ਪ੍ਰੇਮ ਕਰਦੇ ਰਹੇ।

**ਲੋਹ ਗੜ੍ਹ** – ਲਾਹੌਰ ਦਾ ਕਾਰਜ ਸਾਰ ਕੇ ਆਪ ਜੀ ਫੇਰ ਰਾਮਦਾਸ ਪੁਰੇ ਆ ਗਏ ਤੇ ਆਪ ਨੇ ਮੀਰੀ ਪੀਰੀ ਦੇ ਦੁਇ ਕਾਰਜ ਸਾਰਦੇ ਸੁੱਖ ਵੰਡਦੇ ਰਹੇ। ਆਪਣੀ ਨਗਰੀ ਦੀ ਰੱਖਿਆ ਦਾ ਫਿਕਰ ਹੋਇਆ। ਆਪ ਨੇ ਸੋਚਿਆ ਕਿ ਹੁਣ ਕੋਈ ਛੱਟਾ ਮੋਟਾ ਕੋਟ ਬਣੇ, ਜਿਸ ਵਿਚ ਬੈਠ ਕੇ ਕਿਸੇ ਆਈ ਅਪਦਾ ਵੇਲੇ ਸੂਰਮੇ ਨਗਰ ਦੀ ਰਾਖੀ ਕਰ ਸਕਣ ਅਤੇ ਜਿੱਥੇ ਸਿਲਹ ਖਾਨਾ ਹੋਵੇ, ਜਿਸ ਵਿਚ ਸਾਮਾਨ ਜੰਗ ਸੁਰਖਿਅਤ ਟਿਕਿਆ ਰਹੇ। ਇਹ ਸੋਚ ਅਨੁਸਾਰ ਇਕ ਕੋਟ ਰਚਿਆ ਜਿਸਦਾ ਨਾਉਂ ਲੋਹਗੜ੍ਹ ਰੱਖਿਆ, ਇਸ ਦੇ ਰਚੇ ਜਾਣ ਦਾ ਸੰਮਤ ੧੬੭੧ ਬਿ: ਲਿਖਿਆ ਹੈ।

ਇਥੇ ਸਾਰਾ ਸਮਾਨ ਕਰਕੇ ਆਪ ਜੀ ਤਰਨ ਤਾਰਨ ਗੋਇੰਦਵਾਲ ਹੁੰਦੇ ਦੁਆਬੇ ਵਿਚ ਕਰਤਾਪੁਰੇ ਚਲੇ ਗਏ, ਇਰਦ ਗਿਰਦ ਫਿਰ ਕੇ, ਲਿਖਿਆ ਹੈ ਕਿ ਸੱਤ ਮਹੀਨੇ ਨਾਮ ਦਾਨ ਦੇ ਗਫੇ ਵੰਡੇ। ਕਰਤਾਰਪੁਰ ਵਿਚ ਮਕਾਨ ਬਣਵਾਏ, ਬਾਗ ਲਗਵਾਇਆ। ਆਪਣੇ ਪਿਤਾ ਪ੍ਰਭੂ ਦੀ ਬਣਾਈ ਨਗਰੀ ਨੂੰ ਰੌਣਕ ਦਿਤੀ ਤੇ ਇੱਥੇ ਵਿਸਾਖੀ ਨੂੰ ਜੋੜ ਮੇਲਾ ਲਗਣ ਦੀ ਪਿਰਤ ਟੋਰੀ, ਜੋ ਹੁਣ ਤਕ ਕਾਇਮ ਹੈ।

**ਲਾਹੌਰ ਅਤੇ ਦੁਆਬੇ ਦਾ ਦੌਰਾ** – ਚਾਹੇ ਉਮਰਾ ਛੋਟੀ ਸੀ ਪਰ ਆਤਮਾ ਬਲਵਾਨ ਸੀ, ਹਿਰਦਾ ਕੁਸ਼ਲ ਤੇ ਪਰਮ ਉੱਚਾ ਸੀ, ਬੁੱਧੀ ਅਨੁਭਵੀ ਸੀ, ਜਿਸ ਵਿਚ ਇਨਸਾਨੀ ਅਕਲ ਦਾ ਵੀ ਕਮਾਲ ਸੀ। ਦੁਨੀਆਂ ਵਿਚ ਅਕਬਰ ਵਰਗੇ ਕਈ ਇਨਸਾਨ ਮਾਤਰ ਛੋਟੀ ਉਮਰੇ ਵੱਡੀ ਅਕਲ ਵਾਲੇ, ਵੱਡੇ ਕੰਮ ਕਰਨ ਵਾਲੇ ਹੋਏ ਹਨ। ਏਥੇ ਤਾਂ ਰੂਹਾਨੀ ਕਮਾਲ ਵੀ ਸੀ ਤੇ ਧੁਰੋਂ ਗੁਰੁ ਪਦਵੀ ਲੈ ਕੇ ਆਏ ਸਨ। ਆਪ ਜੀ ਨੇ ਛੋਟੀ ਉਮਰੇ ਹੀ ਸਾਰੇ ਕਾਰਜ ਸੰਭਾਲ ਲਏ ਸਨ। ਤਵਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ ਕਿ ਆਪ ਨੇ ਗੱਦੀ ਬੈਠਣ ਤੋਂ ਕੁਛ ਅਰਸੇ ਮਗਰੋਂ ਦੌਰਾ ਲਾਹੌਰ ਦਾ ਕੀਤਾ ਤੇ ਸੰਗਤ ਨਿਹਾਲ ਹੋਈ। ਉਥੋਂ ਦੇ ਭਗਤਾਂ, ਫਕੀਰਾਂ, ਪ੍ਰਸਿੱਧ ਦਰਵੇਸ਼ਾਂ ਉਤੇ ਆਪਣੀ ਆਤਮਿਕ ਸ਼ਕਤੀ ਅਤੇ ਬੁੱਧੀ ਦੇ ਕਮਾਲ ਦਾ ਅਸਰ ਪਾ ਕੇ ਸਨਮਾਨੇ ਗਏ।

ਲਾਹੌਰ ਰਹਿੰਦਿਆਂ ਇਕ ਦਿਨ ਇਕ ਭਗਤ ਨੇ ਆਪ ਤੋਂ ਅਦਬ ਨਾਲ ਪੁੱਛਣਾ ਕੀਤੀ ਕਿ ਸਿੱਖਾਂ ਨੂੰ ਲੜਾਈ ਕਿਉਂ ਸਿੱਖਾ ਰਹੇ ਹੋ?

ਗੁਰੁ ਜੀ ਮੁਸਕਰਾਏ ਤੇ ਬੋਲੇ, ਸੁਣੋ ਵਾਕ ਕਬੀਰ ਜੀ ਦਾ –

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥***

***ਅੰਗ – ੧੧੦੫***

ਭਗਤ ਨੇ ਸਿਰ ਨਿਵਾ ਦਿਤਾ ਤੇ ਕਿਹਾ, ਸੱਚ ਫੁਰਮਾਇਆ ਨੇ।

ਇਕ ਦਿਨ ਮਿਲਣ ਆਏ ਪੀਰਾਂ ਫਕੀਰਾਂ ਵਿਚੋਂ ਇਕ ਨੇ ਪੁੱਛਿਆ ਕਿ ਆਪ ਜੀ ਨੇ ਗੁਰੂ ਨਾਨਕ ਸੁਲਹ ਕੁਲ ਦੇ ਪੰਥ ਵਿਚ ਹਿੰਸਾ ਕਿਉਂ ਜਾਰੀ ਕਰ ਦਿਤੀ ਹੈ? ਹਥਿਆਰ ਬੰਦ ਹੋ ਕੇ ਕੌਣ ਹਿੰਸਾ ਤੋਂ ਬਚ ਸਕਦਾ ਹੈ?

ਗੁਰੂ ਜੀ ਮੁਸਕਰਾਏ ਤੇ ਬੋਲੇ, ਇਹ ਪੁੱਛ ਕਿਸੇ ਜੈਨੀ ਸਾਧੂ ਤੋਂ ਤਾਂ ਫਬਦੀ ਹੈ, ਪਰ ਆਪ ਦੇ ਬਜ਼ੁਰਗਾਂ ਨੇ ਜਿਨ੍ਹਾਂ ਇਸਲਾਮ ਟੋਰਿਆ, ਦੀਨ ਦੀ ਹਿਦਾਇਤ ਬੀ ਦਿੰਦੇ ਸਨ ਅਤੇ ਸ਼ਮੇਸ਼ੇਰ-ਜ਼ਨੀ ਬੀ ਕਰਦੇ ਸਨ, ਨੂੰ ਕਹਿਣੀ ਨਹੀਂ ਬਣਦੀ।

ਇਹ ਸੁਣ ਕੇ ਪੀਰ ਜੀ ਨੇ ਕਿਹਾ, ਬਹੁਤ ਖੂਬ! ਘਰ ਪੂਰਾ ਕਰ ਦਿਤਾ ਨੇ।

ਇਕ ਦਿਨ ਇਕ ਵੈਸ਼ਨਵ ਸੰਤ ਆਪ ਜੀ ਨੂੰ ਮਿਲੇ, ਉਨ੍ਹਾਂ ਵੀ ਇਹੋ ਪ੍ਰਸ਼ਨ ਕੀਤਾ ਕਿ ਆਪਣੇ ਸਿੱਖਾਂ ਨੂੰ ਜੋ ਚਾਹੇ ਗ੍ਰਹਿਸਤ ਵਿਚ ਹਨ, ਸਾਧੂ ਜੀਵਨ ਬਸਰ ਕਰਦੇ ਹਨ, ਉਨ੍ਹਾਂ ਨੂੰ ਤਲਵਾਰ ਕਾਸਨੂੰ ਫੜਾਈ?

ਤਾਂ ਆਪ ਬੋਲੇ, ਤਲਵਾਰ ਫੜਾਈ ਹੈ ਕਿ ਜ਼ਾਲਮ ਦੀ ਤਲਵਾਰ ਦੇ ਅੱਗੇ ਢਾਲ ਦਾ ਕੰਮ ਦੇਵੇ। ਕਤਲ ਲਈ ਨਹੀਂ ਪਰ ਕੀਕੂੰ ਕਤਲ ਹੋਈਦਾ ਹੈ? ਇਨ੍ਹਾਂ ਨੂੰ ਸਿਖਾਲਣਾ ਹੈ –

***ਕਰਮ ਕਰਤ ਹੋਵੈ ਨਿਹਕਰਮ ॥***
***ਤਿਸੁ ਬੈਸਨੋ ਕਾ ਨਿਰਮਲ ਧਰਮ ॥*** ***ਅੰਗ – ੨੭੪***

ਪਿਛਲੇ ਸਤਿਗੁਰਾਂ ਵਾਂਗੂੰ ਆਪ ਜੀ ਨੂੰ ਕੁਛ ਯੋਗੀ ਆ ਮਿਲੇ। ਇਨ੍ਹਾਂ ਵਿਚੋਂ ਇਕ ਨੇ ਪੁੱਛਿਆ, ਆਪ ਦੇ ਪਿਤਾ ਜੀ ਚਾਹੋ ਅਤੀਤ ਨਹੀਂ ਸਭ ਪਰ ਪੂਰੇ ਯੋਗੀ-ਰਾਜ ਸਨ। ਸਾਹਿਬ ਕਰਾਮਾਤ ਸਨ। ਉਹ ਚਾਹੁੰਦੇ ਤਾਂ ਕਰਾਮਾਤ ਨਾਲ ਮੁਗਲ ਪਾਤਸ਼ਾਹੀ ਖਤਮ ਕਰ ਦਿੰਦੇ ਪਰ ਆਪ ਨੇ ਅਕਹਿ ਤੇ ਅਸਹਿ ਕਸ਼ਟ ਸਹਾਰੇ, ਸੀ ਤਕ ਨਾ ਕੀਤੀ, ਤੇ ਦੁਸ਼ਟਾਂ ਦਾ ਨਾਸ਼ ਨਾ ਕੀਤਾ?

ਗੁਰੂ ਜੀ ਨੇ ਇਕ ਲੰਮਾ ਸਾਹ ਲਿਆ ਤੇ ਫੁਰਮਾਇਆ, ਪਿਆਰੇ ਪਿਤਾ ਜੀ ਸਰਬ ਸਾਧਾਰਨ ਨੂੰ ਯੋਗੀ ਬਨਾਇਆ ਚਾਹੁੰਦੇ ਸਨ ਜੋ ਅਭਿਨਿਵੇਸ਼ ਜਿੱਤਣਾ ਸਿੱਖ ਜਾਣ, ਅਰਥਾਤ ਇਸ ਦੇਹ ਦਾ ਮੋਹ ਛੱਡ ਦੇਣ। 'ਅਭਿਨਿਵੇਸ਼' ਜਿੱਤ ਕੇ ਅਲੱਗ ਹੋ ਬਹਿਣਾ ਵਿਰਲੇ ਯੋਗੀ ਦਾ ਕੰਮ ਹੈ। ਉਸ ਦਾ ਸੁੱਖ ਕੇਵਲ ਉਸ ਯੋਗੀ ਨੂੰ ਹੈ। ਸਰਬ ਸਾਧਾਰਣ ਸਿੱਖ ਲੈਣ ਤਾਂ ਓਪਰਿਆ ਦੇ ਦਬੇਲ ਨਾ ਰਹਿਣ।

ਗੁਰੂ ਜੀ ਦਾ ਭਾਵ ਇਹ ਸੀ ਕਿ ਆਮ ਲੋਕ ਮੌਤ ਦਾ ਡਰ ਦੂਰ ਕਰ ਦੇਣ, ਸੱਚ ਦੀ ਖਾਤਰ, ਉਪਕਾਰ ਦੀ ਖਾਤਰ, ਸੁਤੰਤਰਤਾ ਦੀ ਖਾਤਰ, ਜਿੰਦ ਦੇਣ ਨੂੰ ਤਿਆਰ ਹੋ ਜਾਣ। ਇੱਜ਼ਤ ਨਾਲ ਮਰਨਾ ਪਸੰਦ ਕਰਨ ਅਤੇ ਜ਼ਿਲਤ ਨਾਲ ਜੀਉਣਾ ਪਸੰਦ ਨਾ ਕਰਨ। ਅਪਨਾ ਰਾਜ ਆਪ ਕਰਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਇਹ ਕਰਾਮਾਤ ਕੀਤੀ ਕਿ ਸਿੱਖਾਂ ਵਿਚ ਆਪਾਵਾਰਨ ਦਾ ਮਾਦਾ ਪੈਦਾ ਹੋ ਗਿਆ।

ਇਸੇ ਤਰ੍ਹਾਂ ਇਕ ਪੰਡਤ ਨੇ ਇਕ ਦਿਨ ਪੁੱਛਿਆ, ਮੈਂ ਆਪ ਦਾ ਸਿੱਖ ਹਾਂ। ਮੈਂ ਰਾਮ ਜੀ ਨੂੰ ਤ੍ਰੇਤਾ ਦਾ, ਕ੍ਰਿਸ਼ਨ ਜੀ ਨੂੰ ਦੁਆਪਰ ਦਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਲਜੁਗ ਦਾ ਅਵਤਾਰ ਮੰਨਦਾ ਹਾਂ। ਸਗੋਂ ਗੁਰੂ ਜੀ ਨੂੰ ਅਪਨਾ ਨਿਜ ਇਸ਼ਟਦੇਵ ਅਤੇ ਅਵਤਾਰ ਸ਼੍ਰਿਮੋਣੀ ਮੰਨਦਾ ਹਾਂ। ਉਹ ਗੁਰੂ ਅਵਤਾਰ ਹਨ। ਆਪ ਨੂੰ ਉਨ੍ਹਾਂ ਦਾ ਰੂਪ ਉਹੋ ਸਮਝਦਾ ਹਾਂ। ਕ੍ਰਿਪਾ ਕਰਕੇ ਦਸੋ, ਇਹ ਤਮੋ ਗੁਣੀ ਜੰਗ ਲੜਾਈ ਦੇ ਸਮਾਨ ਕਿਉਂ ਦੁਆਲੇ ਲੈ ਆਂਦੇ ਜੇ?

ਆਪ ਨੇ ਪੰਡਿਤ ਵਲ ਤਕਿਆ ਤੇ ਬੋਲੇ, ਰਾਮ ਜੀ ਨੇ ਰਾਵਣ ਨਾਲ ਜੁੱਧ ਰਚਾ ਕੇ ਉਸ ਦੇ ਹਜ਼ਾਰਾਂ ਜੋਧੇ, ਪੁੱਤ੍ਰ, ਪੋਤੇ ਮੁਕਾਏ ਅਤੇ ਆਪਣੀ ਸੈਨਾ ਦੇ ਹਜ਼ਾਰਾਂ ਮਰਵਾਏ। ਇਕ ਇਸਤ੍ਰੀ ਛੁਡਾ ਕੇ ਲਿਆਏ। ਕ੍ਰਿਸ਼ਨ ਜੀ ਨੇ ਲੜਨੋਂ ਉਦਾਸ ਪਾਂਡਵਾਂ ਤੋਂ ਜੁੱਧ ਰਚਵਾ ਦਿਤਾ ਤੇ ੧੮ ਖੂਣੀ ਸੈਨਾ ਚਲ ਬਸੀ। ਪੰਡਤ ਜੀ ਕਿਆ ਉਨ੍ਹਾਂ ਨੇ ਤਮੋ ਗੁਣੀ ਕੰਮ ਕੀਤਾ?

ਪੰਡਤ ਸਮਝ ਗਿਆ ਤੇ ਚਰਨਾਂ ਉਤੇ ਸਿਰ ਧਰ ਦਿਤਾ - ਸੱਚ ਹੈ ਕਲਜੁਗ ਦੇ ਰਖਿੱਅਕ ਅਤੇ ਤਾਰਨਹਾਰ ਜੀ।

ਗੁਰੂ ਜੀ ਹੀਣੀ ਹੋ ਗਈ ਪਰਜਾ, ਬਦੇਸੋਂ ਆਏ ਪਠਾਣਾਂ ਮੁਗਲਾਂ ਦੀ ਕੁੱਠੀ ਪਰਜਾ ਨੂੰ ਪੈਰਾਂ ਤੇ ਖੜੋਣ ਦੀ ਜਾਚ ਸਿਖਾਣ ਲੱਗਾ ਹਾਂ ਤਾਂ ਇਹ ਸ਼ੋਰਯਾ ਹੈ, ਉਤਸ਼ਾਹ ਹੈ, ਬੀਰ ਰਸ ਹੈ। ਮੈਂ ਧਰਮ ਰੱਖਿਆ ਵਾਸਤੇ, ਸੱਚ ਦੀ ਰੱਖਿਆ ਵਾਸਤੇ, ਧਰਮਾਤਮਾ ਦੀ ਰੱਖਿਆ ਵਾਸਤੇ ਅਤੇ ਹੀਣੀ ਹੋ ਗਈ ਪਰਜਾ ਵਾਸਤੇ, ਜਾਨ ਭਰ ਦੇਣ ਲੱਗਾ ਹਾਂ।

ਇਸੀ ਤਰ੍ਹਾਂ ਆਪ ਜੀ ਨੇ ਇਕ ਦੌਰਾ ਦੁਆਬੇ ਦਾ ਕੀਤਾ। ਸਾਰੇ ਇਲਾਕੇ ਵਿਚ ਘੁੰਮੇ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਲੱਗਭੱਗ ਸੱਤ ਮਹੀਨੇ ਫਿਰੇ। ਫੇਰ ਆਪ ਨੇ ਪਿਤਾ ਜੀ ਦੇ ਵਸਾਏ ਨਗਰ ਦੁਆਬੇ ਵਾਲੇ ਕਰਤਾਰਪੁਰ ਆ ਟਿਕੇ ਅਤੇ ਪ੍ਰਚਾਰ ਕਰਦੇ ਰਹੇ। ਅਨੇਕਾਂ ਲੋਕਾਂ ਨੂੰ ਨੇਕ ਬਣਾਇਆ ਅਤੇ ਬਾਣੀ ਨਾਮ ਵਿਚ ਲਾਇਆ। ਤਦੋਂ ਵਿਸਾਖੀ ਦਾ ਜੋੜ ਮੇਲਾ ਕਾਇਮ ਕੀਤਾ। ਫੇਰ ਆਪ ਜੀ ਰਾਮਦਾਸ ਪੁਰੇ ਆ ਟਿਕੇ।

**ਦਿਲੀਓਂ ਸਦਾ** - ਗੁਰੂ ਜੀ ਆਪਣਾ ਕਾਰਜ ਵਿਸ਼ੇਸ਼ ਤਾਂ ਵੱਡੇ ਗੁਰੂ ਸਾਹਿਬਾਂ ਵਾਂਗੂੰ ਧਰਮ ਪ੍ਰਚਾਰ ਦਾ ਹੀ ਕਰਦੇ ਸੇ ਪਰ ਬੀਰ ਰਸੀ ਠਾਠ ਵਲ ਬੀ ਧਿਆਨ ਸੀ। ਕੁਛ ਸੈਨਾ ਬੀ ਹੋ ਗਈ ਸੀ, ਚਾਹੋ ਅਜੇ ਬੜੀ ਥੋੜ੍ਹੀ ਸੀ। ਤਖਤ ਉਤੇ ਬੈਠਣਾ ਸ੍ਰੀ ਸਾਹਿਬ ਆਦਿ ਲਿਬਾਸ ਅਤੇ ਚੜ੍ਹਤ ਬੜਤ ਸਿਪਾਹੀਆਨਾ ਬੀ ਸੀ। ਰੱਬ ਦੀ ਦਾਤ ਸਰੀਰ ਚੰਗਾ, ਸਰੂ ਵਾਂਗੂੰ ਉੱਚਾ ਵੱਧ ਮੌਲਿਆ, ਸ਼ਕਲ ਸੂਰਤ ਅਤਿ ਸੋਹਣੀ ਸੀ। ਕਦ ਵਿਚ ਚੰਗੇ ਜੁਆਨਾਂ ਤੋਂ ਮੋਢਾ ਕੱਢ ਟੁਰਦੇ ਸਨ।

ਸੰਗਤਾਂ ਸਾਰੇ ਦੇਸ਼ ਵਿਚ ਫੈਲ ਰਹੀਆਂ ਸਨ, ਪੰਜਾਬ ਵਿਚ ਤਾਂ (ਸ਼ਹਿਰਾਂ, ਗਿਰਾਵਾਂ) ਸਭ ਥਾਈਂ ਸਿੱਖਾਂ ਦੀ ਗਿਣਤੀ ਅੱਗੇ ਨਾਲੋਂ ਬੀ ਵੱਧ ਹੋ ਤੁਰੀ। ਕਈ ਵੇਰ ਜੀਵਨ-ਦਾਨ ਲੈਣ ਆਏ ਕਈ ਸਿੱਖ ਜੋ ਆਪੋ ਵਿਚ ਕਿਸੇ ਗੱਲੇ ਝਗੜੇ ਜਾਂ ਵੈਰ ਵਿਰੋਧ ਵਿਚ ਹੁੰਦੇ ਉਹ ਨਿਆਂ ਗੁਰੂ ਜੀ ਅੱਗੇ ਲਿਆ ਰਖਦੇ ਅਤੇ ਜੋ ਹੁਕਮ ਹੋ ਜਾਂਦਾ, ਦੁਇ ਧਿਰਾਂ ਉਸ ਤੇ ਟੁਰ ਪੈਂਦੀਆਂ। ਸਿੱਖਾਂ ਦੇ ਪਰਸਪਰ ਝਗੜਿਆਂ ਦੇ ਨੇੜੇ, ਇਹ ਪਹਿਲੇ ਗੁਰੂ ਸਾਹਿਬਾਂ ਦੇ ਵੇਲੇ ਬੀ ਕਈ ਵਾਰ ਸ੍ਰੀ ਸਤਿਗੁਰੂ ਨਬੇੜਦੇ ਸਨ। ਸਿੱਖ ਅਦਾਲਤਾਂ ਵਿਚ ਘੱਟ ਹੀ ਜਾਂਦੇ। ਪਰ ਹੁਣ ਹੋਰ ਲੋਕ ਵੀ ਕਈ ਵੇਰ ਗੁਰੂ ਜੀ ਦੇ ਨਿਆਂ ਨੂੰ ਸੱਚ ਅਤੇ ਅੰਤਰਯਾਮਤਾ ਦੇ ਰੰਗ ਵਾਲਾ ਸਮਝ ਕੇ ਆ ਪਹੁੰਚਦੇ। ਗੁਰੂ ਸਾਹਿਬ ਦੁਵੱਲੀ ਸੁਣ ਕੇ ਨੇ ਨਬੇੜਾ ਕਰ ਦਿੰਦੇ ਅਤੇ ਇਹ ਲੋਕ ਸਿਰ ਮੱਥੇ ਉਤੇ ਮੰਨ ਟੁਰਦੇ।

ਗੁਰੂ ਦ੍ਰੋਹੀ ਇਹ ਵਧ ਰਿਹਾ ਪ੍ਰਤਾਪ ਅਤੇ ਬਲ ਵੇਖ ਕੇ ਘਬਰਾ ਰਹੇ ਸਨ। ਹੁੰਦੇ-ਹੁੰਦੇ ਲਿਖੇ ਹਾਲਾਤ ਤੋਂ ਪਤਾ ਚਲਦਾ ਹੈ ਕਿ ਫੇਰ ਗੁਰੂ ਵਿਰੁੱਧ ਘੋਰ ਮਸੋਰ ਹੋ ਕੇ ਇਕ ਵਿਉਂਤ ਕਰਕੇ ਜਹਾਂਗੀਰ ਦੇ ਕੰਨ ਭਰੇ ਗਏ ਕਿ ਨਵਾਂ ਗੁਰੂ ਪਾਤਸ਼ਾਹੀ ਦਾ ਦਾਵੇਦਾਰ ਬਣ ਰਿਹਾ ਹੈ ਤੇ ਫੌਜਾਂ ਇਕੱਠੀਆਂ ਕਰ ਰਿਹਾ ਹੈ। ਆਪਣਾ ਠਾਠ ਬੀ ਪਾਤਸ਼ਾਹੀ ਕਰ ਲਿਆ ਸੂ। ਤਖਤ ਉਤੇ ਬੈਠਦਾ ਅਤੇ ਨਿਆਂ ਬੀ ਕਰਦਾ ਹੈ। ਇਸਦਾ ਹੁਣੇ ਪ੍ਰਬੰਧ ਲੋੜੀਏ। ਜਹਾਂਗੀਰ ਨੇ ਵਜ਼ੀਰ ਖਾਂ, ਆਪਣੇ ਮੋਅਤਬਰ ਅਹੁਦੇਦਾਰ ਨਾਲ ਗੱਲਬਾਤ ਗਿਣੀ ਅਤੇ ਕਿਹਾ ਕਿ ਗੁਰੂ ਜੀ ਨੂੰ ਦਿੱਲੀ ਲੈ ਆਓ।

ਜਾਪਦਾ ਹੈ ਵਜ਼ੀਰ ਖਾਂ ਨੇ ਕੁਛ ਸਹਿੰਦੀ-ਸਹਿੰਦੀ ਗੱਲਬਾਤ ਗੁਰੂ ਪੱਖ ਦੀ ਕੀਤੀ ਕਿ ਗੁਰੂ ਧਾਰਮਕ ਆਗੂ ਹੈ, ਅਜੇ ਉਮਰ ਛੋਟੀ ਹੈ ਪਰ ਸਾਹਿਬ ਕਸ਼ਫ (ਆਤਮ ਰਸੀਆ ਅਤੇ ਕਰਾਮਾਤੀ) ਹੈ। ਲੋਕ ਇਸ ਕਰਕੇ ਬਹੁਤ ਸਨਮਾਨ ਕਰਦੇ ਹਨ। ਕੋਈ ਅਪਰਾਧ ਵਾਲੀ ਗੱਲ ਉਨ੍ਹਾਂ ਨੇ ਨਹੀਂ ਕੀਤੀ। ਘੋੜੇ, ਸਿਪਾਹੀ, ਹੋਰ ਬੀ ਕਈ ਅਮੀਰ ਜੋ ਸਰਕਾਰੀ ਨੌਕਰ ਨਹੀਂ, ਰਖਦੇ ਹਨ। ਕਈ ਪੀਰਾਂ ਪਾਸ ਬੀ ਜੁਆਨ ਹਨ। ਜਿੱਥੇ ਗੁਰੂ ਰਹਿੰਦਾ ਹੈ ਨਗਰੀ ਆਪ ਵਸਾਈ ਹੈ, ਉਹ ਥਾਂ ਮਾਝੇ ਦਾ ਸਿਰਾ ਹੈ। ਮਾਝੇ ਵਿਚ ਕਈ ਗੱਠ ਧਾੜਵੀ ਹਨ, ਕੀਹ ਜਾਣੀਏ ਆਪਣੀ ਨਗਰੀ ਦੀ ਰਾਖੀ ਲਈ ਕੁਛ ਜੁਆਨ ਰੱਖੇ ਹੋਣ। ਇਸ ਲਈ ਹਜ਼ੂਰ ਜੋ ਚਾਹੋ ਸੋ ਕਰੋ, ਪਰ ਹੋਰ ਪੜਤਾਲ ਕਰ ਲਓ ਤਾਂ ਚੰਗਾ ਹੈ। ਆਪ ਇਨਸਾਫ ਦੇ ਲਈ ਸਦਾ ਤਤਪਰ ਹੋ ਤੇ ਮਸ਼ਹੂਰ ਹੋ।

ਜਹਾਂਗੀਰ ਨੇ ਦਿਲ ਦੀ ਗੱਲ ਤਾਂ ਨਾ ਕਹੀ, ਇਤਨਾ ਹੀ ਕਿਹਾ ਕਿ ਤੂੰ ਆਪ ਜਾਹ, ਨਾਲ ਕਿੰਚ ਬੇਗ ਨੂੰ ਲੈ ਜਾਹ, ਹਾਲਾਤ ਆਪ ਦੇਖ ਭਾਲ ਆ ਅਤੇ ਆ ਕੇ ਦੱਸ ਪਰ ਗੁਰੂ ਨੂੰ ਆਪਣੇ ਨਾਲ ਲੈ ਆ, ਜੇ ਕੁਛ ਗੱਲ ਹੈ ਤਾਂ ਪਾਤਸ਼ਾਹੀ ਜਲਾਲ ਦੇਖ ਕੇ ਗੁਰੂ ਆਪੇ ਹੋਸ਼ ਵਿਚ ਆ ਜਾਸੀ। ਤਦ ਵਜ਼ੀਰ ਖਾਂ ਨੇ ਸਿਰ ਨਿਵਾ ਕੇ ਕਿਹਾ - ਹਾਂ ਹਜ਼ੂਰ ਆਪ ਦੇਖੋਗੇ ਤਾਂ ਪੂਰੀ ਤਸੱਲੀ ਹੋ ਜਾਏਗੀ ਕਿ ਗੁਰੂ ਦੀਨ ਦਾ ਹਾਦੀ ਹੈ ਅਤੇ ਉਸਦਾ ਦੁਨਿਆਵੀ ਪ੍ਰਤਾਪ ਦੀਨੀ ਪ੍ਰਤਾਪ ਕਰਕੇ ਹੈ ਅਤੇ ਵਧਦਾ ਹੈ।

ਵਜ਼ੀਰ ਖਾਂ ਪੱਕੇ ਨਿਸ਼ਚੇ ਵਾਲਾ ਸਿੱਖ ਸੀ ਅਤੇ ਇਸੇ ਕਰਕੇ ਗੁਰੂ ਜੀ ਦਾ ਪੂਰਾ ਪੱਖ ਕਰਦਾ ਸੀ। ਕਿੰਚ ਬੇਗ ਸਿੱਖ ਤਾਂ ਨਹੀਂ ਸੀ ਪਰ ਖੋਟੇ ਦਿਲ ਵਾਲਾ ਨਹੀਂ ਸੀ। ਦੁਇ ਹੁਣ ਦਿਲੀਓਂ ਟੁਰ ਕੇ ਰਾਮਦਾਸ ਪੁਰੇ ਆ ਗਏ।

**ਅੰਮ੍ਰਿਤਸਰੋਂ ਕੂਚ** - ਗੱਲ ਕੀ ਵਜ਼ੀਰ ਖਾਂ ਅਤੇ ਕਿੰਚ ਬੇਗ ਦਿੱਲੀ ਤੋਂ ਚਲ ਕੇ ਰਾਮਦਾਸ ਪੁਰੇ ਆਏ। ਸਤਿਗੁਰੂ ਜੀ ਨੂੰ ਅਦਬ ਨਾਲ ਮਿਲੇ ਅਤੇ ਦਸਿਆ ਕਿ ਪਾਤਸ਼ਾਹ ਨੇ ਆਪ ਨੂੰ ਦਿੱਲੀ ਦਰਸ਼ਨ ਦੇਣ ਲਈ ਸੱਦਿਆ ਹੈ। ਗੁਰੂ ਜੀ ਨੇ ਕਾਰਣ ਪੁੱਛਿਆ ਤਾਂ ਉਹਨਾਂ ਕਿਹਾ ਕਿ ਬਹੁਤੀ ਗਲੋਂ ਕੁਛ ਚੁਗਲੀਆਂ ਵੈਰੀਆਂ ਨੇ ਕੀਤੀਆਂ ਹਨ ਅਤੇ ਉਸਨੂੰ ਸ਼ੱਕ ਪਏ ਹਨ। ਆਪ ਜੇ ਚਲੇ ਚੱਲੋ ਤਾਂ ਮੌਕਿਆ ਬਣ ਸਕਦਾ ਹੈ, ਸਾਰੀ ਗੱਲ ਦੀ ਅਸਲੀਅਤ ਪਾਤਸ਼ਾਹ ਤੇ ਖੁਲ੍ਹ ਪੈਣ ਦਾ ਅਤੇ ਕੁਛ ਚੰਗੀ ਗੱਲ ਹੋਣ ਜਾਣ ਦਾ। ਵੈਸੇ ਕੋਈ ਖਤਰਾ ਅੱਗੇ ਵਾਂਗ ਨਹੀਂ। ਕਿਉਂਕਿ ਕੋਈ ਖਾਸ ਗੱਲ ਐਸੀ ਨਹੀਂ ਕਿ ਪਾਤਸ਼ਾਹ ਕੋਈ ਜ਼ੁਲਮ ਕਰੇ, ਕੋਈ ਕਾਰਣ ਉਸ ਦੇ ਹੱਥ ਵਿਚ ਨਹੀਂ ਹੈ, ਵੈਸੇ ਉਹ ਆਪਣੇ ਇਨਸਾਫ ਦਾ ਆਪ ਬੜੇ ਫਖਰ ਕਰਨੇ ਵਾਲਾ ਬੀ ਹੈ। ਕੋਈ ਕਾਰਣ ਮਿਲੇ ਬਿਨਾਂ ਕੋਈ ਉਪਦ੍ਰਵ ਨਾ ਕਰ ਸਕੇਗਾ। ਅਸੀਂ ਬੀ ਆਪ ਦੇ ਦਾਸ ਕੋਲ ਹਾਂ।

ਜਦ ਡੇਰੇ ਖਬਰ ਹੋਈ ਕਿ ਪਾਤਸ਼ਾਹੀ ਸੱਦਾ ਆਇਆ ਹੈ ਤਾਂ ਪਹਿਲੋਂ ਤਾਂ ਬੜੀ ਘਬਰਾਹਟ ਹੋਈ। ਪਿਛਲਾ ਸੱਦਾ ਯਾਦ ਕਰ ਕੇ ਫਿਕਰ ਪੈਣਾ ਹੀ ਸੀ। ਬਾਬਾ ਬੁੱਢਾ ਅਤੇ ਭਾਈ ਗੁਰਦਾਸ ਜੀ ਨਾਲ ਵਿਚਾਰ ਕਰਨ ਤੇ, ਸਤਿਗੁਰੂ ਜੀ ਦੀ ਆਪਣੀ ਸਲਾਹ, ਜਾਣ ਦੀ ਬਣੀ। ਪਰ ਮਾਤਾ ਜੀ ਅਤੇ ਹੋਰ ਨਿਕਟਵਰਤੀ ਉਦਾਸੀ ਵਿਚ ਸਨ। ਫੇਰ ਮਾਤਾ ਜੀ ਨੂੰ ਗੁਰੂ ਜੀ ਦੇ ਸਮਝਾਉਣ ਪਰ ਕੁਛ ਤਸੱਲੀ ਹੋ ਗਈ ਅਤੇ ਬਾਕੀ ਸੰਗਤ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਸਮਝਾਉਣ ਪਰ ਮੰਨ ਗਈ। ਇਉਂ ਗੁਰੂ ਜੀ ਟੁਰ ਪਏ ਅਤੇ ਦੋ ਕੋਹਾਂ ਉਤੇ ਪਹਿਲਾ ਡੇਰਾ ਕੀਤਾ। ਓਥੇ ਰਾਤ ਰਹਿ ਕੇ ਗੁਰੂ ਜੀ ਨੇ, ਸਵੇਰੇ 'ਵਾਰ' ਦਾ ਭੋਗ ਪਾ ਕੇ, ਸੰਗਤਾਂ ਨੂੰ ਵਿਦਾ ਕੀਤਾ ਅਤੇ ਆਪ ਅੱਗੇ ਟੁਰੇ। ਸਿਰੀ ਗੁਰੂ ਜੀ ਨੇ ਹਰਿ ਮੰਦਰ ਦੀ ਕੀਰਤਨ ਆਦਿ ਦੀ ਮਰਿਯਾਦਾ, ਆਈਆਂ ਸੰਗਤਾਂ ਨੂੰ ਉਪਦੇਸ਼ ਅਤੇ ਹੋਰ ਕੰਮ ਬਾਬਾ ਬੁੱਢਾ ਜੀ ਨੂੰ ਲੰਗਰ ਦਾ ਪ੍ਰਬੰਧ, ਭਾਈ ਗੁਰਦਾਸ ਨੂੰ ਸੰਗਤਾਂ ਦੀ ਖਾਤਰ ਰਿਹਾਇਸ਼ ਦਾ ਬੰਦੋਬਸਤ ਅਤੇ ਨਗਰੀ ਤੇ ਮੰਦਰਾਂ ਦੀ ਹੋਰ ਸਾਰੀ ਸਪੁਰਦੀ ਕੀਤੀ। ਗੱਲ ਕੀਹ ਪ੍ਰਬੰਧ ਤੇ ਪ੍ਰਚਾਰ ਦੇ ਸਾਰੇ ਕੰਮ ਦੋਹਾਂ ਦੀ ਸਪੁਰਦੀ ਵਿਚ ਦਿਤੇ। ਫੇਰ ਮਾਤਾ ਜੀ ਦੀ ਆਗਿਆ ਪਾਲਨ ਦੀ ਦੋਹਾਂ ਨੂੰ ਤਾਕੀਦ ਕੀਤੀ ਅਤੇ ਇਨ੍ਹਾਂ ਦੇ ਨਾਲ ਯਾ ਆਗਿਆ ਵਿਚ ਭਾਈ ਬਹਿਲੋ, ਭਾਈ ਭਗਤੂ ਆਦਿ ਨਗਰ ਦੇ ਪ੍ਰਬੰਧ ਵਿਚ ਲਾਏ। ਹੋਰ ਸ਼ਹਿਰੀਆਂ ਨੂੰ ਸੁਮਤਿ ਦਿਤੀ ਕਿ ਸੋਹਣੀ ਤਰ੍ਹਾਂ ਪਰਸਪਰ ਪਿਆਰ, ਨੇਕੀ ਅਤੇ ਨਾਮ ਸਿਮਰਨ ਦਾ ਜੀਵਨ ਬਣਾਓ, ਪਰਉਪਕਾਰ ਕਰੋ ਅਤੇ ਪਾਪ ਕਰਮਾਂ ਤੋਂ ਸਦਾ ਬਚੋ।

ਤਵਾ:ਗੁ:ਖ: ਮੁਜਬ ਸ੍ਰੀ ਗੁਰੂ ਜੀ ਨੇ ਹੇਠ ਲਿਖੇ ਸਿੱਖ ਦਾਨੇ, ਸੂਰਬੀਰ, ਧਰਮੀ ਅਤੇ ਪਰਉਪਕਾਰੀ ਸੱਜਣ ਆਪ ਨੇ ਲਏ।

ਭਾਈ ਬਿਧੀ ਚੰਦ, ਜੇਠਾ, ਪੈੜਾ, ਮੋਖਾ, ਰਾਜੂ, ਸਨਮੁਖ, ਦਿਲਵਾਲੀ, ਭਾਨਾ, ਮੁਨਸ਼ੀ, ਬਟਾਲੇ ਵਾਲਾ ਬਹਿਲ ਖਤ੍ਰੀ, ਕਾਲੀ ਦੀਨ, ਮੋਹਨ, ਦੇਵੀ ਸਿੰਘ, ਪੂਰਬੀਏ ਸੁੰਦਰਦਾਸ, ਵੈਰਾਗੀ ਗੰਗੂ, ਬਹਾਦਰ ਜੈਤਾ (ਸ਼ੇਰ ਗੁਰੂ ਕਾ) ਭਾਈ ਕਾਲਾ, ਤਖਤਾ ਮਲਵਈ, ਦੁਲਤ ਜੱਟ, ਜਿਹੜੇ ਅੱਧੇ ਅੱਧੇ ਮਣ ਦੀ ਸਾਂਗ ਰਖਦੇ ਸੇ, ਭਾਈ ਤਿਲੋਕ ਚੰਦ ਰਿਸਾਲਦਾਰ, ਭਾਈ ਲਾਲੂ ਬਾਲੂ ਦੀਵਾਨ ਅਤੇ ਭਾਈ ਸ਼ੇਰੂ ਆਦਿਕ।

*(ਤਵਾ: ਖਾ: ਸਫਾ ੭੮੭)*

ਤਵਾ: ਗੁ: ਖਾ: ਮੁਜਬ ਆਪ ੧੬੭੩ ਬਿ: ਜੇਠ ੩ ਨੂੰ ਟੁਰੇ, ਪਰ ਮੈਕਾਲਿਫ ਅਤੇ ਹੋਰ ਹਿਸਾਬ ਨਾਲ ਆਪ ੧੬੬੯ ਮਾਘ ਵਿਚ ਟੁਰੇ। ਇਸ ਪਿਛਲੇ ਹਿਸਾਬ ਮੁਜਬ ਆਪ ਦੀ ਉਮਰ ਹੁਣ 17 ਸਾਲ ਦੀ ਸੀ, ਤਵਾ: ਗੁ: ਖਾ: ਦੇ ਹਿਸਾਬ ੨● ਸਾਲ ਦੀ। ਆਪ ਦੀ ਸੂਰਤ ਬਹੁਤ ਸੁੰਦਰ ਸੀ, ਸਰੀਰ ਬੜਾ ਸਡੋਲ ਅਤੇ ਕੱਦ ਚੌਖਾ ਲੰਮਾ ਹੋ ਗਿਆ ਸੀ। ਇਕ ਬਦੇਸ਼ੀ ਲੇਖਕ ਲਿਖਦਾ ਹੈ ਕਿ ਆਪ ਦੇ ਮੋਢਿਆਂ ਨਾਲ ਲੰਮੇ ਤੋਂ ਲੰਮੇ ਆਦਮੀ ਦਾ ਸਿਰ ਮਸਾਂ ਅੱਪੜਦਾ ਸੀ।

ਗੁਰੂ ਸਾਹਿਬ ਕੂਚ ਕਰਕੇ ਤਰਨ ਤਾਰਨ ਆਏ। ਇੱਥੇ ਆਰਾਮ ਕਰਕੇ ਅਗਲੇ ਦਿਨ ਖਡੂਰ, ਗੋਇੰਦਵਾਲ ਪੁੱਜੇ। ਸੁਲਤਾਨਪੁਰ ਹੁੰਦੇ, ਰਾਤਾਂ ਰਸਤੇ ਵਿਚ ਠਹਿਰਦੇ ਪਹੋਏ ਜਾ ਉਤਰੇ। ਇੱਥੋਂ ਟੁਰੇ, ਦਿੱਲੀ ਜਾ ਪਹੁੰਚੇ ਅਤੇ ਮਜਨੂੰ ਦੇ ਟਿੱਲੇ ਡੇਰਾ ਕੀਤਾ।

**ਦਿੱਲੀ-ਮਜਨੂੰ ਦਾ ਟਿੱਲਾ** - ਦਿੱਲੀ ਦੇ ਉਪਰਲੇ ਪਾਸੇ, ਕਸ਼ਮੀਰੀ ਦਰਵਾਜ਼ੇ ਵਲੋਂ ਜਿਧਰੋਂ ਜਮਨਾ ਆਉਂਦੀ ਹੈ, ਜਮਨਾ ਦੇ ਕਿਨਾਰੇ ਇਕ ਟਿਕਾਣਾ ਹੈ, ਜਿਸਨੂੰ ਮਜਨੂੰ ਦਾ ਟਿੱਲਾ ਆਖਦੇ ਹਨ। ਇਸ ਇਲਾਕੇ ਦਾ ਨਾਉਂ ਤੀਮਾਰਪੁਰ ਹੈ, ਜੋ ਤੈਮੂਰ ਹਮਲਾਵਰ ਦੇ ਏਥੇ ਡੇਰੇ ਲਾਉਣ ਤੋਂ ਪਿਆ ਸਹੀ ਹੁੰਦਾ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਟਿਕੇ ਸਨ ਜਦੋਂ ਆਪ ਪਹਿਲੀ ਉਦਾਸੀ ਕਰਕੇ ਜਗਤ ਜਲੰਦੇ ਦੀ ਰੱਖਿਆ ਲਈ ਟੁਰ ਪਏ ਸਨ।

ਏਥੇ ਨੇੜੇ ਹੀ ਪਠਾਣ ਪਾਤਸ਼ਾਹਾਂ ਦਾ ਹਾਥੀਆਨਾ ਸੀ। ਜਿੱਥੇ ਕਿ ਇਕ ਹਾਥੀ ਮਰ ਗਏ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਵਾਯਾ ਅਤੇ ਇਬਰਾਹੀਮ ਲੋਦੀ ਪਠਾਣ ਪਾਤਸ਼ਾਹ ਨਾਲ ਵੀਚਾਰ ਹੋਈ ਜੋ ਪੁਰਾਤਨ ਜਨਮ ਸਾਖੀ ਵਿਚ ਲਿਖੀ ਹੈ।

ਏਥੇ ਹੀ ਜਾ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਡੇਰਾ ਲਾਇਆ। ਲਿਖਿਆ ਹੈ ਕਿ ਗੁੰਚਹ ਬੇਟ ਨੇ ਏਥੇ ਪਾਤਸ਼ਾਹੀ ਹੁਕਮ ਲੈ ਕੇ ਤੰਬੂ ਡੇਰੇ ਲਵਾ ਦਿਤੇ ਸਨ ਅਤੇ ਏਥੇ ਹੀ ਪੀਰ ਸਿਕੰਦਰਸ਼ਾਹ ਅਤੇ ਹੋਰ ਫਕੀਰ ਪਾਤਸ਼ਾਹ ਦੇ ਘੱਲੇ ਆਪ ਦੀ ਅਜ਼ਮਾਇਸ਼ ਵਾਸਤੇ ਆਏ ਅਤੇ ਤਸੱਲੀ ਪਾ ਕੇ ਗਏ। ਇਨ੍ਹਾਂ ਨੇ ਪਾਤਸ਼ਾਹ ਪਾਸ ਉਪਮਾ ਕੀਤੀ।

ਪਾਤਸ਼ਾਹ ਦੀ ਇੱਛਾ ਅਨੁਸਾਰ ਵਜ਼ੀਰ ਖਾਂ ਅਤੇ ਗੁੰਚਹ

*(ਬਾਕੀ ਪੰਨਾ 38 'ਤੇ)*

## ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ॥

### : ਮਿਤੀ 17 ਜੂਨ 2014 :

### ਸੰਤ ਵਰਿਆਮ ਸਿੰਘ ਜੀ ਦੇ ਜਨਮ ਦਿਵਸ 'ਤੇ ਗੁਰਮਤਿ ਸਮਾਗਮ ਦੀ ਰੀਪੋਰਟ

ਪਰਉਪਕਾਰੀ ਮਹਾਨ ਆਤਮਾ ਸੰਤ ਵਰਿਆਮ ਸਿੰਘ ਜੀ, ਸੰਚਾਲਕ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ, ਰਤਵਾੜਾ ਸਾਹਿਬ ਦਾ ਜਨਮ ਦਿਵਸ ਸਮੂਹ ਸੰਗਤਾਂ ਨੇ ਮਿਲ ਕੇ ਰਤਵਾੜਾ ਸਾਹਿਬ ਦੇ ਵੱਡੇ ਪੰਡਾਲ ਵਿਚ ਗੁਰਮਤਿ ਸਮਾਗਮ ਵਜੋਂ ਮਿਤੀ 17 ਜੂਨ 2014 ਨੂੰ ਮਨਾਇਆ। ਸਵੇਰ ਤੋਂ ਹੀ ਸੰਗਤਾਂ ਦੂਰ ਨੇੜਿਓਂ, ਪੈਦਲ, ਸਾਈਕਲਾਂ, ਸਕੂਟਰ, ਕਾਰਾਂ, ਟਰੱਕਾਂ, ਬੱਸਾਂ ਰਾਹੀਂ ਪੁੱਜਣੀਆਂ ਸ਼ੁਰੂ ਹੋ ਗਈਆਂ ਸੀ। ਸਭ ਦੇ ਮੁੱਖੋਂ ਸੰਤ ਮਹਾਰਾਜ ਦੇ ਪਿਆਰ ਤੇ ਮਿੱਠੀ ਯਾਦ ਵਿਚ ਵਾਹਿਗੁਰੂ ਸ਼ਬਦ ਦੀ ਧੁਨੀ ਉਚਾਰਨ ਹੋ ਰਹੀ ਸੀ। ਏਥੋਂ ਰਤਵਾੜਾ ਸਾਹਿਬ ਦੀ ਡਿਓੜੀ ਲੰਘਦਿਆਂ ਹੀ ਗੁਰੂ ਪਿਆਰਿਆਂ ਵਲੋਂ ਠੰਢੇ ਮਿੱਠੇ ਮੈਂਗੋ-ਸ਼ੇਕ ਦੀ ਸੇਵਾ ਰਾਹੀਂ ਸਵਾਗਤ ਹੋ ਰਿਹਾ ਸੀ। ਨਾਲ ਹੀ ਇੱਕ ਵੱਡਾ ਸਟਾਲ ਗਰਮ ਪਕੌੜੇ, ਜਲੇਬੀਆਂ ਅਤੇ ਚਾਹ ਦੇ ਲੰਗਰਾਂ ਰਾਹੀਂ ਪ੍ਰੇਮੀ ਸੰਗਤਾਂ ਦੀ ਸੇਵਾ ਕਰਕੇ ਅਨੰਦ ਮਾਣ ਰਹੇ ਸੀ। ਅੱਗੇ ਦੀਵਾਨ ਹਾਲ ਪੁੱਜਣ ਤੋਂ ਪਹਿਲਾਂ ਮਿਸ਼ਨ ਦੇ ਮੁੱਖ ਸੇਵਾਦਾਰ, ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਸਭਨਾਂ ਦਾ ਸਵਾਗਤ ਕਰਦੇ ਸੰਗਤਾਂ ਦੇ ਦਰਸ਼ਨ ਦੀਦਾਰ ਕਰਦੇ ਜੀ-ਆਇਆਂ ਕਹਿ ਰਹੇ ਸੀ। ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਉਪਰੰਤ ਸਵੇਰੇ 10.00 ਵਜੇ ਤੋਂ ਹੀ ਸ਼ਬਦ ਕੀਰਤਨ ਅਤੇ ਬਾਬਾਣੀਆਂ ਕਹਾਣੀਆਂ ਦਾ ਪ੍ਰੋਗਰਾਮ ਪਰਾਰੰਭ ਹੋ ਗਿਆ ਸੀ ਜਿਸ ਦਾ ਬਹੁਗਿਣਤੀ ਵਿਚ ਸੰਗਤ ਅਨੰਦ ਮਾਣਦੀ ਦ੍ਰਿਸ਼ਟਮਾਨ ਹੋ ਰਹੀ ਸੀ। ਅਨੇਕ ਰਾਗੀ ਜੱਥਿਆਂ, ਕਥਾ ਵਾਚਕਾਂ, ਵਿਆਖਿਆਕਾਰਾਂ ਨੇ ਸ਼ਬਦ ਕੀਰਤਨ ਰਾਹੀਂ ਅਤੇ ਪ੍ਰਵਚਨਾਂ ਰਾਹੀਂ ਗੁਰੂ ਜਸ ਗਾਇਨ ਕੀਤਾ ਤੇ ਸੰਤ ਮਹਾਰਾਜ ਜੀ ਦੇ ਜੀਵਨ ਅਤੇ ਪਰਉਪਕਾਰਾਂ ਦਾ ਜ਼ਿਕਰ ਕੀਤਾ। ਹਾਜ਼ਰੀ ਭਰਨ ਵਾਲੇ ਪ੍ਰਮੁੱਖ ਜੱਥੇ ਅਤੇ ਵਿਆਖਿਆਕਾਰ ਇਹ ਸਨ - ਗਿਆਨੀ ਰਾਮ ਸਿੰਘ ਜੀ ਚਮਕੌਰ ਸਾਹਿਬ, ਰਾਗੀ ਜੱਥਾ ਖਮਾਣੋ, ਗਿਆਨੀ ਕੁਲਤਾਰ ਸਿੰਘ ਜੀ, ਗਿਆਨੀ ਮਲਕੀਤ ਸਿੰਘ, ਪਪਰਾਲੀ ਦਾ ਢਾਡੀ ਜਥਾ, ਭਾਈ ਜਸਵਿੰਦਰ ਸਿੰਘ ਘੋਲਾ, ਕਾਕਾ ਪ੍ਰਭਜੋਤ ਸਿੰਘ ਬਟਾਲਾ, ਭਾਈ ਸਤਸਰੂਪ ਸਿੰਘ, ਭਾਈ ਹਰਪਾਲ ਸਿੰਘ ਸਨੇਹੀ, ਬੀਬੀ ਉਜਾਗਰ ਕੌਰ। ਇਸ ਤੋਂ ਬਿਨਾਂ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਅਤੇ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਵੀ ਸ਼ਬਦ ਦੀ ਹਾਜ਼ਰੀ ਭਰੀ। ਸੰਤ ਮਹਾਰਾਜ ਜੀ ਦੇ ਨਿਕਟਵਰਤੀ ਭਾਈ ਸੁਖਵਿੰਦਰ ਸਿੰਘ ਜੀ ਅਤੇ ਸੰਤ ਹਰਪਾਲ ਸਿੰਘ ਜੀ ਨੇ ਵੀ ਮਹਾਰਾਜ ਜੀ ਦੇ



**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ**






## ਸਮਾਗਮ ਸਮੇਂ ਦੇ ਵੱਖ ਵੱਖ ਦ੍ਰਿਸ਼।

ਪਰਉਪਕਾਰਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਜੀਵਨ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਆਪ ਜੀ ਨੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਜੀਵਨ ਤੇ ਪੰਛੀਝਾਤ ਮਾਰਦਿਆਂ ਪਰਉਪਕਾਰੀ ਜੀਵਨ ਦੀ ਝਲਕ ਪੇਸ਼ ਕਰ ਦਿਤੀ ਅਤੇ ਦੱਸਿਆ ਕਿ ਜਿਥੇ ਆਪ ਜੀ ਨੇ ਰਤਵਾੜਾ ਸਾਹਿਬ ਵਿਖੇ ਵਿਦਿਅਕ ਅਦਾਰਿਆਂ ਦੀ ਸਥਾਪਨਾਂ, ਕਾਲਜ, ਕੁਦਰਤੀ ਆਫਤਾਂ ਸਮੇਂ ਬੇਮਿਸਾਲ ਸੇਵਾ ਨਿਭਾਈ, ਅੰਤਰਾਸ਼ਟਰੀ ਪ੍ਰਸਿਧੀ ਵਾਲੇ 11 ਸਮਾਗਮ ਰਤਵਾੜਾ ਸਾਹਿਬ ਦੀ ਪਵਿੱਤਰ ਪਾਵਨ ਧਰਤੀ ਤੇ ਹੋਏ ਜੋ ਆਪਣੀ ਮਿਸਾਲ ਆਪ ਸਨ। 150 ਦੇ ਕਰੀਬ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿੱਚ ਪੁਸਤਕਾਂ ਰਤਵਾੜਾ ਸਾਹਿਬ ਟਰਸਟ ਕੋਲ ਮੌਜੂਦ ਹਨ ਜਿਨ੍ਹਾਂ ਨੂੰ ਪੜ੍ਹ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤ, ਵੱਡੀਆਂ ਵੱਡੀਆਂ ਫਿਲਾਸਫੀਆਂ ਸਹਿਜ ਵਿੱਚ ਹੀ ਜਗਿਆਸੂਆਂ ਦੇ ਸਮਝ ਆ ਜਾਂਦੀਆਂ ਹਨ। ਸਭ ਤੋਂ ਵੱਡੀ ਅਦੁੱਤੀ ਦੇਣ ਆਪ ਜੀ ਨੇ ਸੰਸਾਰ ਨੂੰ 1995 ਅਪ੍ਰੈਲ ਵਿਸਾਖੀ ਵਾਲੇ ਦਿਨ ਦਿਤੀ ਜਦੋਂ ਆਪ ਜੀ ਆਪਣੇ ਜੀਵਨ ਸਾਥੀ ਪਰਮ ਪੂਜਯ ਸੰਤ ਮਾਤਾ ਰਣਜੀਤ ਕੌਰ ਜੀ ਦੇ ਪਵਿੱਤਰ ਹਸਤ ਕੰਵਲਾਂ ਤੋਂ 'ਆਤਮ-ਮਾਰਗ' ਰੂਹਾਨੀ ਪਤ੍ਰਿਕਾ ਹਿੰਦੀ, ਪੰਜਾਬੀ ਅਤੇ ਅੰਗਰੇਜੀ ਵਿੱਚ ਰਿਲੀਜ਼ ਕਰਵਾ ਕੇ ਰੂਹਾਨੀ ਸਾਹਿਤ ਅੰਦਰ ਵਾਧਾ ਕਰ ਦਿਤਾ। 'ਆਤਮ ਮਾਰਗ' ਸੰਸਾਰ ਭਰ ਵਿੱਚ ਐਨਾ ਹਰਮਨ ਪਿਆਰਾ ਹੋਇਆ ਇਸ ਨੂੰ ਹਰ ਇੱਕ ਮਜ਼ਹਬ ਦਾ ਪ੍ਰੇਮੀ ਪੜ੍ਹ ਕੇ ਆਪਣੀ ਰੂਹਾਨੀ ਭੁਖ ਦੂਰ ਕਰਦਾ ਆ ਰਿਹਾ ਹੈ 20 ਸਾਲ ਤੋਂ ਲਗਾਤਾਰ ਨਿਰੰਤਰ ਪਵਿੱਤਰ ਚਸ਼ਮੇ ਵਾਂਗ ਰਤਵਾੜਾ ਸਾਹਿਬ ਤੋਂ ਛਪ ਕੇ ਸਫਰ ਤਹਿ ਕਰਦਾ ਹੋਇਆ ਦੇਸ਼ਾਂ-ਵਿਦੇਸ਼ਾਂ ਅੰਦਰ ਪਹੁੰਚ ਕੇ ਸਚ ਦੀ ਆਵਾਜ, ਗੁਰਮਤਿ ਨਾਲ ਭਰਭੂਰ ਗਾਥਾਵਾਂ ਲੈ ਕੇ ਜਗਿਆਸੂਆਂ ਕੋਲ ਪਹੁੰਚ ਜਾਂਦਾ ਹੈ। ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅਨੇਕਾਂ ਪ੍ਰੇਮੀ ਇਸ ਦੀ ਸੇਵਾ ਕਰਕੇ ਉਹ ਹੀ ਖੁਸ਼ੀ ਹੁਣ ਵੀ ਪ੍ਰਾਪਤ ਕਰ ਰਹੇ ਹਨ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਬਚਨਾਂ ਨੂੰ ਕਮਾ ਰਹੇ ਹਨ। ਮਹਾਂਪੁਰਖ ਸਹਿਜ ਸੁਭਾਅ ਬਚਨ ਕਰਿਆ ਕਰਦੇ ਸਨ ਕਿ ਜਿਸ ਘਰ ਵਿੱਚ ਵੀ 'ਆਤਮ ਮਾਰਗ' ਜਾਵੇਗਾ ਘਰ ਦੇ ਅੰਦਰੋਂ ਕਲਹ ਕਲੇਸ਼ ਨਿਕਲ ਜਾਣਗੇ ਸੁਖ-ਸ਼ਾਂਤੀ ਦਾ ਵਰਤਾਰਾ ਹੋ ਕੇ 'ਨਾਮ' ਚਿਤ ਆਵੇਗਾ। ਆਪ ਜੀ ਨੇ ਆਪਣੀ ਦੇਖ ਰੇਖ ਹੇਠ 1200 ਵੀਡੀਓ ਫਿਲਮਾਂ ਅਤੇ 3000 ਆਡੀਓ ਪ੍ਰਵਚਨ ਤਿਆਰ ਕਰਵਾਏ ਜੋ ਕਿ ਰੂਹਾਨੀਅਤ ਦੇ ਬਹੁਤ ਹੀ ਗੂਹਝ ਵਿਸ਼ਿਆਂ ਨੂੰ ਸਪਰਸ਼ ਕਰਦੀਆਂ ਹਨ। ਇੰਟਰਨੈਟ ਰਾਹੀਂ www.ratwarasahib.org ਤੇ ਆਪ ਜੀ ਦੇ ਐਮ.ਪੀ.ਥ੍ਰੀ., ਦਿਵਾਨ ਉਪਲੱਬਧ ਹਨ ਜਿਸ ਦੇ ਨਾਲ-ਨਾਲ ਪੀ.ਡੀ.ਐਫ. ਫਾਰਮੇਟ ਵਿੱਚ ਹਰ ਮਹੀਨੇ ਦਾ ਮੈਗਜੀਨ ਅਤੇ ਸਾਰੀਆਂ ਪੁਸਤਕਾਂ ਮੌਜੂਦ ਹਨ ਚਾਹਵਾਨ ਪ੍ਰੇਮੀ ਉਥੋਂ ਵੀ ਪੂਰਾ ਲਾਹਾ ਪ੍ਰਾਪਤ ਕਰ ਕੇ ਰੂਹਾਨੀ ਲਾਹਾ ਪ੍ਰਾਪਤ ਕਰ ਰਹੇ ਹਨ। ਰਤਵਾੜਾ ਸਾਹਿਬ ਦੇ ਪਵਿੱਤਰ ਵਾਤਾਵਰਨ ਅੰਦਰ ਬਹੁਤ ਹੀ ਪਿਆਰਾ ਪਰਮ ਪੂਜਯ





ਬੀਜੀ ਦੀ ਰਹਿਨੁਮਾਈ ਹੇਠ **2009** ਵਿੱਚ ਅਤਿਅੁਧਨਿਕ ਸਹੂਲਤਾਂ ਭਰਭੂਰ 'ਬਿਰਧ ਆਸ਼ਰਮ' ਦੀ ਸਥਾਪਨਾ ਹੋਈ। ਜਿਸ ਵਿੱਚ ਅਨੇਕਾਂ ਬੇ-ਸਹਾਰਾ ਬਿਰਧ ਆਪਣਾ ਜੀਵਨ ਬਸਰ ਕਰ ਰਹੇ ਹਨ। ਫਰੀ ਹਸਪਤਾਲ ਜਿਸ ਵਿੱਚ ਆਰਮੀ ਦੇ ਰਿਟਾਇਰ ਡਾ. ਏਅਰ ਕਮਾਂਡਰ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਨ। "ਰਤਵਾੜਾ ਸਾਹਿਬ ਤੋਂ 25 ਕਿਲੋਮੀਟਰ ਦੀ ਦੂਰੀ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਪੁਰਾਣੀਕ ਸਮੇਂ ਦੇ ਰਿਸ਼ੀਆਂ ਮੁਨੀਆਂ ਦੀ ਧਰਤੀ ਲਗਭਗ ਸਵਾ ਸੌ ਸਾਲ ਪੁਰਾਣਾ ਆਸ਼ਰਮ ਜਿਸ ਨੂੰ 1992-93 ਵਿੱਚ ਇਲਾਕੇ ਦੀਆਂ ਪੰਚਾਇਤਾਂ ਦੀ ਬੇਨਤੀ ਮੰਨਦੇ ਹੋਏ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਆਪਣੇ ਚਰਨ ਪਾ ਕੇ ਉਸ ਦੀ ਸ਼ੋਭਾ ਨੂੰ ਹੋਰ ਚਾਰ ਚੰਨ ਲਾਏ ਸਨ। 'ਨਿਰਮਲ ਡੇਰਾ ਹਿਰਦਾਪੁਰ ਖੇੜੀ' ਇਸ ਅਸਥਾਨ ਤੇ ਮਹੀਨੇ ਦੀ ਹਰ ਪੂਰਨਮਾਸ਼ੀ ਰੈਣ ਸਬਾਈ ਕੀਰਤਨ ਹੁੰਦਾ ਹੈ ਜਿਸ ਵਿੱਚ ਕੀਰਤਨ ਉਪਰੰਤ ਅਯੁਰਵੈਦਿਕ ਖੀਰ ਬਣਦੀ ਹੈ ਜਿਸ ਨੂੰ ਛਕ ਅਨੇਕਾਂ ਭਿਆਨਕ ਰੋਗ ਟੁਟ ਰਹੇ ਹਨ। ਅਯੁਰਵੈਦ ਦੀਆਂ ਦਵਾਈਆਂ ਫਰੀ ਦਿਤੀਆਂ ਜਾਂਦੀਆਂ ਹਨ। ਬਹੁਤ ਹੀ ਰਮਣੀਕ ਅਤੇ ਸ਼ੁਧ ਆਕਸੀਜਨ ਭਰਭੂਰ ਇਸ ਆਸ਼ਰਮ ਦਾ ਵਾਤਾਵਰਨ ਹੈ ਜਿਸ ਦੀ ਜਮੀਨ ਵਿੱਚ ਦਰਖਤ ਲਗਾਏ ਗਏ ਹਨ ਨਾਮ ਜਪਣ ਵਾਲੇ ਇਕਾਂਤ ਪਸੰਦ ਜਗਿਆਸੂ ਇਥੇ ਰਹਿ ਕੇ ਆਪਣਾ ਰੂਹਾਨੀ ਸਫਰ ਤਹਿ ਕਰਦੇ ਹਨ। ਇਸ ਅਸਥਾਨ ਤੇ ਸੰਤ ਬਾਬਾ ਖੁਦਾ ਸਿੰਘ ਜੀ 100 ਸਾਲ ਪਹਿਲਾਂ ਦਿਗੰਬਰ ਅਵਸਥਾ ਵਿੱਚ ਵਿਚਰੇ ਜਿਨ੍ਹਾਂ ਨੇ ਕਈ ਸਾਲ ਇਸ ਅਸਥਾਨ ਤੇ ਰਹਿ ਕੇ ਨਿਜ-ਆਤਮ-ਅਨੰਦ ਮਾਣਿਆ। ਉਸ ਸਮੇਂ ਉਪੱਰ ਹਿਮਾਲਿਆ ਦੀ ਗੋਦ ਵਿੱਚੋਂ ਵੱਖ-ਵੱਖ ਸੰਪ੍ਰਦਾਇ ਦੇ ਸਾਧੂ ਸੰਤ ਮਹਾਤਮਾਂ ਆਉਂਦੇ ਹੀ ਰਹਿੰਦੇ ਸਨ। ਉਸ ਸਮੇਂ ਆਪ ਜੀ ਨੇ ਇਕ ਖੂਹ ਖੁਦਵਾਇਆ ਜਿਸ ਵਿੱਚ 68 ਤੀਰਥਾਂ ਦਾ ਜਲ ਪਵਾਇਆ। ਜਿਹੜੇ ਸਾਧੂ ਜਿਸ ਤੀਰਥ ਤੋਂ ਅਉਂਦੇ ਉਨ੍ਹਾਂ ਨੂੰ ਕਹਿਣਾ ਕਿ ਤੀਰਥ ਦਾ ਜਲ ਲੈ ਕੇ ਆਇਓ, ਸਾਧੂਆਂ ਨੇ ਆਉਣ ਸਮੇਂ ਜਲ ਲੈ ਕੇ ਆਉਣਾ। ਅੰਬਾਂ ਦਾ ਬਹੁਤ ਵੱਡਾ ਬਾਗ ਸੀ ਚਮਾਸੇ ਸਮੇਂ ਸਾਧੂ ਇਸ ਜਗਾਂ ਤੇ ਟਿਕ ਜਾਂਦੇ, ਹਰ ਤਰ੍ਹਾਂ ਦਾ ਫਲ ਇਸ ਜਗ੍ਹਾਂ ਤੇ ਉਪੱਲਬਧ ਸੀ। ਆਪ ਜੀ ਨੇ ਇੱਕ ਭੋਰਾ ਪੁਟਵਾ ਕੇ ਉਸ ਉਤੇ ਗੁਰਦੁਆਰਾ ਸਾਹਿਬ ਦੀ ਬਹੁਤ ਹੀ ਪਿਆਰੀ ਇਮਾਰਤ ਬਣਵਾਈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਮਿਤੀ 28, 29, 30







# ਸਮਾਗਮ ਸਮੇਂ ਦੇ ਵੱਖ ਵੱਖ ਦ੍ਰਿਸ਼।

ਜੁਲਾਈ ਨੂੰ ਮਹਾਂਪੁਰਖਾਂ ਦੀ ਯਾਦ ਵਿੱਚ ਨਿਰਮਲ ਡੇਰਾ ਹਿਰਦਾਪੁਰ ਖੇੜੀ ਵਿਖੇ ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ ਦਾ ਸਮਾਂ ਦਿਨ ਦੇ ਸਮੇਂ ਸਵੇਰੇ 10.00 ਤੋਂ 4.00 ਵਜੇ ਤੱਕ ਹੋਵੇਗਾ। ਸਮਾਗਮ ਸਮੇਂ ਮਿਤੀ 30 ਜੁਲਾਈ ਨੂੰ ਸਵੇਰੇ ਹੀ 9.00 ਵਜੇ ਅੱਖਾਂ ਦੇ ਫਰੀ ਮੈਡੀਕਲ ਕੈਂਪ ਦਾ ਅਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਬਹੁਤ ਹੀ ਸੁਲਝੇ ਹੋਏ ਡਾਕਟਰ ਸਾਹਿਬਾਨ ਪਹੁੰਚ ਕੇ ਅੱਖਾਂ ਦੀਆਂ ਬਿਮਾਰੀਆਂ ਸਬੰਧਤ ਚੈਕਅੱਪ ਕਰਕੇ ਦਵਾਈਆਂ ਦੇਣਗੇ ਅਤੇ ਲੋੜ ਮੁਤਾਬਿਕ ਓਪਰੇਸ਼ਨ ਕੀਤੇ ਜਾਣਗੇ। ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਦਾ ਪੂਰਾ ਪੂਰਾ ਲਾਹਾ ਪ੍ਰਾਪਤ ਕਰਦੇ ਹੋਏ ਨਿਰਮਲ ਡੇਰਾ ਹਿਰਦਾਪੁਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।" ਇਸੇ ਤਰਾਂ ਸੰਤ ਹਰਪਾਲ ਸਿੰਘ ਜੀ ਨੇ ਦੱਸਿਆ ਕਿ ਇਹ ਰਤਵਾੜਾ ਸਾਹਿਬ ਜਿਥੇ ਆਪਾਂ ਸਾਰੇ ਸੁਸ਼ੋਭਿਤ ਹਾਂ ਪਾਡਵਾਂ ਦੇ ਅਗਿਆਤ ਵਾਸ ਸਮੇਂ ਕ੍ਰਿਸ਼ਨ ਮਹਾਰਾਜ ਜੀ ਪਾਡਵਾਂ ਨੂੰ ਮਿਲੇ, ਸ੍ਰੀ ਮਾਨ ਸੰਤ ਬਾਬਾ ਅਜੀਤ ਸਿੰਘ ਜੀ ਨਥਮਲ ਪੁਰ ਵਾਲੇ ਲਾਗ ਦੇ ਪਿੰਡ ਚਾਹੜਮਾਜਰਾ ਵਿਖੇ ਕਿਸੇ ਪ੍ਰੇਮੀ ਦੇ ਘਰ ਠਹਿਰੇ ਹੋਏ ਸਨ ਆਪ ਜੀ ਅਚਾਨਕ ਹੀ ਰਤਵਾੜਾ ਸਾਹਿਬ ਵੱਲ ਨੂੰ ਹੱਥ ਕਰ ਕੇ ਇਸ਼ਾਰਾ ਕਰ ਰਹੇ ਸਨ ਕਿ ਏਧਰ ਨੂੰ ਬੜੀ ਰਚਨਾ ਰਚੀ ਜਾ ਰਹੀ ਰਹੀ ਪਰ ਉਸ ਵਕਤ ਮਹਾਂਪੁਰਖਾਂ ਦੀ ਰਮਜ਼ ਸਮਝ ਨਾ ਪਈ ਸਮਾਂ ਪਾ ਕੇ ਇਹ ਰਤਵਾੜਾ ਸਾਹਿਬ ਹੋਂਦ ਵਿੱਚ ਆਇਆ। ਸਭ ਤੋਂ ਵੱਡਾ ਪਰਉਪਕਾਰ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ 'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥' ਜਿਨ੍ਹਾਂ ਦਾ ਸੰਗਤਾਂ ਨੇ ਭਰਪੂਰ ਅਨੰਦ ਮਾਣਿਆ।



ਉਪਰੋਕਤ ਵਕਤਿਆਂ ਤੋਂ ਬਿਨਾਂ ਕੁਝ ਸਮਾਜ ਸੇਵਕ ਪ੍ਰਮੁੱਖ ਹਸਤੀਆਂ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਸੰਤ ਮਹਾਰਾਜ ਜੀ ਦੀ ਮਾਣੀ ਮਿੱਠੀ ਸੰਗਤ ਵਿਚੋਂ ਮਿਲੇ ਅਨੰਦ ਦਾ ਜ਼ਿਕਰ ਕੀਤਾ। ਸ੍ਰੀ ਅਨੰਦਪੁਰ ਸਾਹਿਬ ਦੇ ਹਲਕੇ ਤੋਂ ਚੁਣੇ ਗਏ ਲੋਕ ਸਭਾ ਦੇ ਮੈਂਬਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਸੰਤ ਮਹਾਰਾਜ ਵਲੋਂ ਪ੍ਰਾਪਤ ਹੋਏ ਪਿਆਰ ਤੇ ਅਗਵਾਈ ਲਈ ਰਿਣੀ ਮਹਿਸੂਸ ਕਰਦਿਆਂ ਇਹ ਦਸਿਆ ਕਿ ਰਤਵਾੜਾ ਸਾਹਿਬ ਵਿਖੇ ਕੀਤੀ ਅਰਦਾਸ ਸਦਕਾ ਹੀ ਉਨ੍ਹਾਂ ਨੂੰ ਇਹ ਕਾਮਯਾਬੀ ਹਾਸਲ ਹੋਈ ਹੈ। ਸੰਤ ਲਖਬੀਰ ਸਿੰਘ ਜੀ ਨੇ ਪ੍ਰੋ. ਪ੍ਰੇਮ ਸਿੰਘ ਨੂੰ ਆਪਣੇ ਵਲੋਂ ਤੇ ਸੰਸਥਾ ਵਲੋਂ ਅਸੀਸ ਦਿੰਦਿਆਂ ਫੁਰਮਾਇਆ ਕਿ ਪ੍ਰੋ. ਚੰਦੂਮਾਜਰਾ ਜੀ ਨੂੰ ਆਪਣੇ ਸਾਥੀਆਂ ਨਾਲ ਰਲ ਕੇ ਪੰਜਾਬ ਵਿਚੋਂ ਨਸ਼ਿਆਂ ਦਾ ਖਾਤਮਾ ਕਰਨਾ ਚਾਹੀਦਾ ਹੈ, ਨੌਜਵਾਨਾਂ ਦੀ ਸੰਭਾਲ ਕਰਨੀ ਚਾਹੀਦੀ ਹੈ, ਨੌਜਵਾਨਾਂ ਵਿਚ ਬੇਰੋਜ਼ਗਾਰੀ ਹੀ ਉਨ੍ਹਾਂ ਦੇ ਨਸ਼ਿਆਂ ਵਲ ਪਰਤਣ ਦਾ ਵੱਡਾ ਕਾਰਨ ਹੈ। ਹੁਣ ਜਦ ਕਿ ਕੇਂਦਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੈ, ਤਾਂ ਉਨ੍ਹਾਂ ਨੂੰ ਪੰਜਾਬ ਲਈ ਦੂਜੇ ਗਵਾਂਢੀ ਰਾਜਾਂ ਵਾਂਗ ਉਦਯੋਗਾਂ ਵਿਚ ਵਿਸ਼ੇਸ਼ ਟੈਕਸ-ਛੋਟ ਲੈਣ ਲਈ ਪੂਰਾ







ਜ਼ੋਰ ਲਾਉਣਾ ਚਾਹੀਦਾ ਹੈ ਤਾਕਿ ਪੰਜਾਬ ਉਦਯੋਗ ਅੱਗੇ ਵਧੇ ਤੇ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ। ਉੱਤਰ ਵਿਚ ਪ੍ਰੋ. ਚੰਦੂਮਾਜਰਾ ਜੀ ਨੇ ਬਾਬਾ ਜੀ ਵਲੋਂ ਮਿਲੇ ਸੁਝਾਵਾਂ ਦਾ ਸਵਾਗਤ ਕੀਤਾ ਤੇ ਇਨ੍ਹਾਂ ਦੀ ਪੂਰਤੀ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੋਣ ਦਾ ਪ੍ਰਣ ਕੀਤਾ। ਇਸ ਤੋਂ ਬਿਨਾਂ ਜਥੇਦਾਰ ਉਜਾਗਰ ਸਿੰਘ ਬਡਾਲੀ, ਜ਼ਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬੀਬੀ ਅਮਨਜੋਤ ਕੌਰ ਰਾਮੂਵਾਲੀਆ, ਚੇਅਰਪਰਸਨ, ਜ਼ਿਲਾ ਯੋਜਨਾ ਬੋਰਡ, ਐਸ.ਏ.ਐਸ ਨਗਰ, ਬੀਬੀ ਸਤਵੰਤ ਕੌਰ ਚਮਕੌਰ ਸਾਹਿਬ, ਸ. ਜਗਮੋਹਨ ਸਿੰਘ ਕੰਗ, ਹਲਕਾ ਐਮ.ਐਲ.ਏ, ਸ. ਹਰਭਾਗ ਸਿੰਘ ਦੇਸੂਮਾਜਰਾ, ਸ. ਇੰਦਰਜੀਤ ਸਿੰਘ ਰੰਧਾਵਾ, ਸ, ਰਾਜਬੀਰ ਸਿੰਘ ਪਡਿਆਲਾ ਅਤੇ ਡਾ. ਬਲਵਿੰਦਰ ਕੌਰ ਚਾਹਲ ਆਦਿ ਪ੍ਰਮੁੱਖ ਵਿਅਕਤੀਆਂ ਨੇ ਗੁਰਮਤਿ ਵਿਚਾਰਾਂ ਪੇਸ਼ ਕਰਦਿਆਂ ਸੰਤ ਮਹਾਰਾਜ ਜੀ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਦਾ ਜ਼ਿਕਰ ਕੀਤਾ। ਸਭਨਾਂ ਬੁਲਾਰਿਆਂ ਨੇ ਪ੍ਰਸੰਨਤਾਂ ਪ੍ਰਗਟ ਕੀਤੀ ਕਿ ਇਸ ਵਕਤ ਅਤੀ ਗੁਣਵਾਨ ਸੇਵਾ-ਸਿਮਰਨ ਨੂੰ ਸਮਰਪਿਤ ਬਾਬਾ ਲਖਬੀਰ ਸਿੰਘ ਜੀ ਆਪਣੇ ਸਾਥੀਆਂ ਤੇ ਸੰਗਤ ਦੇ ਪੂਰਨ ਸਹਿਯੋਗ ਨਾਲ ਸੰਤ ਮਹਾਰਾਜ ਜੀ ਵਲੋਂ ਅਰੰਭੇ ਕਾਰਜਾਂ ਨੂੰ ਬੜੀ ਕਾਮਯਾਬੀ ਨਾਲ ਸਪੰਨ ਕਰ ਰਹੇ ਹਨ ਅਤੇ ਅੱਗੇ ਤੋਰ ਰਹੇ ਹਨ। ਕਿੰਨੇ ਹੀ ਨਵੇਂ ਕਾਰਜ ਆਰੰਭੇ ਗਏ ਹਨ ਜਿਨ੍ਹਾਂ ਦੀ ਸਪੰਨਤਾ ਵਿਚ ਸਭਨਾਂ ਨੇ ਸਹਿਯੋਗ ਦੇਣ ਦਾ ਵਿਸ਼ਵਾਸ਼ ਦਿਤਾ।





ਪਰਮ ਪੂਜਯ ਸੰਤ ਮਾਤਾ ਜੀ ਦਾ ਨਿਵਾਸ ਅਸਥਾਨ

ਸਮਾਗਮ ਦੀ ਸਪੰਨਤਾ ਤੇ ਬਾਬਾ ਲਖਬੀਰ ਸਿੰਘ ਜੀ ਨੇ ਸ਼ਬਦ ਨਾਲ ਜੋੜਦਿਆਂ, ਸੰਤ ਮਹਾਰਾਜ ਜੀ ਦੀਆਂ ਜੀਵਨ ਝਾਕੀਆਂ ਪੇਸ਼ ਕਰਕੇ ਸੰਗਤਾਂ ਨੂੰ ਸੰਤ ਜੀ ਦੇ ਪਿਆਰ-ਰੰਗ ਵਿਚ ਨਿਹਾਲ ਕੀਤਾ। ਆਪ ਜੀ ਨੇ ਸ਼ਬਦ ਰਾਹੀਂ ਮਹਾਂਪੁਰਸ਼ਾਂ ਦੀ ਜਨਨੀ ਨੂੰ ਧੰਨਤਾ ਯੋਗ ਦਸਿਆ -

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ਅੰਗ - ੪੮੮

ਆਪ ਜੀ ਨੇ ਦਸਿਆ ਕਿ ਸੰਤ ਮਹਾਰਾਜ ਬਚਪਨ ਤੋਂ ਹੀ ਇਕਾਂਤ ਵਿਚ ਬੈਠ ਕੇ ਨਾਮ ਜਪਦੇ ਸੀ। ਧਮੋਟ ਰਹਿੰਦਿਆਂ ਪੜ੍ਹਾਈ ਦੇ ਨਾਲ-ਨਾਲ ਸਵੇਰੇ ਸ਼ਾਮ ਸੁਰਤਿ ਨਾਮ-ਸਿਮਰਨ ਅਤੇ ਗੁਰਬਾਣੀ ਵਿਚ ਹੀ ਜੁੜੀ ਰਹਿੰਦੀ। ਨੌਜਵਾਨ ਅਵਸਥਾ ਵਿਚ ਹੀ ਆਪ ਜੀ ਗੁਰਬਾਣੀ ਅਤੇ ਗੁਰਮਤਿ ਪ੍ਰਚਾਰ ਵਿਚ ਲਗ ਗਏ। ਇਸ ਆਸ਼ੇ ਨਾਲ ਆਪ ਜੀ ਪੰਜਾਬ, ਸਿੰਧ, ਯੂ.ਪੀ. ਦੇ ਅਨੇਕ ਸ਼ਹਿਰਾਂ ਵਿਚ ਦੀਵਾਨ ਸਜਾ ਕੇ ਸੰਗਤਾਂ ਨੂੰ ਨਾਮ-ਸਿਮਰਨ ਨਾਲ ਜੋੜਿਆ ਅਤੇ ਸੱਚਾ-ਸੁੱਚਾ ਗੁਰਮੁਖ ਜੀਵਨ ਬਸਰ ਕਰਨ ਦੀ ਪ੍ਰੇਰਨਾ ਕੀਤੀ। ਆਪ ਜੀ ਪਰਿਵਾਰ ਵਾਲੇ



ਪਰਮ ਪੂਜਯ ਸੰਤ ਮਹਾਰਾਜ ਜੀ ਦਾ ਨਿਵਾਸ ਅਸਥਾਨ

ਤਪੋ ਅਸਥਾਨ ਸੰਤ ਮਹਾਰਾਜ ਰਤਵਾੜਾ ਸਾਹਿਬ









ਸਮਾਗਮ ਸਮੇਂ ਗੁਰੂ ਕੇ ਲੰਗਰਾਂ ਵਿੱਚ ਸੇਵਾਦਾਰ ਸੇਵਾ ਵਿੱਚ





ਹੁੰਦੇ ਹੋਏ, ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਮੰਨਿਆ। ਆਪ ਜੀ ਨੇ ਸੰਗਤਾਂ ਨੂੰ ਭੇਖ ਨਾਲ ਨਹੀਂ, ਸ਼ਬਦ ਨਾਲ ਜੋੜਿਆ, ਸਰਬੱਤ ਦੇ ਭਲੇ ਦਾ ਸੰਦੇਸ਼ ਦਿਤਾ ਅਤੇ ਸੇਵਾ ਨੂੰ ਉੱਚਾ ਦਰਜਾ ਦਿਤਾ। ਜਦੋਂ ਗੁਜਰਾਤ ਵਿਚ ਭੁਚਾਲ ਆਏ ਜਾਂ ਪੰਜਾਬ ਵਿਚ ਹੜ੍ਹਾਂ ਨੇ ਤਬਾਹੀ ਮਚਾਈ ਤਾਂ ਆਪ ਜੀ ਨੇ ਸੰਗਤਾਂ ਦੇ ਨਾਲ ਮੂਹਰੇ ਹੋ ਕੇ ਤਨ, ਮਨ, ਧਨ ਨਾਲ ਸੇਵਾ ਕੀਤੀ ਜਿਸ ਦੀ ਸਭਨਾਂ ਵਲੋਂ ਬਹੁਤ ਸ਼ਲਾਘਾ ਕੀਤੀ ਗਈ। ਜੋ ਲੱਛਣ ਸੁਖਮਨੀ ਸਾਹਿਬ ਵਿਚ ਬ੍ਰਹਮਗਿਆਨੀ ਦੇ ਦਸੇ ਗਏ ਹਨ - ਸ਼ਹਿਨਸ਼ੀਲਤਾ, ਧੀਰਜ, ਸਮ-ਦ੍ਰਿਸ਼ਟਤਾ, ਪਰਉਪਕਾਰ ਇਤਿਆਦਿ ਉਹ ਸਾਰੇ ਹੀ ਆਪ ਜੀ ਦੀ ਜੀਵਨ ਕਿਰਿਆ ਤੋਂ ਰੂਪਮਾਨ ਹੁੰਦੇ ਹਨ। ਆਪ ਜੀ ਪੂਰਨ ਤੌਰ 'ਤੇ ਨਿਰਵੈਰ ਸਨ ਅਤੇ ਐਸਾ ਹੀ ਉਪਦੇਸ਼ ਕਰਦੇ ਰਹੇ। ਕਈ-ਕਈ ਘੰਟੇ ਕੀਰਤਨ ਕਰਕੇ ਆਪ ਜੀ ਥਕਦੇ ਨਹੀਂ ਸੀ, ਆਪ ਜੀ ਕਹਿੰਦੇ ਕਿ ਕੀਰਤਨ ਕਰਨ ਨਾਲ ਉਨ੍ਹਾਂ ਦੇ ਅੰਦਰ ਹੋਰ ਬਲ ਵਧਦਾ ਹੈ। ਉਹ ਮੈਂ, ਮੇਰੀ ਦੀ ਭਾਵਨਾ ਤੋਂ ਮੁਕਤ ਸਨ। ਐਸੇ ਜੀਵਨ ਵਿਚ ਅਤੇ ਪਰਉਪਕਾਰਾਂ ਵਿਚ ਉਨ੍ਹਾਂ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਰਣਜੀਤ ਕੌਰ ਨੇ ਉਨ੍ਹਾਂ ਦਾ ਪੂਰਾ-ਪੂਰਾ ਸਾਥ ਦਿਤਾ ਤੇ ਵੱਧ ਚੜ੍ਹ ਕੇ ਸੇਵਾ ਨਿਭਾਈ। ਬਾਬਾ ਜੀ ਨੇ ਹੋਰ ਸੇਵਾਵਾਂ ਦੇ ਨਾਲ-ਨਾਲ 'ਆਤਮ ਮਾਰਗ' ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਤੇ ਪ੍ਰੇਰਨਾ ਕੀਤੀ ਕਿ ਸੰਤ ਮਹਾਰਾਜ ਜੀ ਵਲੋਂ ਸੰਚਾਲਨ ਕੀਤਾ ਆਤਮ ਮਾਰਗ ਚੜ੍ਹਦੀ ਕਲਾ ਵਿਚ ਜਾਣਾ ਚਾਹੀਦਾ ਹੈ। ਇਸ ਲਈ ਸਭਨਾਂ ਗੁਰੂ ਪ੍ਰੇਮੀਆਂ ਨੂੰ ਘੱਟੋ-ਘੱਟ ਇਕ ਲਾਈਫ ਮੈਂਬਰ ਤੇ 10 ਸਾਲਾਨਾ ਮੈਂਬਰ ਬਣਾਉਣ ਦੀ ਸੇਵਾ ਕਰਨੀ ਚਾਹੀਦੀ ਹੈ। ਆਪ ਜੀ ਨੇ ਸਾਲਾਨਾ ਸਮਾਗਮਾਂ ਲਈ ਇੱਕ ਵੱਡੇ ਪੈਮਾਨੇ 'ਤੇ ਸ਼ੈੱਡ ਬਣਾਉਣ ਦੀ ਤਜਵੀਜ਼ ਰੱਖੀ। ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਮਿੱਠੀ ਯਾਦ ਨੂੰ ਨਿਰੰਤਰ ਕਾਇਮ ਰੱਖਣ ਲਈ ਕਿਸੇ ਵਿਸ਼ੇਸ਼ ਸੁੰਦਰ ਇਮਾਰਤ ਦਾ ਨਿਰਮਾਣ ਕੀਤਾ ਜਾਵੇਗਾ ਜੋ ਸਭਨਾਂ ਦੇ ਪ੍ਰੇਮ ਅਤੇ ਸਮਾਜ ਸੇਵਾ ਦਾ ਕੇਂਦਰ ਹੋਵੇਗਾ। ਆਪ ਜੀ ਨੇ ਪਿੰਡਾਂ ਵਿਚ ਗੁਰਮਤਿ ਕੈਂਪ ਲਾਉਣ ਦੀ ਯੋਜਨਾ ਦਸੀ ਜਿਸ ਦਾ ਸੰਗਤਾਂ ਨੇ ਜੈਕਾਰਿਆਂ ਨਾਲ ਸਵਾਗਤ ਕੀਤਾ।

ਆਪ ਜੀ ਨੇ ਦਸਿਆ ਕਿ ਇਨ੍ਹਾਂ ਕੈਂਪਾਂ ਵਿਚ ਬੱਚਿਆਂ ਨੂੰ ਗੁਰਬਾਣੀ ਪਾਠ, ਸਿੱਖ ਇਤਿਹਾਸ, ਰਹਿਤ ਮਰਿਯਾਦਾ, ਨਸ਼ਿਆਂ ਅਤੇ ਬੁਰਿਆਈਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ, ਦਸਤਾਰ ਸਿਖਲਾਈ ਅਤੇ ਲੋੜਵੰਦਾਂ ਦੀ ਸੇਵਾ ਕਰਨ ਲਈ ਉਤਸ਼ਾਹ ਪੈਦਾ ਕਰਨ ਦੇ ਯਤਨ ਕੀਤੇ ਜਾਣਗੇ। ਆਪ ਜੀ ਨੇ ਮਹਾਂਪੁਰਸ਼ਾਂ ਵਲੋਂ ਸੰਚਾਲਨ ਕੀਤੇ ਦੋਹਾਂ

ਵਿਦਿਆਲਿਆਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ, ਉਤਮ-ਨਤੀਜੇ ਦੇਣ ਵਾਲੇ ਅਧਿਆਪਕਾਂ ਅਤੇ ਵਧੀਕ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ।

ਆਪ ਜੀ ਨੇ ਸਲਾਈ ਸੈਂਟਰ ਦੀਆਂ ਬੱਚੀਆਂ, ਸਕੂਲ ਦੇ ਅਧਿਆਪਕਾਂ ਅਤੇ ਬੱਚਿਆਂ, ਵੱਖ-ਵੱਖ ਸੇਵਾਵਾਂ-ਜੋੜਾ ਘਰ, ਪਾਰਕਿੰਗ ਸੈਂਟਰ, ਗੁਰੂ ਕੇ ਲੰਗਰਾਂ ਅਤੇ ਛਬੀਲਾਂ ਤੇ ਅਣਥੱਕ ਸੇਵਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਅਤਿ ਦੀ ਗਰਮੀ ਦੀ ਪਰਵਾਹ ਨਾ ਕਰਦਿਆਂ ਤਨ-ਮਨ ਨਾਲ ਸੰਗਤਾਂ ਦੀ ਸੇਵਾ ਵਿਚੋਂ ਖੁਸ਼ੀ, ਅਨੰਦ ਅਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ।

ਸਮਾਗਮ ਸਮੇਂ ਪਿੰਡ ਭੁੰਗਆਂ ਤੋਂ ਭਾਈ ਭਾਗਰਾਜ ਸਿੰਘ ਜੀ ਉਨ੍ਹਾਂ ਪਰਿਵਾਰ ਵੱਲੋਂ ਅੰਬ ਦੇ ਜੂਸ ਦੀ ਸੇਵਾ ਸਾਰਾ ਦਿਨ ਚਲੀ, ਪੈ ਰਹੀ ਪੂਰੀ ਗਰਮੀ ਵਿੱਚ ਸੰਗਤਾਂ ਦੀ ਪਰਿਵਾਰ ਵੱਲੋਂ ਅਥਾਹ ਸੇਵਾ ਕੀਤੀ ਗਈ। ਅਕਾਲ ਬਿਰਧ ਆਸ਼ਰਮ ਵੱਲੋਂ, ਪਿੰਡ ਸਲਾਮਪੁਰ, ਪੈਂਤਪੁਰ ਵੱਲੋਂ ਠੰਡੇ ਮਿਠੇ ਜਲ ਦੀ ਛਬੀਲ ਅਤੇ ਕੇਲਿਆਂ ਦਾ ਪੂਰਾ ਪ੍ਰਬੰਧ ਕੀਤਾ ਗਿਆ। ਅਨਿਕ ਪ੍ਰਕਾਰ ਦੇ ਭੋਜਨ ਭੰਡਾਰੇ ਰਤਵਾੜਾ ਸਾਹਿਬ ਲੰਗਰਾਂ ਵਿੱਚ ਸਾਰਾ ਦਿਨ ਅਟੁੱਟ ਵਰਤਦੇ ਰਹੇ।



ਸਮਾਗਮ ਦੀ ਸਪੰਨਤਾ ਤੇ ਅਨੰਦ ਸਾਹਿਬ ਦੇ ਪਾਠ ਅਤੇ ਗੁਰ ਸਤੋਤਰ ਗਾਇਨ ਹੋਏ। ਡਾ. ਸੁਖਵਿੰਦਰ ਸਿੰਘ ਜੀ ਨੇ ਅਰਦਾਸ ਦੀ ਸੇਵਾ ਨਿਭਾਈ। ਗੁਰਵਾਕ ਉਪਰੰਤ, ਗੁਰੂ ਜੀ ਦੀ ਬਖਸ਼ਿਸ਼ ਪ੍ਰਸ਼ਾਦ ਲੈ ਕੇ ਪ੍ਰੇਮ-ਰਸ ਵਿਚ ਨਾਮ-ਜਪਦਿਆਂ ਸੰਗਤਾਂ ਨੇ ਗੁਰੂ-ਘਰ ਤੋਂ ਵਿਦਾਇਗੀ ਲਈ।

**ਸੰਤ ਲਖਬੀਰ ਸਿੰਘ ਜੀ ਵਲੋਂ ਇੰਗਲੈਂਡ ਵਿਖੇ ਗੁਰਮਤਿ ਪ੍ਰਚਾਰ ਫੇਰੀ ਦੌਰਾਨ 15 ਮਈ ਤੋਂ 12 ਜੂਨ ਤੱਕ ਸਜਾਏ ਗਏ ਧਾਰਮਿਕ ਦੀਵਾਨ**

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸੰਤ ਲਖਬੀਰ ਸਿੰਘ ਜੀ, ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਕੀਰਤਨੀ ਜੱਥੇ ਸਮੇਤ 15 ਮਈ 2014 ਨੂੰ ਇੰਗਲੈਂਡ ਪੁੱਜੇ, ਬੈਡਫੋਰਡ ਬੀਬੀ ਸੁਖਦੇਵ ਕੌਰ ਚੀਮਾ ਦੇ ਗ੍ਰਹਿ ਵਿਖੇ ਨਿਵਾਸ ਕੀਤਾ। ਆਪ ਜੀ ਵਲੋਂ 16 ਮਈ ਤੋਂ 11 ਜੂਨ 2014 ਤੱਕ ਵੱਖ-ਵੱਖ ਅਸਥਾਨਾਂ ਤੇ ਮਤਵਾਰ ਧਾਰਮਿਕ ਦੀਵਾਨ ਸਜਦੇ ਰਹੇ ਜਿਨ੍ਹਾਂ ਵਿਚ ਸੰਗਤਾਂ ਨੇ ਵੱਧ ਚੜ੍ਹ ਕੇ ਵੱਡੀ ਗਿਣਤੀ ਵਿਚ, ਹਾਜ਼ਰੀ ਭਰੀ। ਗੁਰਬਾਣੀ ਕੀਰਤਨ ਅਤੇ ਸੰਤ ਮਹਾਰਾਜ ਦੇ ਰੂਹਾਨੀ ਪ੍ਰਵਚਨਾਂ ਦਾ ਸੰਗਤਾਂ ਨੇ ਪੂਰਾ-ਪੂਰਾ ਲਾਹਾ ਲਿਆ। ਜਿਨ੍ਹਾਂ ਅਸਥਾਨਾਂ ਤੇ ਇਹ ਦੀਵਾਨ ਸਜਾਏ ਗਏ ਉਨ੍ਹਾਂ ਵਿਚੋਂ ਵਿਸ਼ੇਸ਼ ਇਹ ਹਨ -

ਗੁਰਦਵਾਰਾ ਕਰਮਸਰ ਸਾਹਿਬ ਟਿਲਫੋਰਡ; ਗੁਰਦਵਾਰਾ ਸਾਹਿਬ ਲੈਚਰਵਰਕਸ; ਗੁਰਦਵਾਰਾ ਪੰਥ ਪ੍ਰਕਾਸ਼ ਲਿਸਟਰ; ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਹਾਲ; ਗੁਰਦਵਾਰਾ ਸਾਹਿਬ ਸਮੈਦਿਕ; ਗੁਰਦਵਾਰਾ ਗੁਰੂ ਹਰਿ ਰਾਇ ਸਾਹਿਬ ਜੀ, ਬਰਉਨਵਿਕ ਬਰਮਿੰਘਮ; ਗੁਰਦਵਾਰਾ ਸਾਹਿਬ ਗਰੇਵਜ਼ ਐਂਡ; ਗੁਰਦਵਾਰਾ ਗੁਰੂ ਗੋਬਿੰਦ ਸਿੰਘ ਸਾਹਿਬ ਕੈਂਪਸਟਮ; ਗੁਰਦਵਾਰਾ ਗੁਰੂ ਅਮਰਦਾਸ ਜੀ, ਸਾਊਥਹਾਲ। ਹਰ ਦੀਵਾਨ ਵਧੇਰੇ ਕਰਕੇ ਤਿੰਨ-ਤਿੰਨ ਦਿਨ ਦਾ ਹੁੰਦਾ ਰਿਹਾ, ਕੁਝ ਦੀਵਾਨ ਦੋ-ਦੋ ਦਿਨ



# ਰਤਵਾੜਾ ਸਾਹਿਬ ਕਾਰਸੇਵਾ ਦ੍ਰਿਸ਼।







ਦੇ ਅਤੇ ਦੋ ਦੀਵਾਨ ਇਕ-ਇਕ ਦਿਨ ਦੇ ਵੀ ਸਜਾਏ ਗਏ। ਤਿੰਨ ਦੀਵਾਨ ਰਤਵਾੜਾ ਸਾਹਿਬ ਨਾਲ ਜੁੜੇ ਪ੍ਰੇਮੀਆਂ ਦੀ ਮੰਗ 'ਤੇ ਉਨ੍ਹਾਂ ਦੇ ਨਿਵਾਸ-ਅਸਥਾਨਾਂ ਤੇ ਵੀ ਸਜੇ। ਜਿਨ੍ਹਾਂ ਵਿਚ ਬੀਬੀ ਸੁਖਦੇਵ ਕੌਰ ਚੀਮਾ (ਬੈਡਫੋਰਡ), ਬੀਬੀ ਸਤਵੰਤ ਕੌਰ (ਲੂਟਨ) ਅਤੇ ਬੀਬੀ ਨਛੱਤਰ ਕੌਰ ਜੀ ਨੇ ਸੰਗਤਾਂ ਦੀ ਪੂਰੀ ਸ਼ਰਧਾ ਤੇ ਪ੍ਰੇਮ ਨਾਲ ਸੇਵਾ ਕੀਤੀ। ਗੁਰਦਵਾਰਾ ਸਾਹਿਬਾਨ ਵਿਖੇ ਸਜਾਏ ਗਏ ਦੀਵਾਨਾਂ ਵਿਚ ਬੇਅੰਤ ਸੰਗਤਾਂ ਨੇ ਕੀਰਤਨ ਅਤੇ ਗੁਰੂ ਜਸ ਦਾ ਅਨੰਦ ਮਾਣਿਆ। ਜੱਥੇ ਦਾ ਬਹੁਤ ਮਾਨ ਸਤਿਕਾਰ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਜਦੋਂ ਸੰਤ ਮਹਾਰਾਜ ਨੇ ਭੇਟਾ ਲੈਣ ਤੋਂ ਇਨਕਾਰ ਕੀਤਾ ਅਤੇ ਸੰਗਤਾਂ ਵਲੋਂ ਰੱਖੀ ਗਈ ਕੀਰਤਨ-ਭੇਟ ਨੂੰ ਵੀ ਗੁਰੂ ਕੀ ਗੋਲਕ ਵਿਚ ਪਾ ਦੇਣ ਦੀ ਬੇਨਤੀ ਕੀਤੀ ਤਾਂ ਪ੍ਰਬੰਧਕਾਂ ਤੇ ਸੰਗਤਾਂ ਵਿਚ ਜੱਥੇ ਦਾ ਸਤਿਕਾਰ ਤੇ ਮਾਣ ਬਹੁਤ ਵਧਿਆ। ਬਾਬਾ ਲਖਬੀਰ ਸਿੰਘ ਜੀ ਨੇ ਸੰਗਤਾਂ ਨੂੰ ਦਸਿਆ ਕਿ ਇਹ ਭੇਟਾ ਨਾ ਲੈਣ ਦੀ ਪਰੰਪਰਾ ਮਹਾਂਪੁਰਸ਼ ਸੰਤ ਵਰਿਆਮ ਸਿੰਘ ਜੀ ਦੀ ਚਲਾਈ ਹੋਈ ਹੈ ਅਤੇ ਉਨ੍ਹਾਂ ਨੇ ਇਸ ਉੱਚੀ ਸੁੱਚੀ ਪਰੰਪਰਾ ਨੂੰ ਹੀ ਕਾਇਮ ਰੱਖਿਆ ਹੈ। ਸੰਗਤਾਂ ਵਲੋਂ ਹੋਰ ਹੋਰ ਦੀਵਾਨਾਂ ਦੀ ਬਹੁਤ ਮੰਗ ਹੋਈ ਪਰ ਸਮਾਂ ਸੀਮਤ ਹੋਣ ਕਰਕੇ ਆਪ ਜੀ ਜੱਥੇ ਸਮੇਤ 11 ਮਈ 2014 ਨੂੰ ਵਾਪਸ ਭਾਰਤ, ਰਤਵਾੜਾ ਸਾਹਿਬ ਪਰਤ ਆਏ। ਆਪ ਜੀ ਦੇ ਪ੍ਰੋਗਰਾਮ ਸਿੱਖ ਚੈਨਲ ਯੂ.ਕੇ ਵਲੋਂ ਬਰਾਡਕਾਸਟ ਵੀ ਕੀਤੇ ਗਏ ਜਿਨ੍ਹਾਂ ਰਾਹੀਂ ਵਧੇਰੇ ਸੰਗਤਾਂ ਨੇ ਦੀਵਾਨਾਂ ਦਾ ਲਾਭ ਪ੍ਰਾਪਤ ਕੀਤਾ।

ਆਪ ਜੀ 12 ਜੂਨ ਨੂੰ ਵਾਪਸ ਦੇਸ਼ ਆ ਗਏ ਉਪਰੰਤ 13 ਜੂਨ ਨੂੰ ਰਤਵਾੜਾ ਸਾਹਿਬ ਵਿਖੇ ਪੂਰਨਮਾਸ਼ੀ ਦੇ ਸਮਾਗਮ ਤੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ।

(ਪੰਨਾ 29 ਦੀ ਬਾਕੀ)

ਬੇਗ ਗੁਰੂ ਸਾਹਿਬ ਨੂੰ ਕਿਲੇ ਵਿਚ ਪਾਤਸ਼ਾਹੀ ਮੁਲਾਕਾਤ ਵਾਸਤੇ ਲੈ ਆਏ।

ਮੁਲਾਕਾਤ ਸੋਹਣੀ ਤਰ੍ਹਾਂ ਹੋ ਗਈ। ਕਈ ਪ੍ਰਸ਼ਨ ਹੋਏ ਤੇ ਗੁਰੂ ਜੀ ਨੇ ਉੱਤਰ ਦਿਤੇ। ਛੋਟੀ ਉਮਰ ਅਤੇ ਦੀਨ ਦੁਨੀ ਦੀ ਪਰਮ ਉੱਚੀ ਲਿਆਕਤ ਵੇਖ ਕੇ ਪਾਤਸ਼ਾਹ ਹੈਰਾਨ ਬੀ ਹੋਇਆ ਲਿਖਿਆ ਹੈ, ਪਰ ਹੈਰਾਨੀ ਦਾ ਫਲ ਖੁਸ਼ੀ ਦੇ ਨਾਲ ਅੰਦਰੋਂ ਅੰਦਰ ਫਿਕਰ ਬੀ ਹੋਇਆ ਕਿ ਜੇ ਇਹ ਦਿਲੋਂ ਮੁਖਾਲਫ ਹੋਵੇ ਤਾਂ ਮਾਮੂਲੀ ਗੱਲ ਨਹੀਂ।

ਜਿੰਨਾਂ ਚਿਰ ਗੁਰੂ ਜੀ ਦਿੱਲੀ ਰਹੇ ਰੋਜ਼ ਦੀਵਾਨ ਸਜਦੇ ਰਹੇ। ਸੰਗਤਾਂ ਆਉਂਦੀਆਂ ਅਤੇ ਕ੍ਰਿਤਾਰਥ ਹੁੰਦੀਆਂ ਰਹੀਆਂ।

**ਦਿੱਲੀ ਤੋਂ ਗਵਾਲੀਅਰ** - ਇਹ ਲਿਖੇ ਹੋਏ ਪ੍ਰਸੰਗ ਮਿਲਦੇ ਹਨ ਕਿ ਸ੍ਰੀ ਗੁਰੂ ਜੀ ਦਿੱਲੀ ਤੋਂ ਗਵਾਲੀਅਰ ਘੱਲੇ ਗਏ ਸਨ। ਕਿਸ ਪ੍ਰਕਾਰ ਘੱਲੇ ਗਏ ਸਨ, ਇਸ ਪਰ ਰਾਵਾਂ ਅੱਡ-ਅੱਡ ਹਨ ਪਰ ਅਸਲ ਕਾਰਣ ਕੀਹ ਸੀ, ਇਸ ਨੂੰ ਲੱਗਭੱਗ ਸਾਰੇ ਇਹੀ ਮੰਨਦੇ ਹਨ, ਜੋ ਅੰਮ੍ਰਿਤਸਰੋਂ ਸਦਵਾ ਘੱਲਣ ਦਾ ਸੀ, ਅਰਥਾਤ ਇਹ ਕਿ ਪਾਤਸ਼ਾਹ ਪਾਸ ਇਹ ਸ਼ਿਕਾਇਤਾਂ ਅਤੇ ਚੁਗਲੀਆਂ ਪਹੁੰਚਾਈਆਂ ਗਈਆਂ ਸਨ ਕਿ ਗੁਰੂ ਜੀ ਸਿਪਾਹੀਆਂ ਵਾਲੀ ਰਵਸ਼ ਰਖਦੇ ਹਨ, ਫੌਜ ਭਰਤੀ ਕਰ ਰਹੇ ਹਨ, ਲੋਕਾਂ ਦੇ ਨਿਆਇ ਨਿਬੇੜਦੇ ਹਨ, ਇਨ੍ਹਾਂ ਤੋਂ ਪਾਤਸ਼ਾਹ ਦੀ ਪਾਤਸ਼ਾਹੀ ਨੂੰ ਬਹੁਤ ਖਤਰਾ ਹੈ। ਇਨ੍ਹਾਂ ਸ਼ਿਕਾਇਤਾਂ ਦੇ ਘੜਨ ਵਾਲੇ ਤੇ ਮੁਬਾਲਗੇ ਕਰਨ ਵਾਲੇ ਅਤੇ ਪਾਤਸ਼ਾਹ ਤੱਕ ਪਹੁੰਚਾਣ ਵਾਲੇ ਆਪਣੇ ਘਰ ਦੇ ਵੈਰੀ ਦੀਵਾਨ ਚੰਦੂ ਵਰਗੇ ਦ੍ਰੋਹੀ ਅਤੇ ਤਅੱਸਬੀ ਕਾਜ਼ੀ ਆਦਿ ਸਨ। ਉਸ ਸਮੇਂ ਦਾ ਲੇਖਕ 'ਦਬਿਸਤਾਨ ਮਜ਼ਾਹਿਬ' ਵਾਲਾ ਇਸ ਪ੍ਰਕਾਰ ਲਿਖਦਾ ਹੈ -

ਊ ਰਾ ਦੁਸ਼ਵਾਰੀਹਾ ਪੇਸ਼ ਆਮਦ, ਯਕੇ ਅਜ਼ਾ ਈਸਤ ਕਿ ਵਜ਼ਹ ਸਿਪਾਹੀਆਂ ਪੇਸ਼ ਗ੍ਰਿਫਤ ਵ ਬਰਖਿਲਾਫ ਪਿਦਰ ਸ਼ਮਸ਼ੀਰ ਬਸਤ ਵ ਨੌਕਰਾਂ ਨਿਗਾਹ ਦਾਸ਼ਤ ਵ ਸ਼ਿਕਾਰ ਕਰਦਨ ਗ੍ਰਿਫਤ। ਹਜ਼ਰਤ ਜਨਤ ਮਕਾਨੀ ਬਿਨਾ ਬਰ ਤਲਬ ਬਾਕੀਆਤ ਮੁਤਾਲਬਾ ਕਿ ਬਰ ਆਈਨ ਜਰੀਮਾ ਬਰ ਅਰਜਨ ਮਲ ਮੁਕਰਰ ਫਰਮੂਦਹ ਬੂਦੰਦ, ਹਰਿਗੋਬਿੰਦ ਰਾ ਬਗਵਾਲੀਆਰ ਫ੍ਰਿਸਤਾਦ।

ਉਸ (ਸ੍ਰੀ ਗੁਰੂ ਹਰਿਗੋਬਿੰਦ) ਬਾਬਤ ਕੁਝ ਕਠਿਨਾਈਆਂ ਸਨ, ਪਹਿਲੀ ਇਹ ਕਿ (ਗੁਰੂ ਸਾਹਿਬ ਨੇ) ਸਿਪਾਹੀਆਂ ਵਾਲੀ ਰਵਸ਼ ਅਖਤਿਆਰ ਕਰ ਲਈ ਸੀ ਅਤੇ ਆਪਣੇ ਪਿਤਾ ਜੀ ਤੋਂ ਉਲਟ ਸ਼ਮਸ਼ੀਰ ਧਾਰਨ ਕਰ ਲਈ ਸੀ, ਫੇਰ (ਸਿਪਾਹੀ) ਨੌਕਰ ਰੱਖ ਲਏ ਸਨ ਅਤੇ ਸ਼ਿਕਾਰ ਕਰਨ ਜਾਂਦੇ ਸਨ। ਹਜ਼ਰਤ, ਜਿਨ੍ਹਾਂ ਦਾ ਵਾਸਾ ਜਨੱਤ ਵਿਚ ਹੋਵੇ, (ਭਾਵ ਜਹਾਂਗੀਰ) ਨੇ (ਆਪ ਦੇ ਪਿਤਾ ਸ੍ਰੀ ਗੁਰੂ) ਅਰਜਨ ਦੇਵ ਉੱਪਰ ਲਾਏ ਜੁਰਮਾਨੇ ਦੀ ਵਸੂਲੀ ਲਈ (ਸ੍ਰੀ ਗੁਰੂ) ਹਰਿਗੋਬਿੰਦ ਜੀ ਨੂੰ ਗਵਾਲੀਅਰ ਭੇਜ ਦਿਤਾ।

ਸੋ ਇਹ ਗੱਲ ਤਾਂ ਕਿਸੇ ਨਾ ਕਿਸੇ ਸੂਰਤ ਵਿਚ ਕਾਰਣ ਬਣੀ ਪਰ ਕਿਸ ਵਿਉਂਤ ਨਾਲ ਗਵਾਲੀਅਰ ਘੱਲੇ ਗਏ, ਇਸ ਪਰ ਲੇਖਕਾਂ ਨੇ ਕੁਛ ਇਸ ਪ੍ਰਕਾਰ ਦੱਸਿਆ ਹੈ ਕਿ ਮਜਨੂੰ ਦੇ ਟਿੱਲੇ ਆਪ ਨੂੰ ਇਸ ਤਰ੍ਹਾਂ ਦਾ ਉਤਾਰਾ ਦਿਤਾ ਗਿਆ ਕਿ ਜਿਸ ਤਰ੍ਹਾਂ ਕਿਸੇ ਹਿੰਦੂ ਰਜਵਾੜੇ ਨੂੰ ਸਰਕਾਰੀ ਪ੍ਰਬੰਧ ਹੇਠ ਦਿਤਾ ਜਾਇਆ ਕਰਦਾ ਸੀ। ਨਾਲ ਗਏ ਸਿਪਾਹੀਆਂ ਅਤੇ ਘੋੜਿਆਂ ਲਈ ਜਮਨਾ ਤੋਂ ਪਾਰ, ਉਤਾਰੇ ਦਾ ਸਾਮਾਨ ਸੀ। ਦਿੱਲੀ ਦੀਆਂ ਸੰਗਤਾਂ ਆਪ ਦੇ ਦਰਸ਼ਨਾਂ ਨੂੰ ਖੁਲ੍ਹੀਆਂ ਆਉਂਦੀਆਂ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਜਾਨਸ਼ੀਨ ਆਇਆ ਸੁਣ ਕੇ ਹਿੰਦੂ, ਮੁਸਲਮਾਨ, ਸਾਧੂ, ਸੰਤ, ਫਕੀਰ ਦਰਸ਼ਨ ਕਰਨ ਆਉਂਦੇ ਅਤੇ ਤਸੱਲੀ ਪਾ ਕੇ ਜਾਂਦੇ ਕਿ ਗੁਰੂ ਨਾਨਕ ਦੀ ਗੱਦੀ ਉੱਤੇ ਗੁਰੂ ਨਾਨਕ ਵਰਗਾ ਹੀ ਪੂਰਨ ਪੁਰਖ ਹੈ। ਇਨ੍ਹਾਂ ਵਿਚੋਂ ਦੋ ਇਕ ਫਕੀਰਾਂ ਦੇ ਨਾਮ ਵੀ ਤਵਾਰੀਖ ਗੁਰੂ ਖਾਲਸਾ ਨੇ ਦਿਤੇ ਹਨ। ਇਨ੍ਹਾਂ ਫਕੀਰਾਂ ਤੋਂ ਪਾਤਸ਼ਾਹ ਦੇ ਕੰਨੀ ਜੋ ਸੋਅ ਪਹੁੰਚੀ ਸੋ ਗੁਰੂ ਸਾਹਿਬ ਦੇ ਹੱਕ ਦੀ ਕਿ ਉਹ ਪੂਰੇ ਦਰਵੇਸ਼ ਹਨ, ਜਾਹੋ ਠਾਠ ਸਿਪਾਹੀਆਨਾ ਹੈ। ਵਜ਼ੀਰ ਖਾਂ ਤੇ ਗੁੰਚਹ ਬੇਗ ਵੀ ਪਾਤਸ਼ਾਹ ਨੇ ਮੁਲਾਕਾਤ ਲਈ ਸਦਵਾ ਘੱਲੇ ਅਤੇ ਉਨ੍ਹਾਂ ਦੇ ਗੁਣਾਂ ਨੂੰ ਆਪ ਬੀ ਪਰਖਿਆ ਪਰ ਜੋ ਖਤਰੇ ਖਦਸ਼ੈ ਵਿਦ੍ਰੋਹੀਆਂ ਬਿਠਾਏ ਸਨ ਅਤੇ ਹੁਣ ਬੀ ਦਾਅ ਲੱਗੇ ਕੰਨ ਭਰਦੇ ਸਨ, ਇਨ੍ਹਾਂ ਦੇ ਅਸਰਾਂ ਹੇਠੋਂ ਬੀ ਪਾਤਸ਼ਾਹ ਨਾਂਹ ਨਿਕਲਿਆ ਪਰ ਉਨ੍ਹਾਂ ਦੇ ਪੱਖ ਦੀਆਂ ਗੱਲਾਂ ਅਤੇ ਅੱਖੀ ਡਿੱਠੀਆਂ ਗੱਲਾਂ ਦੇ ਕਾਰਨ ਇਹ ਬੀ ਅਗਲਬ ਨਹੀਂ ਭਾਸਦਾ ਕਿ ਕੋਈ ਸਖਤੀ ਨਾਲ ਹੁਕਮ ਜਾਰੀ ਕਰਦਿਤਾ ਹੋਵੇ ਕਿ ਪਕੜ ਕੇ ਲੈ ਜਾਵੋ, ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਓ। ਕਿਉਂਕਿ ਐਸਾ ਕੋਈ ਬਹਾਨਾ ਪਾਤਸ਼ਾਹ ਨੂੰ ਨਹੀਂ ਦਿਸਦਾ ਸੀ, ਜਿਸਨੂੰ ਜੁਰਮ ਕਹਿ ਕੇ ਕੈਦ ਦੀ ਸਜ਼ਾ ਦੇਵੇ ਪਰ ਇਹ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਕੁਛ ਅਰਸਾ ਪੰਜਾਬ ਤੋਂ ਦੂਰ ਰੱਖੇ।

ਸੋ ਗਵਾਲੀਅਰ ਭੇਜਣ ਦਾ ਤਰੀਕਾ ਜੋ ਉਸ ਨੇ ਅਖਤਿਆਰ ਕੀਤਾ ਉਹ ਪਾਤਸ਼ਾਹ ਆਗਰੇ ਵਲ ਦੌਰੇ ਚੜ੍ਹਿਆ ਅਤੇ ਆਗਰੇ ਦੇ ਇਰਦ ਗਿਰਦ ਸੈਰ ਸ਼ਿਕਾਰ ਦੀ ਸੂਰਤ ਅਖਤਿਆਰ ਕੀਤੀ ਅਤੇ ਗੁਰੂ ਜੀ ਨੂੰ ਨਾਲ ਚੱਲਣ ਲਈ ਨਿਉਤ ਲਿਆ।

ਇਸ ਸ਼ਿਕਾਰ ਵਿਚ ਇਕ ਥਾਂ ਅਚਾਨਕ ਇਕ ਸ਼ੇਰ ਬੀ ਆਨ ਨਿਕਲਿਆ ਜਿਸਨੂੰ ਗੁਰੂ ਸਾਹਿਬ ਨੇ ਅੱਗੇ ਵਧ ਕੇ ਪਾਤਸ਼ਾਹ ਦੇ ਦੇਖਦਿਆਂ, ਉਸ ਦਾ ਵਾਰ ਢਾਲ ਉਤੇ ਲੈ ਕੇ, ਪਛਾੜ ਦਿਤਾ। ਇਥੋਂ ਜਾਪਦਾ ਹੈ ਕਿ ਕਿਸੇ ਹੋਰ ਵਿਉਂਤ ਨਾਲ ਗਵਾਲੀਅਰ ਘੱਲ ਦਿਤਾ।

ਇਕ ਸੁਆਦਲੀ ਵਾਰਤਾ ਇਸ ਸ਼ੇਰ-ਸ਼ਿਕਾਰ ਦੇ ਦਿਨਾਂ ਦੀ ਇਸ ਪ੍ਰਕਾਰ ਦੀ ਲਿਖੀ ਮਿਲਦੀ - ਜਦੋਂ ਆਗਰੇ ਡੇਰੇ ਲਗ ਰਹੇ ਸਨ, ਇਕ ਦਿਨ ਪਾਤਸ਼ਾਹ ਅਤੇ ਗੁਰੂ ਸਾਹਿਬ ਇਕੱਠੇ ਸ਼ਿਕਾਰ ਚੜ੍ਹੇ। ਸ਼ਿਕਾਰ ਕਰਦਿਆਂ ਦੂਰ ਨਿਕਲ ਗਏ। ਲਗਭੱਗ ਦੁਪਹਿਰ ਹੋ ਗਈ ਅਤੇ ਗਰਮੀ ਬਹੁਤ ਹੋ ਗਈ। ਪਿੱਛੇ ਮੁੜ ਪਏ ਅਤੇ ਇੱਕ ਥਾਂ ਸੰਘਣੀ ਛਾਂ ਦੇਖ ਕੇ ਪਾਤਸ਼ਾਹ ਘੋੜੇ ਤੋਂ ਉਤਰ ਖਲੋਤਾ। ਇਸ ਤੋਂ ਥੋੜ੍ਹੀ ਦੂਰ ਕੁਝ ਹੋਰ ਸੰਘਣੀ ਛਾਂ ਸੀ, ਉਸ ਉਤੇ ਗੁਰੂ ਸਾਹਿਬ ਜਾ ਬੈਠੇ। ਪਾਤਸ਼ਾਹ ਉਸ ਛਾਂ ਹੇਠ ਬੈਠ ਗਿਆ ਕਿ ਉਥੇ ਇਕ ਪਿੰਡ ਦਾ ਵਾਸੀ ਸਿੱਧਾ ਸਾਦਾ ਆਦਮੀ ਆ ਨਿਕਲਿਆ, ਉਸਨੇ ਸੁਣਿਆ ਸੀ ਕਿ ਗੁਰੂ ਸਾਹਿਬ ਏਥੇ ਆਏ ਹੋਏ ਹਨ ਅਤੇ ਅੱਜ ਸ਼ਿਕਾਰ ਕਰਨ ਏਥੋਂ ਅੱਗੇ ਲੰਘ ਗਏ ਹਨ। ਦੂਰੋਂ ਪਾਤਸ਼ਾਹ ਨੂੰ ਦੇਖ ਕੇ ਉਸ ਜਾਤਾ ਇਹ ਗੁਰੂ ਜੀ ਹਨ ਅਤੇ ਇਸ ਵੇਲੇ ਦੋ ਤਿੰਨ ਆਦਮੀ ਹੀ ਕੋਲ ਹਨ। ਇਸ ਵੇਲੇ ਚੱਲ ਦਰਸ਼ਨ ਕਰ ਲਵਾਂ। ਛੇਤੀ ਨਾਲ ਆ ਕੇ ਉਨ੍ਹਾਂ ਆਦਮੀਆਂ ਤੋਂ ਪੁੱਛਣ ਲੱਗਾ, ਸੱਚੇ ਪਾਤਸ਼ਾਹ ਜੀ ਕਿੱਥੇ ਹਨ? ਮੈਂ ਕੁਛ ਨਜ਼ਰ ਭੇਟ ਕਰਨੀ ਹੈ, ਪਾਤਸ਼ਾਹ ਨੇ ਕੁਛ ਗੱਲ ਸੁਣ ਲਈ ਸੀ, ਨੌਕਰਾਂ ਨੂੰ ਇਸ਼ਾਰਾ

ਕੀਤਾ ਜੋ ਇਸ ਨੂੰ ਮੇਰੇ ਕੋਲ ਆਣ ਦੇਹੁ। ਇਸ ਗਰੀਬ ਨੇ ਪਾਤਸ਼ਾਹ ਕੋਲ ਪਹੁੰਚ ਕੇ ਟਕਾ ਅੱਗੇ ਰੱਖਿਆ ਅਤੇ ਮੱਥਾ ਟੇਕਿਆ, ਅਰਜ਼ ਕੀਤੀ –

*ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ।*
*'ਸਾਚੋ ਪਾਤਿਸ਼ਾਹ, ਗੁਰ ਭਾਰੀ।*
*ਦਰਸ਼ਨ ਕੀ ਅਭਿਲਾਖ ਘਨੇਰੀ।*
*ਸੁਨਹੁ ਸ੍ਰੌਨ ਦੇ ਬਿਨਤੀ ਮੇਰੀ।*
*ਦੀਨ ਦੁਨੀ ਕੋ ਮਾਲਿਕ ਅਹੈਂ।*
*ਸਾਚੋ ਪਾਤਿਸ਼ਾਹੁ-ਇਮ ਕਹੈਂ।*
*ਦਾਸ ਗਰੀਬ ਜਾਨਿ ਕਰਿ ਮੋਹੀ।*
*ਬਨਹੁ ਸਹਾਇ ਮ੍ਰਿਤੁ ਜਬਿ ਹੋਹੀ।*
*ਅਪਰ ਕਾਮਨਾ ਕੋਇ ਨ ਨਾਥ।*
*ਜਮ ਤੇ ਰਾਖਹੁ ਦੇ ਕਰਿ ਹਾਥ।*

*ਗੁ. ਪ੍ਰ. ਸੂ. ਪ, ਰਾ: ੪, ਅੰਕ ਪ੭, ਪੰਨਾ ੨੪੬੪, ੨੪੬੬*

ਪਾਤਸ਼ਾਹ ਖੇਲ੍ਹ ਤਮਾਸ਼ੇ ਦੇ ਰੰਗ ਵਿਚ ਫਿਰਦਾ ਛਾਵੇਂ ਬੈਠਾ ਸੀ। ਸੁਣ ਕੇ ਮੁਸਕਰਾਇਆ ਅਤੇ ਸਮਝ ਗਿਆ ਕਿ ਗੁਰੂ ਸਾਹਿਬ ਦਾ ਸਿੱਖ ਹੈ। 'ਸੱਚਾ ਪਾਤਸ਼ਾਹ' ਉਨ੍ਹਾਂ ਨੂੰ ਕਹਿ ਰਿਹਾ ਹੈ ਅਤੇ ਜਦ ਮੈਂ ਪੁੱਛਿਆ ਸੀ ਤੁਸੀਂ ਕਿਉਂ ਸੱਚਾ ਪਾਤਸ਼ਾਹ ਅਖਵਾਂਦੇ ਹੋ ਤਾਂ ਉਨ੍ਹਾਂ ਕਿਹਾ ਸੀ ਅਸੀਂ ਕਿਸੇ ਨੂੰ ਨਹੀਂ ਆਖਦੇ ਸਾਨੂੰ ਸੱਚਾ ਪਾਤਸ਼ਾਹ ਕਹੋ। ਲੋਕੀ ਆਪਣੇ ਆਪ ਰੂਹਾਨੀ ਪ੍ਰੇਮ ਵਿਚ ਇਹੋ ਜਿਹੇ ਲਫਜ਼ ਬੋਲ ਲੈਂਦੇ ਹਨ। ਇਹ ਗੱਲ ਠੀਕ ਹੀ ਹੋਈ ਕਿ ਪੰਜਾਬ ਤੋਂ ਐਨੀ ਦੂਰ, ਫੇਰ ਆਗਰੇ ਤੋਂ ਬਾਹਰ ਬਿਨ ਗਿਰਾਂ ਦੇ ਆਦਮੀ, ਇਹ ਲਫਜ਼ ਵਰਤਦੇ ਆਉਂਦੇ ਹਨ, ਫੇਰ ਕੁਛ ਸੋਚ ਵਿਚ ਪੈ ਗਿਆ ਅਤੇ ਗਰੀਬ ਨੂੰ ਉਂਗਲ ਦਾ ਇਸ਼ਾਰਾ ਕਰਕੇ ਕਹਿਣ ਲੱਗਾ, ਗੁਰੂ ਉਸ ਤਰਫ ਹੈ। ਇਹ ਸੁਣ ਕੇ ਗਰੀਬ ਨੇ ਆਪਣਾ ਟਕਾ ਚੁੱਕ ਲਿਆ ਅਤੇ ਉਸ ਪਾਸੇ ਟੁਰ ਪਿਆ। ਜਾਂਦਿਆਂ ਮਿਲੇ ਗੁਰੂ ਜੀ ਦੇ ਸਾਥੀਆਂ ਤੋਂ ਪੁੱਛ ਕੇ ਉਸ ਬ੍ਰਿਛਾਂ ਦੀ ਝੰਗੀ ਹੇਠ ਜਾ ਪਹੁੰਚਾ, ਜਿੱਥੇ ਗੁਰੂ ਸਾਹਿਬ ਬੈਠੇ ਸਨ, ਦਰਸ਼ਨ ਕੀਤਾ, ਮਨ ਵਿਚ ਬਲਿਹਾਰ ਹੋਇਆ, ਟਕਾ ਅੱਗੇ ਧਰਿਆ ਅਤੇ ਬੇਨਤੀ ਕੀਤੀ, ਹੇ ਗੁਰੂ, ਮੈਂ ਤੁਹਾਡੀ ਸ਼ਰਨ ਆਇਆ ਹਾਂ, ਅੰਤਕਾਲ ਮੇਰੀ ਸਹਾਇਤਾ ਕਰਨੀ, ਤੁਹਾਡਾ ਬਿਰਦ ਗਰੀਬ ਨਿਵਾਜ਼ ਹੈ, ਮੈਂ ਗਰੀਬ ਦੀ ਰੱਖਿਆ ਕਰੋ।

*ਸੁਨਿ ਸਤਿਗੁਰੂ ਕ੍ਰਿਪਾਲ ਬਖਾਨਾ।*
*ਸਿਮਰਹੁ ਸਤਿਨਾਮੁ ਕਲਯਾਨਾ।*
*ਧਰਮ ਕਿਰਤ ਕਰਿ ਖਾਹੁ ਅਹਾਰਾ।*
*ਇਨ ਦੋਇਨ ਤੇ ਸਦਾ ਸੁਖਾਰਾ।*
*ਨਹਿ ਜਮਦੂਤ ਦੇਖਿਬੇ ਪਾਵਿਹਾਂ।*
*ਕਰ ਦੇ ਕਰਿ ਸਤਿਗੁਰੂ ਬਚਾਵਹਿ॥*

*ਗੁ. ਪ੍ਰ. ਸੂਰਜ, ਰਾਸ ਅੰਸੂ ਪ੭, ਪੰਨਾ ੨੪੬੭*

**********

(ਪੰਨਾ 16 ਦੀ ਬਾਕੀ)

ਪ੍ਰੀਪੂਰਨ ਆਤਮਾ ਮੰਨੋ ਅਤੇ ਇਹ ਉਤਮ ਅਭਿਆਸ ਆਤਮ ਚਿੰਤਨ ਦਾ, ਫੁਰਨਾ ਰਹਿਤ ਹੋ ਕੇ ਕਰਦੇ ਰਹੋ। ਜਦੋਂ ਇਹ ਪਰਪੱਕ ਹੋ ਜਾਵੇ ਤਾਂ ਆਪਣੀ ਬਿਰਤੀ ਨੂੰ ਦ੍ਰਿਸ਼ਟਮਾਨ ਵਿਚੋਂ, ਯਾਨਿ ਨਾਮ ਅਤੇ ਰੂਪ ਵਿਚੋਂ ਖਿੱਚ ਕੇ ਪ੍ਰੀਪੂਰਨ ਜੋਤ ਦੇ ਨਾਲ ਜੋੜੋ ਜੋ ਇਸ ਦ੍ਰਿਸ਼ਟਮਾਨ ਦੀ ਅਸਲੀਅਤ ਹੈ ਅਤੇ ਜਿਸਦੇ ਅਧਾਰ ਤੇ ਸਭ ਦ੍ਰਿਸ਼ਟਮਾਨ ਨਜ਼ਰ ਆ ਰਹੇ ਹਨ –

***ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ***
***ਨਾ ਘਾਟ ਹੈ ਨ ਬਾਢ ਹੈ***
***ਨਾ ਬਾਢ ਘਾਟ ਹੋਤ ਹੈ। (ਅਕਾਲ ਉਸਤਤਿ)***

ਉਸ ਸਤਿ ਸਰੂਪ ਨਾਲ ਸੁਰਤ ਨੂੰ ਜੋੜੋ। ਇਹ ਅਨਾਮ ਅਤੇ ਅਰੂਪ ਹੈ। ਇਸਦਾ ਅਭਿਆਸ ਕਰਕੇ ਨਿਰਵਿਕਲਪ ਅਨੰਦ ਮਾਣੋ। ਜਿਸ ਵਕਤ ਬਿਰਤੀ ਆਪਣਾ ਸਰੂਪ ਬਿਲਕੁਲ ਗਵਾ ਦੇਵੇਗੀ, ਮਨ ਅ-ਮਨ ਹੋ ਜਾਵੇਗਾ ਅਤੇ ਵਾਸ਼ਨਾਵਾਂ ਖ੍ਹੈ ਹੋ ਜਾਣ ਤੇ ਬਾਕੀ ਨਿਰਾਕਾਰ ਨਿਰਵਿਕਲਪ ਚਿਦਾ ਅਕਾਸ਼, ਪ੍ਰੇਮ ਅਨੰਦ ਅਤੇ ਕੇਵਲ ਕੇਵਲੀ ਸਰੂਪ ਜੋ ਕਿ ਆਪਣਾ ਸਰੂਪ ਹੈ, ਉਸਦੇ ਵਿਚ ਲੀਨ ਹੋ ਜਾਓ। ਇਸ ਤਰ੍ਹਾਂ ਦੇ ਨਾਲ ਜਦੋਂ ਤਿੰਨੇ ਦੋਸ਼ ਦੂਰ ਹੋ ਗਏ ਤਾਂ ਪ੍ਰੀਪੂਰਨ ਪ੍ਰਮਾਤਮਾ ਸ਼ਾਖਸ਼ਾਤਕਾਰ ਹੋ ਜਾਂਦਾ ਹੈ ਅਤੇ ਪਤਾ ਲਗਦਾ ਹੈ ਕਿ –

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ***
***ਜਾ ਕਉ ਕਹਤਾ ਅਉਰੁ॥ ਅੰਗ – 1369***

ਐਨੇ ਬਚਨ ਸੁਣ ਕੇ ਸੰਗਤਾਂ ਇਸ ਉਚੇ ਗੁਰ ਸਿਧਾਂਤ ਦੇ ਅਨੰਦ ਵਿਚ ਲੀਨ ਹੋਈਆਂ ਪ੍ਰਤੀਤ ਦੇ ਰਹੀਆਂ ਸਨ। ਥੋੜਾ ਸਮਾਂ ਬਿਲਕੁਲ ਚੁੱਪ ਦਾ ਵਾਤਾਵਰਣ ਬਣਿਆ ਰਿਹਾ।

ਇਕ ਪ੍ਰੇਮੀ ਨੇ ਸੰਤ ਮਹਾਰਾਜ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ਬਾਣੀ ਤਾਂ ਅਸੀਂ ਪੜ੍ਹਦੇ ਹਾਂ ਪਰ ਅਸਾਡਾ ਮਨ ਕਿਉਂ ਨਹੀਂ ਟਿਕਦਾ?

ਸਮਾਂ ਕਿਉਂਕਿ ਜ਼ਿਆਦਾ ਹੋ ਚੁਕਿਆ ਸੀ ਤਾਂ ਮਹਾਂਪੁਰਸ਼ਾਂ ਨੇ ਫੁਰਮਾਨ ਕੀਤਾ ਕਿ ਆਪ ਦੇ ਪ੍ਰਸ਼ਨ ਦਾ ਨਿਰਣਾ ਅਕਾਲ ਪੁਰਖ ਦੀ ਰਜ਼ਾ ਅੰਦਰ ਕੱਲ ਨੂੰ ਕੀਤਾ ਜਾਵੇਗਾ। ਸਮਾਂ ਹੋਣ ਉਪਰੰਤ ਸੰਗਤਾਂ ਮਹਾਂਪੁਰਸ਼ਾਂ ਦਾ ਸਤਿਕਾਰ ਕਰਦੀਆਂ ਹੋਈਆਂ ਬਹੁਤ ਹੀ ਧੰਨਵਾਦ ਕਰਨ ਲਗੀਆਂ ਅਤੇ ਕਈ ਪ੍ਰੇਮੀਆਂ ਨੇ ਕਿਹਾ, ਮਹਾਰਾਜ ਜੀ! ਅਸਾਡੇ ਵਿਚ ਸਾਰੀਆਂ ਹੀ ਸੰਪਰਦਾਵਾਂ ਦੇ ਪ੍ਰੇਮੀ ਹਨ, ਆਪ ਜੀ ਦੇ ਬਚਨ ਸਾਰੀ ਸ੍ਰਿਸ਼ਟੀ ਨੂੰ ਹੀ ਗਿਆਨ ਪ੍ਰਦਾਨ ਕਰਦੇ ਹਨ, ਅਸੀਂ ਆਪ ਦੇ ਧੁਰ ਅੰਦਰੋਂ ਧੰਨਵਾਦੀ ਹਾਂ। ਇੰਨਾਂ ਕਹਿ ਕੇ ਆਪੋ ਆਪਣੇ ਕਾਰਜਾਂ ਲਈ ਵਿਦਾ ਹੋਣ ਲੱਗੇ।

**********

# ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-20)*

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਸ੍ਰੀ ਨਗਰ ਗਏ ਹੋਏ ਨੇ, ਮਾਤਾ ਭਾਗਭਰੀ ਦੇ ਪ੍ਰੇਮ ਦੇ ਖਿੱਚੇ ਹੋਏ 700 ਮੀਲ ਚਲੇ ਗਏ। ਸੱਤ ਦਿਨ ਲੱਗੇ ਮਹਾਰਾਜ ਨੂੰ। ਸੌ ਮੀਲ ਦਾ ਰੋਜ਼ ਪੈਂਡਾ ਕਰਦੇ ਸੀ ਤੇ ਉਥੇ ਜਾ ਕੇ ਜਦੋਂ ਮਹਾਰਾਜ ਨੇ ਮਾਤਾ ਨੂੰ ਦਰਸ਼ਨ ਦਿਤੇ, ਸੰਗਤਾਂ ਨੂੰ ਪਤਾ ਲੱਗਿਆ, ਸੰਗਤਾਂ ਚੱਲ-ਚੱਲ ਕੇ ਆਉਂਦੀਆਂ ਨੇ ਤੇ ਬੜਾ ਉਤਸ਼ਾਹ ਸੰਗਤਾਂ 'ਚ ਹੋਇਆ ਤੇ ਇੱਕ ਪਿੰਡ ਦੀ ਸੰਗਤ ਅੱਜ ਬਾਗ ਦੇ ਵਿਚੋਂ, ਤਾਜ਼ੇ ਫਲ ਤੋੜੇ ਵਧੀਆ ਕਿ ਗੁਰੂ ਦੀ ਭੇਟ ਕਰਾਂਗੇ, ਸ਼ਹਿਦ ਸਾਮ੍ਹਣੇ ਚੁਆਇਆ ਤੇ ਲੈ ਕੇ ਗੁਰੂ ਮਹਾਰਾਜ ਵਲ ਨੂੰ, ਜੋਟੀਆਂ ਦੇ ਸ਼ਬਦ ਪੜ੍ਹਦੇ ਹੋਏ, ਜਥਾ ਬਣਾ ਕੇ ਬੀਬੀਆਂ, ਬੱਚੇ, ਭਾਈ, ਜੁਆਨ, ਬੁੱਢੇ ਸਭ ਤੁਰੇ ਜਾਂਦੇ ਨੇ ਤੇ ਜਿਸ ਵਕਤ ਰਸਤੇ 'ਚ ਜਾਂਦੇ ਨੇ, ਇੱਕ ਸਿੱਖ ਨੇ ਆਵਾਜ਼ ਸੁਣੀ, ਮਨ 'ਚ ਚਾਉ ਜਾਗਿਆ ਕਿ ਗੁਰੂ ਦੀ ਸੰਗਤ ਆ ਰਹੀ ਹੈ ਕਿਉਂ ਨਾ ਨਮਸ਼ਕਾਰ ਕਰੀਏ। ਉਸ ਵੇਲੇ ਆਪ ਅੱਗੇ ਗਏ, ਦੋਵੇਂ ਹੱਥ ਜੋੜੇ ਅੰਤਰੀਵ ਆਤਮੇ ਸਾਰਿਆਂ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਨੇੜੇ ਆਏ ਤਾਂ ਸਾਮ੍ਹਣੇ ਹੋ ਕੇ ਸਤਿ ਕਰਤਾਰ ਦੀ ਆਵਾਜ਼ ਦਿਤੀ। ਸਭ ਖੜ੍ਹ ਗਏ, ਜਾਣਦੇ ਸੀ ਉਹਨੂੰ।

ਕਹਿਣ ਲੱਗੇ, ਪ੍ਰੇਮੀਓਂ! ਕਿੱਥੇ ਚੱਲੇ ਓਂ?

ਕਹਿੰਦੇ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨ ਕਰਨ ਚੱਲੇ ਹਾਂ।

ਕਹਿਣ ਲੱਗਿਆ ਕਿ ਆ ਕੀ ਲਈਂ ਜਾਂਦੇ ਓਂ?

ਕਹਿੰਦੇ, ਆਹ ਫਲ ਨੇ ਤੇ ਆਹ ਸ਼ਹਿਦ ਹੈ।

ਕਹਿੰਦਾ, ਅੱਜ ਸਵੇਰੇ ਤੋਂ ਮੈਂ ਕੁਛ ਨਹੀਂ ਖਾਧਾ, ਭੁੱਖ ਬੜੀ ਲੱਗੀ ਹੋਈ ਹੈ, ਇੱਕ ਫਲ ਮੈਨੂੰ ਦੇ ਦਿਓ। ਉਥੇ ਵੀ ਤੁਸੀਂ ਵੰਡਣੇ ਹੀ ਨੇ।

ਆਹ ਕੀ ਹੈ?

ਕਹਿੰਦੇ, ਸ਼ਹਿਦ।

ਕਹਿੰਦਾ, ਇਹ ਵੀ ਦੇ ਦਿਓ। ਬੜੀ ਦੇਰ ਹੋਈ ਮੈਂ ਸ਼ਹਿਦ ਨਹੀਂ ਦੇਖਿਆ।

ਹੱਥ ਕਰ ਦਿਤਾ ਅੱਗੇ। ਜਵਾਬ ਦੇ ਦਿਤਾ ਜਥੇਦਾਰ ਨੇ। ਕਹਿਣ ਲੱਗਿਆ, ਭਾਈ ਕੱਟੂ! ਤੈਨੂੰ ਪਤਾ ਹੈ ਇਹ ਅਸੀਂ ਗੁਰੂ ਸਾਹਿਬ ਵਾਸਤੇ ਲਿਜਾ ਰਹੇ ਹਾਂ ਤੇ ਰਾਹ ਵਿਚ ਜੇ ਵੰਡਦੇ ਜਾਈਏ, ਉਥੇ ਕੀ ਲੈ ਕੇ ਜਾਵਾਂਗੇ। ਤੂੰ ਆ ਗਿਆ, ਅੱਗੇ ਕੋਈ ਹੋਰ, ਹੋਰ ਖੜ੍ਹਾ ਹੋਵੇ। ਇਹ ਗੁਰੂ ਮਹਾਰਾਜ ਦੀ ਭੇਟਾ ਜਾਏਗਾ, ਉਥੋਂ ਮੁੜਦੇ ਹੋਏ ਜਿਹੜਾ ਪ੍ਰਸ਼ਾਦ ਸਾਨੂੰ ਮਿਲੇਗਾ, ਇਥੇ ਖੜ੍ਹੀਂ ਤੈਨੂੰ ਦੇ ਦੇਵਾਂਗੇ।

ਕਹਿੰਦਾ, ਤੁਹਾਡੀ ਮਰਜ਼ੀ। ਜਿਵੇਂ ਤੁਹਾਡਾ ਜੀਅ ਕਰਦਾ ਹੈ ਕਰੋ।

ਉਸ ਵੇਲੇ ਸਾਰੇ ਜਦੋਂ ਪ੍ਰਸ਼ਾਦ ਲੈ ਕੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਪਹੁੰਚਦੇ ਨੇ। ਜਾ ਕੇ ਉਨ੍ਹਾਂ ਨੇ ਪ੍ਰਸ਼ਾਦ ਰੱਖ ਦਿਤਾ। ਮੇਵੜੇ ਨੇ ਭੇਟਾਵਾਂ ਲਈਆਂ ਤੇ ਸਾਰਿਆਂ ਦਾ ਨਾਉਂ ਲੈ-ਲੈ ਕੇ ਕਿ ਪਾਤਸ਼ਾਹ ਫਲਾਣੇ ਪਿੰਡ ਤੋਂ ਭੇਟਾ ਕਰ ਰਿਹਾ, ਫਲਾਣੇ ਪਿੰਡ ਤੋਂ ਇਹ ਯਾਚਨਾ ਕਰ ਰਿਹਾ ਹੈ। ਮਹਾਰਾਜ ਸਾਰਿਆਂ ਨੂੰ ਯਥਾਸ਼ਕਤ ਵਰ ਦਿੰਦੇ ਚਲੇ ਜਾ ਰਹੇ ਨੇ, ਬਚਨ ਦਿੰਦੇ ਚਲੇ ਜਾ ਰਹੇ ਨੇ।

ਸੋ ਥੋੜ੍ਹੀ ਦੇਰ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਆਹ ਟੋਕਰੇ 'ਚ ਕੀ ਹੈ ਭਾਈ? ਕੁਛ ਦੁਰਗੰਧੀ ਜਿਹੀ ਆ ਰਹੀ ਹੈ।

ਜਥੇਦਾਰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤਾਜ਼ੇ ਫਲ ਤੋੜ ਕੇ ਲਿਆਏ ਹਾਂ, ਕਸ਼ਮੀਰ ਦਾ ਸੇਬ ਹੈ ਇਹਦੇ ਵਿਚ। ਜਿਹੜਾ ਸਾਰੇ ਭਾਰਤ ਵਰਸ਼ 'ਚੋਂ ਸੋਹਣਾ ਹੈ, ਉਹਦੀ ਸੁਗੰਧੀ ਹੈ ਮਹਾਰਾਜ।

ਮਹਾਰਾਜ ਕਹਿੰਦੇ ਨਹੀਂ, ਦੁਰਗੰਧੀ ਹੈ ਜਿਵੇਂ ਗਲੇ ਹੁੰਦੇ ਨੇ। ਕੱਪੜਾ ਚੁੱਕੋ ਤਾਂ?

ਹੈਰਾਨ ਹੋ ਗਏ, ਸਾਰੇ ਸੇਬ ਕਾਲੇ ਹੋ ਗਏ ਗਲ ਕੇ। ਕਹਿਣ ਲੱਗੇ, ਤੋੜੇ ਤਾਂ ਅਸੀਂ ਤਾਜ਼ੇ ਸੀ ਹੁਣੇ ਹੀ ਤੋੜ ਕੇ ਲਿਆਏ ਹਾਂ ਤੇ ਅਜੇ ਐਨਾ ਮੌਸਮ ਦਾ ਵੀ ਅਸਰ ਨਹੀਂ ਹੋਇਆ। ਹੋ ਕੀ ਗਿਆ?

ਮਹਾਰਾਜ ਕਹਿੰਦੇ, ਆਹ ਬਰਤਨ 'ਚ ਕੀ ਹੈ?

ਕਹਿੰਦੇ ਮਹਾਰਾਜ! ਤਾਜ਼ਾ ਸ਼ਹਿਦ, ਤੁਰਨ ਵੇਲੇ ਚੁਆਇਆ ਸੀ।

ਕਹਿੰਦੇ, ਲਿਆਓ ਦਿਖਾਓ, ਕਿਹੋ ਜਿਹਾ ਹੈ?

ਬਰਤਨ ਦਾ ਮੂੰਹ ਖੋਲ੍ਹਿਆ, ਮਹਾਰਾਜ ਦੇ ਅੱਗੇ ਕਰ ਦਿਤਾ। ਮਹਾਰਾਜ ਨੇ ਦੇਖਿਆ ਤਾਂ ਦੇਖ ਕੇ ਕਹਿੰਦੇ ਕਿ ਦੇਖੋ ਤਾਂ ਸ਼ਹਿਦ 'ਚ ਕੀ ਹੈ?

ਕੀ ਦੇਖਦੇ ਨੇ ਕੁਰਬਲ-ਕੁਰਬਲ ਕਰਦੇ ਕੀੜੇ ਫਿਰ ਰਹੇ ਨੇ ਵਿਚ। ਨਿਰਾਸ ਹੋ ਗਏ ਕਿ ਭੇਟਾ ਕਬੂਲ ਨਹੀਂ ਹੋਈ। ਸਾਰੇ ਜੱਥੇ ਨੂੰ ਅਫਸੋਸ ਹੋ ਗਿਆ ਕਿ ਭਾਈ! ਪਤਾ ਨਹੀਂ ਅਸੀਂ ਕਿਹੜਾ ਵਿਘਨ ਕਰ ਦਿਤਾ। ਉਸ ਵੇਲੇ ਸਿਆਣੇ ਸੀ, ਗਲ 'ਚ ਪੱਲਾ ਪਾਇਆ, ਹੱਥ ਜੋੜੇ ਕਹਿਣ ਲੱਗੇ ਕਿ ਪਾਤਸ਼ਾਹ! ਕੋਈ ਵੱਡਾ ਭਾਰਾ ਵਿਘਨ ਹੋ ਗਿਆ। ਸਾਡੇ ਉਤੇ ਕੋਈ ਕਰੋਪੀ ਹੋ ਗਈ, ਕੋਈ ਅਸੀਂ ਐਨਾ ਮਾੜਾ ਕੰਮ ਕਰ ਲਿਆ ਕਿ ਪ੍ਰਸ਼ਾਦ ਤੁਹਾਡੇ ਕੋਲ ਤਾਜ਼ਾ ਨਾ ਲਿਆ ਸਕੇ। ਤੋੜਿਆ ਵੀ ਤਾਜ਼ਾ ਪਰ ਤੁਹਾਡੇ ਕੋਲ ਨਹੀਂ ਪਹੁੰਚ ਸਕਿਆ। ਆਪ ਜੀ ਨੂੰ ਪ੍ਰਵਾਨ ਨਹੀਂ ਹੋਇਆ। ਕ੍ਰਿਪਾ ਕਰੋ ਆਪ। ਇਸ ਭੇਦ ਨੂੰ ਪ੍ਰਗਟ ਕਰਕੇ ਸਾਡਾ

ਸੰਸਾ ਨਵਿਰਤ ਕਰੋ।

ਮਹਾਰਾਜ ਕਹਿੰਦੇ, ਪ੍ਰੇਮੀਓ! ਕਿਸੇ ਨੇ ਰਾਹ ਵਿਚ ਵੀ ਮੰਗਿਆ ਸੀ?

ਕਹਿੰਦੇ, ਹਾਂ ਜੀ, ਇੱਥੇ ਇੱਕ ਮਸਤਾਨਾ ਜਿਹਾ ਫਿਰਦਾ ਹੁੰਦਾ ਹੈ ਭਾਈ ਕੱਟੂ, ਉਸਨੇ ਮੰਗਿਆ ਸੀ ਪ੍ਰਸ਼ਾਦ ਵਿਚੋਂ, ਅਸੀਂ ਕਿਹਾ ਕਿ ਗੁਰੂ ਸਾਹਿਬ ਕੋਲ ਲੈ ਕੇ ਜਾਣਾ ਹੈ, ਤੂੰ ਪਹਿਲਾਂ ਹੀ ਮੰਗਦਾ ਹੈਂ। ਜੇ ਇਸ ਤਰ੍ਹਾਂ ਮੰਗਣ ਲੱਗੇ ਤਾਂ ਪ੍ਰਸ਼ਾਦ ਕੀ ਲੈ ਕੇ ਜਾਵਾਂਗੇ।

ਮਹਾਰਾਜ ਕਹਿੰਦੇ, ਪ੍ਰੇਮੀਓ! ਮੈਂ ਹੀ ਹੱਥ ਕੱਢਿਆ ਸੀ ਤੁਹਾਡੇ ਅੱਗੇ, ਕਿਉਂਕਿ ਤੁਸੀਂ ਪਛਾਣ ਨਹੀਂ ਸਕੇ। ਬਾਣੀ ਦਾ ਜੋ ਹੁਕਮ ਹੈ ਉਹਨੂੰ ਪਛਾਣ ਨਹੀਂ ਸਕੇ। ਬਾਣੀ ਦਾ ਹੁਕਮ ਇਸ ਤਰ੍ਹਾਂ ਹੈ -

*ਧਾਰਨਾ - ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।*

*ਦਾਸ ਅਨਿੰਨ ਮੇਰੋ ਨਿਜ ਰੂਪ ॥* *ਅੰਗ - ੧੨੫੨*

ਜਿਹੜੇ ਹਰ ਵਕਤ ਮੇਰੇ ਧਿਆਨ 'ਚ ਰਹਿੰਦੇ ਨੇ, ਮੈਨੂੰ ਘਟ-ਘਟ ਦੇ ਵਿਚ ਵਿਆਪਕ ਦੇਖਦੇ ਨੇ, ਸਿੱਖ ਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੁੰਦਾ -

*ਖਾਲਸਾ ਮੇਰੋ ਰੂਪ ਹੈ ਖਾਸ॥*
*ਖਾਲਸੇ ਮਹਿ ਹੌਂ ਕਰੌਂ ਨਿਵਾਸ॥* *ਸਰਬ ਲੋਹ ਗ੍ਰੰਥ 'ਚੋਂ*

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ 'ਚੋਂ*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ - ੩੯੭*
*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥* *ਅੰਗ - ੧੦੭੬*

ਕਹਿੰਦੇ, ਜਿਹੜਾ ਹਰ ਵਕਤ ਮੇਰੀ ਯਾਦ ਵਿਚ ਰਹਿੰਦਾ ਹੈ, ਮੈਂ ਉਸ ਸਿੱਖ ਦੇ ਨਾਲ ਰਹਿੰਦਾ ਹਾਂ। ਉਹਦੇ ਤੇ ਮੇਰੇ ਵਿਚ ਫਰਕ ਨਹੀਂ ਹੁੰਦਾ ਪ੍ਰੇਮੀਓ! ਉਸ ਰੂਪ ਦੇ ਅੰਦਰ ਮੈਂ ਹੀ ਮੰਗਿਆ ਸੀ ਹੱਥ ਕੱਢ ਕੇ। ਤੁਸੀਂ ਜਦ ਦਿਤਾ ਨਾ।

ਕਹਿਣ ਲੱਗੇ, ਪਾਤਸ਼ਾਹ! ਹੁਣ ਕੀ ਕਰੀਏ?

ਮਹਾਰਾਜ ਕਹਿੰਦੇ ਕਿ ਜਾਓ, ਭਾਈ ਕੱਟੂ ਨੂੰ ਪ੍ਰਸੰਨ ਕਰੋ।

ਉਸੇ ਤਰ੍ਹਾਂ ਲੈ ਗਏ, ਭਾਈ ਕੱਟੂ ਕੋਲ ਜਾ ਕੇ ਜਦੋਂ ਟੋਕਰਿਆਂ ਦਾ ਕੱਪੜਾ ਲਾਹੁੰਦੇ ਨੇ, ਸਾਰੇ ਫਲ ਤਾਜ਼ੇ। ਸ਼ਹਿਦ ਦੇਖਦੇ ਨੇ, ਸ਼ਹਿਦ ਅਸਲੀ ਹਾਲਤ ਵਿਚ। ਕਹਿੰਦੇ, ਲੈ ਭਾਈ ਕੱਟੂ! ਜਿੰਨਾਂ ਤੇਰਾ ਜੀਅ ਕਰਦਾ ਹੈ ਛਕ ਲੈ।

ਕਹਿੰਦਾ ਕਿ ਹੁਣ ਤਾਂ ਪਿਆਰਿਓ, ਮੈਨੂੰ ਭੁੱਖ ਹੀ ਨਹੀਂ ਰਹੀ। ਮੈਨੂੰ ਕੋਈ ਜ਼ਰੂਰਤ ਨਹੀਂ ਹੈ, ਪਰ ਤੁਹਾਡੀ ਸ਼ਰਧਾ ਹੈ, ਚਲੋ ਕਿਣਕਾ ਮਾਤਰ ਅਸੀਂ ਲੈ ਲੈਂਦੇ ਹਾਂ। ਸਾਰੇ ਗੁਰੂ ਸਾਹਿਬ ਕੋਲ ਫੇਰ ਵਾਪਸ ਆ ਜਾਂਦੇ ਨੇ।

ਸੋ ਇਸ ਤਰ੍ਹਾਂ ਦੇ ਜਿਹੜੇ ਗੁਰਸਿੱਖ ਹੋਇਆ ਕਰਦੇ ਨੇ, ਉਹ ਅਭੇਦ ਅਵਸਥਾ ਦੇ ਗੁਰਸਿੱਖ ਹੋਇਆ ਕਰਦੇ ਨੇ। ਉਨ੍ਹਾਂ ਦਾ ਕਿਹਾ ਹੋਇਆ ਪ੍ਰਮੇਸ਼ਵਰ ਵੀ ਮੰਨ ਲੈਂਦਾ ਹੈ, ਮੋੜਿਆ ਨਹੀਂ ਕਰਦਾ।

ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਦਾ ਸੇਵਾਦਾਰ ਭਾਈ ਸੋਭਾ ਰਾਮ। ਚੌਰ ਦੀ ਸੇਵਾ ਕਰਦਾ ਹੈ, ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਦੀ। ਚੌਰ ਬਰਦਾਰ ਹੈ, ਪਰ ਮੂੰਹ ਦਾ ਕੁਛ ਰੁੱਖਾ ਹੈ। ਕਈ ਹੁੰਦੇ ਨੇ ਸੇਵਾ ਕਰਦੇ ਨੇ, ਮੂੰਹ ਦੇ ਰੁੱਖੇ ਹੁੰਦੇ ਨੇ। ਮੂੰਹ ਦਾ ਜਿਹੜਾ ਰੁੱਖਾ ਹੁੰਦਾ ਹੈ ਉਹ ਗੁਰੂ ਨੂੰ ਨਹੀਂ ਭਾਇਆ ਕਰਦਾ -

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*
*ਅੰਗ - ੧੩੮੪*

ਕਹਿੰਦੇ, ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਤੋੜ ਦੇਵੀਂ, ਤੇਰੇ ਨਾਲ ਰੱਬ ਨੇ ਰੁੱਸ ਜਾਣਾ ਹੈ, ਫੇਰ ਜ਼ੋਰ ਲਾ ਲਈਂ, ਕਦੇ ਨਹੀਂ ਬੋਲਣਾ ਉਹਨੇ।

ਕਈਆਂ ਦਾ ਸੁਭਾਅ ਹੁੰਦਾ ਹੈ, ਕਈਂ ਡੇਰਿਆਂ 'ਚ ਹੁੰਦਾ ਹੈ, ਫਿੱਕਾ ਬੋਲਦੇ ਨੇ, ਗਾਲ੍ਹਾਂ ਕੱਢਦੇ ਨੇ। ਫਿੱਕਾ ਬੋਲਣ ਵਾਲੇ ਨੂੰ ਤਾਂ ਮਹਾਰਾਜ ਕਹਿੰਦੇ, ਦਰਗਾਹ 'ਚੋਂ ਚੁੱਕ ਕੇ ਬਾਹਰ ਮਾਰਦੇ ਨੇ। ਟਿਕਣ ਨਹੀਂ ਦਿੰਦੇ -

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*
*ਅੰਗ - ੪੭੩*

ਬਾਣੀ ਨੂੰ ਅਸੀਂ ਕਮਾਉਂਦੇ ਨਹੀਂ ਹਾਂ, ਗਾਉਂਦੇ ਹਾਂ। ਗਾਉਂਦੇ ਬਹੁਤ ਵਧੀਆ ਹਾਂ। ਜਿਹੜੇ ਫਿੱਕਾ ਬੋਲਦੇ ਨੇ ਉਹ ਵੀ ਇਹ ਸਲੋਕ ਪੜ੍ਹਦੇ ਨੇ। ਫੇਰ ਨਹੀਂ ਫਿੱਕਾ ਬੋਲਣ ਤੋਂ ਹਟਦੇ, ਦੂਜੇ ਦਾ ਦਿਲ ਤੋੜ ਦਿੰਦੇ ਨੇ ਫਿੱਕਾ ਬੋਲ ਕੇ।

ਸੋ ਫਿੱਕਾ ਬੋਲਦਾ ਸੀ ਬਹੁਤ ਜ਼ਿਆਦਾ। ਕਈ ਵਾਰੀ ਗੁਰਸਿੱਖਾਂ ਨੇ ਸਮਝਾਇਆ ਕਿ ਪ੍ਰੇਮੀਆਂ! ਤੂੰ ਬੜਾ ਮਾਨਯੋਗ ਹੈਂ, ਬੜੀ ਵੱਡੀ ਸੇਵਾ ਤੈਨੂੰ ਸਤਿਗੁਰਾਂ ਦੀ ਮਿਲੀ ਹੋਈ ਹੈ ਤੇ ਫਿੱਕਾ ਨਾ ਤੂੰ ਬੋਲਿਆ ਕਰ। ਸਹਿਜ ਸੁਭਾਅ ਬੋਲਦਾ ਹੈ। ਜੇ ਕਿਤੇ ਤੇਰੀ ਜ਼ੁਬਾਨ ਵਿਚ ਬਲ ਹੋਵੇ ਤੂੰ ਤਾਂ ਸਾਰਿਆਂ ਦਾ ਹੀ ਬੇੜਾ ਗਰਕ ਕਰ ਦੇਵੇਂ। ਉਹ ਤਾਂ ਤਾਕਤ ਹੀ ਨਹੀਂ ਤੇਰੀ ਜ਼ੁਬਾਨ 'ਚ।

ਅੱਜ ਪ੍ਰਸ਼ਾਦ ਵੰਡ ਰਿਹਾ ਹੈ, ਗੁਰੂ ਮਹਾਰਾਜ ਉੱਠ ਕੇ ਚਲੇ ਗਏ। ਇੱਕ ਗੁਰਸਿੱਖ ਅਭੇਦ ਅਵਸਥਾ ਦਾ ਜਿਹਦਾ ਨਾਉਂ ਭਾਈ ਧੰਨਾ ਹੈ। ਆਪਣਾ ਦਸਵੰਧ ਕੱਢ ਕੇ, ਗੱਡਾ ਭਰ ਕੇ ਗੁਰੂ ਕੇ ਲੰਗਰ ਵਲ ਲਿਆ ਰਿਹਾ ਹੈ ਤੇ ਜਿਸ ਵਕਤ ਗੁਰੂ ਦਰਬਾਰ 'ਚ ਆਇਆ, ਉਥੇ ਨਮਸ਼ਕਾਰ ਕਰੀ, ਅੰਦਰ ਦੇਖਿਆ ਤਾਂ ਪ੍ਰਸ਼ਾਦ ਵੰਡਿਆ ਜਾ ਰਿਹਾ ਹੈ। ਮਨ 'ਚ ਆਇਆ ਕਿ ਗੁਰੂ ਨੂੰ ਲੱਗਿਆ ਹੋਇਆ ਭੋਗ, ਉਹਦਾ ਜੇ ਇੱਕ ਕਿਣਕਾ ਵੀ ਮਿਲ ਜਾਵੇ ਤਾਂ, ਇਸ ਤੋਂ ਵੱਡੀ ਕੋਈ ਦੁਨੀਆਂ ਦੀ ਦੌਲਤ ਨਹੀਂ ਹੈ। ਪੂਰੀ ਸ਼ਰਧਾ

ਦੇ ਨਾਲ ਬਲਦਾਂ ਨੂੰ ਰੋਕ ਦਿਤਾ, ਗੱਡੇ ਦੇ ਉਤੇ ਰੱਸੇ ਰੱਖ ਦਿਤੇ ਤੇ ਜਾਤੂ ਦੇ ਨਾਲ ਬੰਨ੍ਹ ਕੇ ਏਸ ਖਿਆਲ ਨਾਲ ਕਿ ਮੈਂ ਹੁਣੇ ਛੇਤੀ ਦੇ ਕੇ ਆ ਜਾਣਾ ਹੈ। ਗੱਡੇ ਦੇ ਉਤੇ ਬੈਠੇ ਨੇ ਧੂੜ ਪਈ ਹੋਈ ਹੈ, ਦਸਤਾਰ ਵੀ ਧੂੜ ਨਾਲ ਲੱਥਪੱਥ ਹੋਈ ਹੈ, ਦਾੜ੍ਹਾ ਧੂੜ ਨਾਲ ਭਰਿਆ ਪਿਆ ਹੈ। ਪਛਾਣਿਆ ਨਹੀਂ ਜਾਂਦਾ।

ਉਸ ਵੇਲੇ ਗੁਰੂ ਦਰਬਾਰ 'ਚ ਇੱਕ ਪਾਸੇ ਹੋ ਕੇ ਖੜ੍ਹ ਗਿਆ। ਪ੍ਰਸ਼ਾਦ ਵਾਲਾ ਆਉਂਦਾ ਹੈ, ਦੋਵੇਂ ਹੱਥ ਕਰ ਦਿਤੇ ਕਿ ਮੈਨੂੰ ਦੇ ਦਿਓ ਪ੍ਰਸ਼ਾਦ। ਨਾਲੇ ਬਲਦਾਂ ਵਲ ਨੂੰ ਦੇਖਦਾ ਹੈ ਕਿ ਤੁਰ ਨਾ ਜਾਣ, ਬਲਦ ਹਿੱਲ ਪਏ। ਉਹ ਪ੍ਰਸ਼ਾਦ ਦਿੰਦਾ-ਦਿੰਦਾ ਦੂਜੇ ਪਾਸੇ ਚਲਿਆ ਗਿਆ। ਗੁੱਸਾ ਆਇਆ ਉਹਦੇ ਮਨ 'ਚ ਕਿ ਪ੍ਰਸ਼ਾਦ ਮੈਨੂੰ ਕਹਿੰਦਾ ਹੈ ਕਿ ਦੇ-ਦੇ।

ਉਹ ਦੂਸਰੇ ਪਾਸੇ ਚਲਿਆ ਗਿਆ, ਜਦੋਂ ਉਹਨੇ ਦੇਖਿਆ ਕਿ ਇਹ ਇੱਥੇ ਵੀ ਆ ਗਿਆ ਤਾਂ, ਉਹ ਦੂਸਰੇ ਪਾਸੇ ਪ੍ਰਸ਼ਾਦ ਵੰਡਣ ਲੱਗ ਗਿਆ। ਜਦੋਂ ਏਧਰ ਆਇਆ ਤਾਂ ਉਹ ਪਰਲੇ ਪਾਸੇ ਵੰਡਣ ਲੱਗ ਗਿਆ। ਚਾਰ ਵਾਰੀ ਜਦੋਂ ਇਸ ਤਰ੍ਹਾਂ ਹੋ ਗਈ।

ਕਹਿਣ ਲੱਗਿਆ ਕਿ ਕਿਉਂ ਤੂੰ ਰਿੱਛ ਵਾਂਗਣ ਟੱਪੀ ਜਾਂਦਾ ਹੈਂ, ਟਿਕ ਕੇ ਨਹੀਂ ਤੇਰੇ ਤੋਂ ਬੈਠ ਹੁੰਦਾ?

ਕਹਿੰਦਾ ਪ੍ਰੇਮੀਆਂ! ਮੈਂ ਤਾਂ ਨਹੀਂ ਰਿੱਛ ਵਾਂਗਣ ਟੱਪਦਾ, ਤੂੰ ਹੀਂ ਟੱਪਦਾ ਹੈਂ, ਰਿੱਛ ਤਾਂ ਤੂੰ ਹੀਂ ਹੈਂ। ਚੰਗਾ, ਨਾ ਦੇ ਪ੍ਰਸ਼ਾਦ। ਇੱਕ ਕਿਣਕਾ ਫਰਸ਼ 'ਤੇ ਗਿਰਿਆ ਹੋਇਆ ਚੁੱਕਿਆ, ਧੰਨਵਾਦ ਕੀਤਾ ਤੇ ਮੁੱਖ ਵਿਚ ਪਾ ਲਿਆ ਤੇ ਬਲਦ ਤੁਰ ਕੇ ਅੱਗੇ ਜਾ ਰਹੇ ਸੀ, ਥਾਉਂ ਨੀਵਾਂ ਸੀ, ਨੱਠ ਕੇ ਜਾ ਕੇ ਬਲਦ ਰੋਕੇ। ਸ਼ੁਕਰ ਕੀਤਾ ਗੁਰੂ ਸਾਹਿਬ ਦਾ ਕਿ ਪਾਤਸ਼ਾਹ! ਇੱਕ ਕਿਣਕਾ ਤਾਂ ਤੇਰੇ ਦਰ ਤੋਂ ਮਿਲ ਗਿਆ। ਉਸ ਵੇਲੇ ਚਲਿਆ ਗਿਆ।

ਏਧਰ ਸਮਾਂ ਬੀਤਿਆ। ਇਹ ਗੁਰਸਿੱਖ ਚੜ੍ਹਾਈ ਕਰ ਗਿਆ। ਸਮਾਂ ਕਾਫੀ ਲੰਘ ਗਿਆ ਤੇ ਅੱਜ ਸਮੇਂ ਬਦਲੇ ਹੋਏ ਨੇ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਕਿਸ਼ੋਰ ਅਵਸਥਾ ਗੱਦੀ 'ਤੇ ਬਿਰਾਜਮਾਨ ਨੇ। ਗੁਰੂ ਨੌਵੇਂ ਪਾਤਸ਼ਾਹ ਸ਼ਹੀਦੀ ਦੇ ਗਏ ਸੀ ਹਿੰਦ ਦੇ ਵਾਸਤੇ। ਤਿਲਕ ਤੇ ਜੰਞੂ ਦੀ ਰਾਖੀ ਵਾਸਤੇ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਬਚਿਤ੍ਰ ਨਾਟਕ ਪਾ: ੧੦*

ਤਿਲਕ ਤੇ ਜਨੇਊ ਦੀ ਰਾਖੀ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇ ਦਿਤਾ ਤੇ ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਬੈਠੇ ਨੇ। ਇੱਕ ਮਦਾਰੀ ਰਿੱਛ ਲੈ ਕੇ ਆ ਜਾਂਦਾ ਹੈ ਤੇ ਰਿੱਛ ਲੈ ਕੇ ਤਮਾਸ਼ੇ ਕਰ ਰਿਹਾ ਹੈ। ਮਹਾਰਾਜ ਨੇ ਬੁਲਾ ਲਿਆ, ਕਹਿੰਦੇ ਦਿਖਾ ਜ਼ਰਾ ਕੁ ਇਹਦੇ ਕੌਤਕ। ਉਹ ਜਦੋਂ ਤਮਾਸ਼ੇ ਕਰਦਾ ਹੈ, ਘੋਲ ਕਰਦਾ ਹੈ, ਹੋਰ ਕੁਛ ਕਰਦਾ ਹੈ, ਸਾਰੇ ਸਿੰਘ ਜਿੰਨੇ ਬੈਠੇ ਨੇ, ਤਾੜੀਆਂ ਮਾਰ-ਮਾਰ ਹਸਦੇ ਨੇ, ਗੁਰੂ ਮਹਾਰਾਜ ਵੀ ਮੁਸਕਰਾਉਂਦੇ ਨੇ, ਖਿੜ ਕੇ ਹਸ ਪੈਂਦੇ ਨੇ ਕਈ ਵਾਰੀ। ਕੌਤਕ ਸੀ ਉਨ੍ਹਾਂ ਦਾ। ਇਹ ਭਾਈ ਕੀਰਤੀਆ ਜਿਹੜਾ ਗੁਰੂ ਮਹਾਰਾਜ ਦੇ ਚੌਰ ਕਰਦਾ ਸੀ, ਇਹ ਵੀ ਜ਼ੋਰ-ਜ਼ੋਰ ਨਾਲ ਹਸਦਾ ਹੈ, ਗੁਰੂ ਮਹਾਰਾਜ ਪਿੱਛੇ ਨੂੰ ਉਸ ਵਲ ਦੇਖ ਕੇ ਕਹਿਣ ਲੱਗੇ ਕਿ ਕੀਰਤੀਆ! ਤੂੰ ਨਾ ਹੱਸ, ਬਾਕੀਆਂ ਨੂੰ ਹਸ ਲੈਣ ਦੇ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਕਿਉਂ ਨਾ ਹੱਸਾਂ?

ਕਹਿਣ ਲੱਗੇ, ਤੇਰਾ ਬਾਪੂ ਹੈ, ਪਛਾਣਿਆ ਨਹੀਂ ਤੂੰ?

ਕਹਿੰਦਾ, ਮੇਰਾ ਬਾਪੂ ਤਾਂ ਸੱਚੇ ਪਾਤਸ਼ਾਹ! ਤੁਹਾਡੇ ਪਿਤਾ ਦਾ ਚੌਰ ਬਰਦਾਰ ਸੀ। ਸਭ ਤੋਂ ਉੱਤਮ ਸੇਵਾ ਗਿਣੀ ਹੈ ਚੌਰ ਬਰਦਾਰ ਦੀ। ਜਿਹੜਾ ਹਰ ਵਕਤ ਗੁਰੂ ਦੇ ਦਰਸ਼ਨ ਕਰਦਾ ਹੈ, ਗੁਰੂ ਦੇ ਨਾਲ ਰਹਿੰਦਾ ਹੈ ਤੇ ਐਡੀ ਉੱਤਮ ਸੇਵਾ ਕਰਕੇ ਉਹ ਰਿੱਛ ਬਣ ਗਿਆ ਤੇ ਫੇਰ ਮੈਂ ਬਾਂਦਰ ਬਣਾਂਗਾ? ਚੌਰ ਮਹਾਰਾਜ ਜੀ ਦੇ ਚਰਨਾਂ 'ਚ ਰੱਖ ਦਿਤਾ। ਉਮਰ ਛੋਟੀ ਗੁਰੂ ਮਹਾਰਾਜ ਦੀ, ਗੁਸਤਾਖੀ ਨਾਲ ਬੋਲ ਗਿਆ। ਮਰਿਆ ਹੋਇਆ ਸਿੱਖ ਨਹੀਂ ਸੀਗਾ, ਜੀਉਂਦਾ ਸਿੱਖ ਸੀਗਾ। ਭਾਵਨੀ ਦਾ ਸਿਦਕੀ ਸਿੱਖ ਨਹੀਂ ਸੀ, ਪਹਿਲੀਆਂ ਕਿਸਮਾਂ ਦਾ ਸਿੱਖ ਸੀ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਕਾਹਨੂੰ ਗੁੱਸੇ ਹੁੰਦਾ ਹੈਂ? ਤੈਨੂੰ ਇਹ ਗੱਲ ਬਣਦੀ ਹੈ ਕਿ ਤੂੰ ਪੁੱਛੇਂ? ਆਹ ਥੋੜ੍ਹਾ ਕਿ ਚੌਰ ਰੱਖ ਕੇ ਨੱਠ ਗਿਆ, ਬੇਮੁਖ ਹੋ ਜਾਏਂਗਾ।

ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਉਹਨੇ ਕੀ ਕੰਮ ਕਰ ਲਿਆ ਐਸਾ?

ਕਹਿੰਦੇ, ਉਸ ਨੇ ਅਭੇਦ ਅਵਸਥਾ ਦੇ, ਜਿਹੜਾ ਗੁਰੂ ਦੇ ਦਰਜੇ ਦਾ ਸਿੱਖ ਸੀ, ਉਹਦੀ ਨਿਰਾਦਰੀ ਕਰੀ ਹੈ।

ਜਿਹੜਾ ਨਿਰਾਦਰੀ ਕਰਦਾ ਹੈ, ਉਹਨੂੰ ਸੁੱਖ ਨਹੀਂ ਮਿਲਿਆ ਕਰਦਾ। ਇਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਸੁੱਖ ਕਦੇ ਨਾ ਪਾਉਂਦੇ ਜੀ,*
*ਮੁਗਧ ਨਰ ਸੰਤਾਂ ਨਾਲ ਖਹੰਦੇ।*

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*

*ਅੰਗ - ੩੦੬*

ਸੰਤਾਂ ਨਾਲ ਜਿਹੜੇ ਬੇਮਤਲਬਾ ਖਹਿੰਦੇ ਨੇ ਉਨ੍ਹਾਂ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਬੇਅੰਤ ਮਿਸਾਲਾਂ ਗੁਰੂ ਘਰ ਦੇ ਅੰਦਰ ਨੇ। ਜਿੱਥੇ ਇਸ ਤਰ੍ਹਾਂ ਦੀ ਗੱਲ ਹੋਈ ਹੈ, ਫੇਰ ਆਦਮੀ ਨੂੰ ਦੁਖੀ ਹੋਣਾ ਪਿਆ ਹੈ। ਪਰੇਸ਼ਾਨ ਹੋਣਾ ਪਿਆ ਹੈ। ਸੁਖ ਨਹੀਂ ਹੁੰਦਾ। ਸੋ ਮਹਾਰਜ ਕਹਿੰਦੇ ਭਾਈ ਕੀਰਤੀਆ! ਤੇਰੇ ਪਿਤਾ ਨੇ ਇਸ ਤਰ੍ਹਾਂ ਫਿੱਕਾ ਬੋਲ ਕੇ ਗੁਰੂ ਨਾਲ ਅਭੇਦ ਗੁਰਸਿੱਖ ਦਾ ਨਿਰਾਦਰ ਕੀਤਾ ਹੈ ਤੇ ਉਨ੍ਹਾਂ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲ ਗਿਆ। ਤੇਰੇ ਪਿਤਾ ਨੇ ਕਿਹਾ ਰਿੱਛ ਜਿਹਾ ਮੂਹਰੇ ਆਈ ਜਾਂਦਾ ਹੈ। ਉਹਨੇ ਕਿਹਾ ਪ੍ਰੇਮੀਆਂ! ਮੈਂ ਤਾਂ ਰਿੱਛ ਨਹੀਂ, ਤੂੰ ਹੀ ਰਿੱਛ ਵਾਂਗੂੰ ਟਪਦਾ ਹੈਂ।

ਹੁਣ ਬਚਨ ਸੀਗਾ ਸਾਧੂ ਦਾ। ਸਾਧੂ ਦਾ ਜੇ ਬਚਨ ਹੋ ਜਾਏ ਉਹ ਟਲਿਆ ਨਹੀਂ ਕਰਦਾ।

*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*

*ਇਕਿ ਸਾਧ ਬਚਨ ਅਟਲਾਧਾ ॥ ਅੰਗ - ੧੨੦੪*

ਸੋ ਉਹਦੇ ਕਰਕੇ ਏਸ ਨੂੰ ਰਿੱਛ ਦੀ ਜੂਨੀ ਪਾਉਣੀ ਪਈ। ਇਹਦੀ ਜਿਹੜੀ ਸੇਵਾ ਕੀਤੀ ਹੋਈ ਹੈ, ਉਹ ਕੁਥਾਂਹ ਨਹੀਂ ਪਈ, ਇਹ ਰਿੱਛ ਸਾਡੇ ਕੋਲ ਆ ਗਿਆ। ਮੁੱਲ ਲੈ ਲਓ ਭਾਈ ਰਿੱਛ। ਮੁੱਲ ਪੁੱਛਿਆ ਗਿਆ, ੨੫ ਰੁਪਏ ਉਨ੍ਹਾਂ ਦਿਨਾਂ ਦੇ ਉਹਨੇ ਮੰਗੇ। ਮਹਾਰਾਜ ਨੇ ਦੇ ਦਿਤੇ ਤੇ ਰਿੱਛ ਨੂੰ ਕੋਲ ਬੰਨ੍ਹਾ ਲਿਆ ਤੇ ਕਹਿੰਦੇ ਪ੍ਰਸ਼ਾਦ ਬਣਾਓ। ਪ੍ਰਸ਼ਾਦ ਤਾਜ਼ਾ ਆ ਗਿਆ, ਅਰਦਾਸ ਹੋਈ, ਮਹਾਰਾਜ ਨੇ ਭੋਗ ਲਾਇਆ। ਸ਼ੀਤ ਪ੍ਰਸ਼ਾਦ ਜਦੋਂ ਉਸ ਰਿੱਛ ਦੇ ਅੱਗੇ ਰੱਖਿਆ, ਉਹਦੇ ਮੂੰਹ 'ਚ ਗਿਆ ਸ਼ੀਤ ਪ੍ਰਸ਼ਾਦ। ਉਸੇ ਵੇਲੇ ਉਹਦੀ ਦੇਹ ਛੁਟ ਗਈ। ਸਾਮ੍ਹਣੇ ਪ੍ਰਕਾਸ਼ ਸਰੂਪ ਹੋਈ, ਧੰਨ-ਧੰਨ ਕਰ ਰਿਹਾ ਹੈ ਮਹਾਰਾਜ ਨੂੰ।

ਸੋ ਇਸ ਤਰ੍ਹਾਂ ਦੇ ਨਾਲ ਰਸਨਾ 'ਤੇ ਗੁਰੂ ਬੈਠਦਾ ਹੈ ਉਹਦੇ।

ਨਾਮਦੇਵ ਜੀ ਨੂੰ ਪ੍ਰਭੂ ਕਹਿਣ ਲੱਗੇ, ਨਾਮਦੇਵ! ਕਿਉਂ ਤੂੰ ਔਖਾ ਹੋਈ ਜਾਂਦਾ ਹੈਂ, ਪਰੇਸ਼ਾਨ ਕਿਉਂ ਹੁੰਦਾ ਹੈਂ? ਮੈਂ ਹੀ ਤੇਰੀ ਜ਼ੁਬਾਨ 'ਤੇ ਹੋ ਕੇ ਬੋਲਿਆ ਹਾਂ ਕਿਉਂਕਿ ਮੈਨੂੰ ਭਾਉਂਦੀ ਹੈ -

*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ - ੨੬੫*

ਇਹ ਛੁਪਣ ਨਹੀਂ ਦਿੰਦਾ ਮੈਂ। ਮੈਂ ਪ੍ਰਗਟ ਕਰ ਦਿੰਦਾ ਹਾਂ।

ਇਸ਼ਤਿਹਾਰ ਤਾਂ ਸੰਤ ਕੱਢਦੇ ਹੀ ਨਹੀਂ, ਨਾ ਕਿਸੇ ਨੂੰ ਕਹਿੰਦੇ ਨੇ ਕਿ ਸਾਡੇ ਬਾਰੇ ਕਹੋ। ਸਗੋਂ ਗੁੱਸੇ ਹੋ ਜਾਂਦੇ ਨੇ ਜੇ ਉਨ੍ਹਾਂ ਦੀ ਕੋਈ ਉਪਮਾ ਕਰੇ।

ਪ੍ਰਮੇਸ਼ਵਰ ਕਹਿੰਦੇ ਮੈਂ ਪ੍ਰਗਟ ਕਰਦਾ ਹੁੰਦਾ ਹਾਂ ਸੰਤਾਂ ਨੂੰ ਜਾਂ ਫੇਰ ਮੈਂ ਇਹੋ ਜਿਹਾ ਸੰਕਟ ਪਾ ਦਿੰਦਾ ਹਾਂ, ਸਾਰੀ ਦੁਨੀਆਂ ਦਾ ਧਿਆਨ ਓਧਰ ਹੋ ਜਾਏਗਾ। ਪ੍ਰਹਿਲਾਦ ਵਾਂਗੂੰ ਪ੍ਰਗਟ ਕਰ ਦਿੰਦਾ ਹਾਂ। ਫੇਰ ਉਹਦਾ ਨਾਉਂ ਹੀ ਨਹੀਂ ਮਰਦਾ, ਜੁਗਾਂ ਦੇ ਜੁਗ ਬੀਤ ਜਾਣਗੇ, ਪ੍ਰਹਿਲਾਦ ਨੇ ਸਦਾ ਹੀ ਕਾਇਮ ਰਹਿਣਾ ਹੈ।

ਸੋ ਤੂੰ ਜਾਹ, ਜਾ ਕੇ ਮੋਢੇ ਤੋਂ ਫੜ ਕੇ ਰਾਮ ਕਹਿ ਕੇ ਉਠਾ ਦੇ। ਅੰਦਰਲੀ ਆਵਾਜ਼ ਸੁਣੀ ਪ੍ਰਭੂ ਦੀ ਤੇ ਉਠਾ ਦਿਤਾ। ਰੌਲਾ ਪੈ ਗਿਆ ਸ਼ਹਿਰ ਦੇ ਅੰਦਰ। ਬਾਦਸ਼ਾਹ ਸਲੇਮਸ਼ਾਹ ਦੇ ਕੋਲ ਗੱਲ ਗਈ। ਫੜ ਕੇ ਮੰਗਾ ਲਿਆ ਤੇ ਉਹਨੇ ਗਊ ਮਾਰ ਕੇ ਰੱਖ ਦਿਤੀ ਕਿ ਇਹਨੂੰ ਜੀਉਂਦੀ ਕਰ। ਸਾਢੇ ਸੱਤ ਘੜੀਆ ਬੀਤਣ ਤੋਂ ਬਾਅਦ, ਪ੍ਰਭੂ ਆਏ, ਆ ਕੇ ਉਨ੍ਹਾਂ ਨੇ ਗਊ ਜੀਉਂਦੀ ਕਰ ਦਿਤੀ। ਉਨ੍ਹਾਂ ਨੂੰ ਕੀ ਔਖਾ ਸੀ।

ਬਾਦਸ਼ਾਹ ਬੀਮਾਰ ਹੋ ਗਿਆ, ਅੰਦਰ ਜਾ ਕੇ, ਬਹੁਤ ਦਰਦ ਉਠਿਆ। ਉਸ ਵੇਲੇ ਘਾਹ ਮੂੰਹ 'ਚ ਲੈ ਕੇ ਆਇਆ ਤੇ ਕਹਿੰਦਾ ਕਿ -

*ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ - ੧੧੬੬*

ਮੈਨੂੰ ਕਾਲੀ ਗਊ ਸਮਝ ਲੈ, ਕਪਲ ਗਊ ਸਮਝ ਕੇ ਮੈਨੂੰ ਬਖਸ਼ ਦੇ, ਮੈਂ ਮਰਦਾ ਹਾਂ। ਨਾਮਦੇਵ ਜੀ ਨੇ ਦ੍ਰਿਸ਼ਟੀ ਕੀਤੀ। ਉਸ ਤੋਂ ਬਾਅਦ ਉਹਨੇ ਇੱਕ ਪਲੰਘ ਹੀਰਿਆਂ, ਲਾਲਾਂ ਦਾ ਜੜ੍ਹਿਆ ਹੋਇਆ, ਨਾਮਦੇਵ ਜੀ ਦੀ ਭੇਟਾ ਕਰ ਦਿਤਾ। ਨਾਮਦੇਵ ਜੀ ਕਹਿਣ ਲੱਗੇ, ਬਾਦਸ਼ਾਹ! ਅਸੀਂ ਤਾਂ ਜੰਗਲਾਂ 'ਚ ਰਹਿਣ ਵਾਲੇ ਹਾਂ। ਅਸੀਂ ਹੀਰੇ ਜਵਾਹਰਾਤ ਕੀ ਕਰਨੇ ਨੇ। ਇਹ ਤਾਂ ਵੱਡੇ-ਵੱਡੇ ਜਿਨ੍ਹਾਂ ਦੇ ਆਸ਼ਰਮ ਨੇ ਉਥੇ ਦੇ ਦਿਓ, ਮੈਂ ਤਾਂ ਗਰੀਬ ਝੌਂਪੜੀ 'ਚ ਰਹਿਣ ਵਾਲਾ ਹਾਂ, ਜੇ ਪਲੰਘ ਡਾਹ ਦਿਤਾ, ਤਾਂ ਸਾਡੀ ਝੌਂਪੜੀ ਤਾਂ ਥਾਂ ਹੀ ਨਹੀਂ ਰਹਿਣਾ, ਅਸੀਂ ਤਾਂ ਭੁੰਝੇ ਹੀ ਸੌਂਦੇ ਹਾਂ, ਪਰਾਲੀ ਵਿਛਾ ਕੇ ਤੇ ਹੁਣ ਮੈਂ ਜਿੱਥੇ ਰਹਿੰਦਾ ਹਾਂ, ਬਾਹਰ ਹੀ ਰਹਿੰਦਾ ਹਾਂ ਜਾ ਕੇ। ਇੱਕ ਨਿੱਕੀ ਜਿਹੀ ਝੌਂਪੜੀ ਹੈ, ਮੈਂ ਤੇਰੇ ਪਲੰਘ ਦੀ ਰਾਖੀ ਕਰਾਂਗਾ ਕਿ ਨਾਮ ਜਪਾਂਗਾ। ਮੇਰਾ ਫੁਰਨਾ ਬਣ ਜਾਣਾ ਹੈ। ਉਹ ਕਹਿੰਦਾ, ਮੇਰੀ ਭੇਟਾ ਹੈ। ਮੈਂ ਮੋੜ ਨਹੀਂ ਸਕਦਾ। ਅਖੀਰ, ਨੌਕਰ ਦੇ ਦਿਤੇ ਨਾਲ, ਸੇਵਾਦਾਰ ਦੇ ਦਿਤੇ। ਜਿੱਥੇ ਨਾਮਦੇਵ ਜੀ ਹੈਗੇ, ਪਲੰਘ ਵਿਛਾ ਕੇ, ਇਨ੍ਹਾਂ ਨੂੰ ਬਿਠਾ ਕੇ ਫੇਰ ਮੈਨੂੰ ਦੱਸਿਓ। ਉਹ ਜਦੋਂ ਜਾਂਦੇ ਨੇ, ਜਮਨਾ ਦੇ ਕੰਢੇ ਆਏ ਤਾਂ ਨਾਮਦੇਵ ਜੀ ਨੇ ਕਿਹਾ ਕਿ ਕਮਾਲ ਹੋ ਗਿਆ, ਇੱਕ ਵਾਰੀ ਰੱਬ ਤੋਂ ਘੋੜੀ ਮੰਗੀ ਸੀ ਤੇ ਰੱਬ ਨੇ ਮੈਨੂੰ ਦਿਖਾ ਦਿਤਾ ਸੀ ਉਸੇ ਵੇਲੇ। ਮੁਗਲ ਰੂਪ ਬਣ ਕੇ ਆ ਗਿਆ ਤੇ ਉਥੇ ਘੋੜੀ ਸੂ ਪਈ ਤੇ ਵਛੇਰੀ ਮੇਰੇ ਮੋਢਿਆਂ 'ਤੇ ਲੱਦ ਦਿਤੀ ਤੇ ਨਾਲੇ ਮੈਨੂੰ ਕਹਿੰਦਾ ਘਾਹ ਲਿਆ, ਪੱਠੇ ਲਿਆ, ਨਾਲੇ ਇਹਦੀ ਮੈਲ੍ਹ ਸਾਫ ਕਰ। ਕਹਿੰਦਾ ਮੈਂ ਤਾਂ ਜਦ ਤੋਂ ਕੰਨਾਂ ਨੂੰ ਹੱਥ ਲਾਏ ਹੋਏ ਨੇ ਕਿ ਆਪਾਂ ਇਸ ਚੱਕਰ 'ਚ ਪੈਣਾ ਹੀ ਨਹੀਂ। ਸੋਚਦੇ ਹੀ ਚਲੇ ਜਾਂਦੇ ਨੇ। ਨੌਕਰਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਹ ਪਲੰਘ ਬਾਦਸ਼ਾਹ ਨੂੰ ਮੋੜ ਦਿਓ। ਕਹਿੰਦੇ, ਨਾ ਮਹਾਰਾਜ! ਬਾਦਸ਼ਾਹ ਬਹੁਤ ਡਾਹਢਾ ਹੈ, ਸਾਨੂੰ ਮਾਰ ਦਏਗਾ। ਕਹਿੰਦੇ, ਚੰਗਾ, ਸਾਨੂੰ ਦੇ ਦਿਓ ਫੇਰ, ਤੁਸੀਂ ਜਾਓ।

ਨਾਮਦੇਵ ਜੀ ਨੇ ਪਲੰਘ ਆਪਣੇ ਸੀਸ 'ਤੇ ਚੁੱਕ ਲਿਆ, ਜਮਨਾ ਦੇ ਕੰਢੇ ਆ ਕੇ, ਪਾਣੀ 'ਚ ਵੜ ਗਏ ਜਦੋਂ ਗਲ੍ਹ-ਗਲ੍ਹ ਪਾਣੀ ਆਇਆ, ਵਗਾਹ ਕੇ ਮਾਰਿਆ ਪਰ੍ਹੇ। ਉਨ੍ਹਾਂ ਨੇ ਦੇਖ ਲਿਆ ਕਿ ਪਲੰਘ ਮਾਰਿਆ। ਜਾ ਕੇ ਸਲੇਮਸ਼ਾਹ ਨੂੰ ਦੱਸ ਦਿਤਾ ਕਿ ਪਲੰਘ ਤਾਂ ਤੇਰਾ ਨਦੀ ਵਿਚ ਜਿੱਥੇ ਡੂੰਘਾ ਵਹਿਣ ਹੈ, ਉਥੇ ਸੁੱਟ ਦਿਤਾ। ਹੁਣ ਤਕ ਤਾਂ ਪਤਾ ਨਹੀਂ ਕਿੰਨੇ ਮੀਲ ਰੁੜ ਕੇ ਚਲਿਆ ਗਿਆ ਹੋਵੇ।

ਕਹਿਣ ਲੱਗਿਆ, ਬੜਾ ਮਾੜਾ ਕੰਮ ਹੋਇਆ। ਇਹ ਤਾਂ ਮੇਰਾ ਬੜੀ ਰੀਝ ਨਾਲ ਬਣਵਾਇਆ ਹੋਇਆ ਪਲੰਘ ਸੀ। ਇਹ ਨਾਮਦੇਵ ਜੀ ਨੇ ਸੁੱਟ ਦਿਤਾ। ਅਖੀਰ ਵਿਉਂਤਾਂ ਦੇਣ ਲੱਗ ਗਏ ਦੂਜੇ ਕਿ ਇਸ ਤਰ੍ਹਾਂ ਕਰੋ ਨਾਮਦੇਵ ਜੀ ਨੂੰ ਕਹੋ ਕਿ ਉਹ ਪਲੰਘ ਤਾਂ ਰਾਜਕੁਮਾਰ ਦਾ ਗਲਤੀ ਨਾਲ ਆ ਗਿਆ ਤੇ ਉਹ ਤੁਸੀਂ ਵਾਪਸ ਕਰ ਦਿਓ। ਦੂਜਾ ਪਲੰਘ ਲੈ ਲਓ ਤੇ ਤੁਸੀਂ ਆਪ ਜਾਓ। ਸਲੇਮਸ਼ਾਹ ਆਉਂਦਾ ਹੈ ਹੁਣ ਸੰਤਾਂ ਦੇ ਕੋਲ ਚੱਲ ਕੇ। ਸਾਰੇ ਹਿੰਦੁਸਤਾਨ ਦਾ ਚੱਕਰਵਰਤੀ ਬਾਦਸ਼ਾਹ, ਨਮਸ਼ਕਾਰ ਕਰਦਾ ਹੈ। ਕਹਿੰਦਾ, ਮਹਾਰਾਜ! ਰਾਜਕੁਮਾਰ ਦਾ ਪਲੰਘ ਗਲਤੀ ਨਾਲ ਆ ਗਿਆ ਤੇ ਮੈਂ ਦੂਜਾ ਪਲੰਘ ਹੁਕਮ ਦੇ ਦਿਤਾ, ਆ ਜਾਣਾ ਹੈ, ਇਹ ਪਲੰਘ ਜਿੱਥੇ ਤੁਸੀਂ ਰੱਖਿਆ ਹੈ, ਕ੍ਰਿਪਾ ਕਰਕੇ ਦੱਸੋ ਤੇ ਨੌਕਰ ਚੁੱਕ ਕੇ ਲੈ ਜਾਂਦੇ ਨੇ। ਉਹ ਇਹਦੇ ਨਾਲੋਂ ਵਧੀਆ ਹੈ

ਜਿਹੜਾ ਹੁਣ ਤੁਹਾਨੂੰ ਭੇਜਣਾ ਹੈ।

ਨਾਮਦੇਵ ਜੀ ਕਹਿਣ ਲੱਗੇ ਕਿ ਉਹ ਤਾਂ ਤੁਸੀਂ ਸਾਨੂੰ ਦੇ ਦਿਤਾ ਸੀ, ਦਿਤੀ ਹੋਈ ਚੀਜ਼ ਤਾਂ ਮੋੜੀਦੀ ਨਹੀਂ ਹੁੰਦੀ। ਕਹਿੰਦਾ, ਮਹਾਰਾਜ! ਅਦਲਾ ਬਦਲੀ ਕਰਨੀ ਹੈ, ਚੀਜ਼ ਤਾਂ ਨਹੀਂ ਮੈਂ ਮੋੜਦਾ, ਪਰ ਮੈਂ ਬਦਲ ਕੇ ਦੇਣੀ ਹੈ।

ਕਹਿੰਦੇ, ਚੰਗਾ।

ਜਮਨਾ ਦੇ ਕੰਢੇ ਖੜ੍ਹੇ ਹੋ ਗਏ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥* *ਅੰਗ - ੪੬੪*

ਆਵਾਜ਼ ਮਾਰੀ ਜਮਨਾ ਨੂੰ, ਕਹਿੰਦੇ ਜਮਨਾ! ਪਲੰਘ ਵਾਪਸ ਕਰ ਦੇ। ਛੱਲ ਆਈ, ਛੱਲ ਦੇ ਵਿਚ ਓਹੋ ਜਿਹੇ ਹੀ 72 ਪਲੰਘ ਬਾਹਰ ਨਿਕਲ ਆਏ। ਕਹਿੰਦੇ, ਲੈ ਰਾਜਨ ਪਛਾਣ ਲੈ ਤੇਰੇ ਵਾਲਾ ਕਿਹੜਾ ਹੈ?

ਹੈਰਾਨ ਹੋ ਗਿਆ ਕਿ ਇੱਕੋ ਜਿਹੇ ਹੀ 72, ਮੈਂ ਤਾਂ ਇੱਕ ਪਲੰਘ ਦੇ ਕੇ ਹੀ ਸਮਝ ਗਿਆ ਕਿ ਮੈਂ ਬਹੁਤ ਵੱਡੀ ਗੱਲ ਕਰ ਦਿਤੀ, ਬਹੁਤ ਵੱਡਾ ਦਾਨ ਕਰ ਦਿਤਾ, ਭਗਤ ਜੀ ਨੂੰ ਮੈਂ ਖੁਸ਼ ਕਰ ਲਵਾਂਗਾ।

ਆਹ ਕੀ ਕੌਤਕ ਹੋ ਰਿਹਾ ਹੈ, ਇਥੇ ਤਾਂ ਪਲੰਘ ਹੀ ਪਲੰਘ ਪਏ ਨੇ। ਉਸ ਵੇਲੇ ਪਲੰਘ ਨਹੀਂ ਚੁੱਕਦਾ।

ਨਾਮਦੇਵ ਜੀ! ਆਹ ਹੈ ਤੇਰਾ, ਆਹ ਲੈ ਜਾ। ਆਹ ਦਸ ਹੋਰ, ਲੈ ਜਾ ਨਾਲ। ਤੂੰ ਇੱਥੇ ਹੀ ਮੰਗ ਲਿਆ। ਤੇਰਾ ਦਾਨ ਦਸ ਗੁਣਾਂ ਹੁਣੇ ਹੀ ਫਲ ਗਿਆ। 72 ਗੁਣਾਂ ਦਰਗਾਹ 'ਚ ਫਲਣਾ ਸੀ। ਸਾਧੂ ਸੰਤ ਇਹਦੇ ਉਤੇ ਪੈਂਦੇ, ਨਾਮ ਜਪਦੇ ਇਹ ਹਜ਼ਾਰਾਂ ਗੁਣਾਂ ਬਣ ਜਾਣਾ ਸੀ। ਸੋ ਦਾਨ ਦਿਤਾ ਹੋਇਆ ਵਧ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ, ਪਾਤਰ ਪਛਾਣ ਕੇ ਦਾਨ ਦੇਵੇ।

*ਖੇਤੁ ਪਛਾਣੈ ਬੀਜੈ ਦਾਨੁ ॥* *ਅੰਗ - ੧੪੧੧*

ਸੋ ਮੈਂ ਬੇਨਤੀ ਇਹ ਕਰੀ ਸੀ ਕਿ ਪ੍ਰੇਮੀਓਂ! ਸ਼ਰਧਾ ਦੇ ਨਾਲ ਆਪਾਂ ਏਥੇ ਆਉਂਦੇ ਹਾਂ। ਤੁਸੀਂ ਯਥਾਸ਼ਕਤ ਆਪਣੀ ਕਮਾਈ ਵਿਚੋਂ ਕੁਛ ਕੱਢਦੇ ਓਂ। ਨਿਮਰਤਾ ਦੇ ਨਾਲ ਸਤਿਸੰਗ 'ਚ ਬੈਠ ਕੇ ਸਤਿਸੰਗ ਸੁਣਿਆ ਕਰੀਏ ਤੇ ਇਹਨੂੰ ਕਮਾਇਆ ਕਰੀਏ। ਸੁਣਨਾ ਹੋਰ ਚੀਜ਼ ਹੈ, ਮੰਨਣਾ ਹੋਰ ਚੀਜ਼ ਹੈ, ਕਮਾਉਣਾ ਹੋਰ ਚੀਜ਼ ਹੈ।

ਜਦੋਂ ਅਸੀਂ ਸੁਣ ਕੇ ਮੰਨਦੇ ਹਾਂ, ਪਹਿਲਾਂ ਸੁਣਦੇ ਹਾਂ, ਫੇਰ ਮੰਨੋ। ਫੇਰ ਮੰਨ ਕੇ ਕਮਾਈ ਕਰੋ। ਕਮਾਈ ਕਰਕੇ ਜਦੋਂ ਤੁਹਾਨੂੰ ਫਲ ਮਿਲੇਗਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਰੋੜਾਂ ਯੱਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੋ ਜਾਏਗਾ ਤੇ ਸਾਡਾ ਸੰਸਾਰ 'ਤੇ ਆਉਣਾ ਸਫਲ ਹੋ ਜਾਏਗਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਕਲਜੁਗ ਦੇ ਅੰਦਰ ਸਾਡੇ ਉਧਾਰ ਵਾਸਤੇ, ਇਸ ਜਲਦੇ ਜੁਗ ਦੇ ਵਿਚ ਸਾਧਨ ਲਿਆਂਦਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ- ੬੪੨*

ਸੋ ਸਿੱਖੀ ਨੂੰ ਕਮਾਉਣਾ ਸ਼ੁਰੂ ਕਰੋ। ਬੋਲਣ ਵਾਲਿਆਂ ਨੂੰ ਬੋਲਦਿਆਂ ਨੂੰ ਬੜੀ ਦੇਰ ਹੋ ਗਈ। ਸੁਣਨ ਵਾਲਿਆਂ ਨੂੰ ਸੁਣਦਿਆਂ ਨੂੰ ਹੋ ਗਈ। ਕੁਛ ਅਸੀਂ ਮੰਨਿਆ ਹੈ, ਕੁਛ ਨਹੀਂ ਮੰਨਿਆ। ਮੰਨੋ ਪਹਿਲਾਂ ਪੂਰੀ ਤਰ੍ਹਾਂ ਨਾਲ। ਮੰਨ ਕੇ ਫੇਰ ਇਹਦੀ ਕਮਾਈ ਕਰੋ।

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ*
*ਅੰਮ੍ਰਿਤ ਸਰਿ ਨਾਵੈ ॥* *ਅੰਗ - ੩੦੫*

ਸੰਗਤ ਨੂੰ ਰਾਮ ਦੇ ਦਾਸ ਜਿੱਥੇ ਬੈਠੇ ਹੋਣ, ਉਹ ਰਾਮਦਾਸ ਸਰੋਵਰ ਹੋਇਆ ਕਰਦਾ ਹੈ, ਉਹਦੇ 'ਚ ਇਸ਼ਨਾਨ ਕਰਨ ਵਾਲੇ ਨੂੰ -

*ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥*
*ਅੰਗ - ੬੨੪*

ਸਾਰੇ ਪਾਪ ਲਹਿ ਜਾਂਦੇ ਨੇ। ਬਾਲਮੀਕ ਨੇ ਸੰਤਾਂ ਦੀ ਸੰਗਤ ਕੀਤੀ।

*ਬਾਲਮੀਕੈ ਹੋਆ ਸਾਧਸੰਗੁ ॥* *ਅੰਗ - ੧੧੯੨*

ਸਾਧੂ ਸੰਗਤ ਨਾਲ ਕੀ ਹੋਇਆ ਕਿ -

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*ਅੰਗ - ੮੦੯*

ਕਿੱਡੀ ਵੱਡੀ ਪਦਵੀ ਨੂੰ ਪ੍ਰਾਪਤ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਸ਼ਰਧਾ ਭਾਵਨਾ ਦੇ ਨਾਲ ਆਉਂਦੇ ਓਂ। ਬਾਣੀ ਸੁਣਦੇ ਓਂ, ਬਾਣੀ ਸੁਣ ਕੇ ਮੰਨਣਾ, ਅਗਲੀ ਸਟੇਜ ਹੈ, ਮੰਨੋ। ਬਹੁਤ ਸੰਗਤ ਮੰਨਦੀ ਹੈ। ਅੰਮ੍ਰਿਤ ਵੇਲੇ ਜਦੋਂ ਮੈਂ ਜਾਂਦਾ ਹਾਂ, ਸਾਰਿਆਂ ਨਾਲੋਂ ਪਿੱਛੋਂ ਮੇਰੀ ਹਾਜ਼ਰੀ ਹੁੰਦੀ ਹੈ। ਜਦੋਂ ਮੈਂ ਦੋਵੇਂ ਆਸਾ ਦੀ ਵਾਰਾਂ 'ਤੇ ਜਾਂਦਾ ਹਾਂ, ਦੋਨੋਂ ਜਗ੍ਹਾ ਸੰਗਤ ਹੁੰਦੀ ਹੈ। ਅੰਮ੍ਰਿਤ ਵੇਲੇ, ਧੁੰਦਾਂ ਵਿਚ ਪਹੁੰਚ ਜਾਂਦੇ ਨੇ। ਇਹ ਸਿੱਖੀ ਦੀ ਕਮਾਈ ਹੋ ਰਹੀ ਹੈ। ਕਮਾਈ ਕਰੋ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥* *ਅੰਗ - ੩੦੫*

ਗੁਰੂ ਦੀ ਬਾਣੀ ਵਿਚ ਨਾਮ ਦਾ ਇਸ਼ਨਾਨ ਕਰੋ -

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥* *ਅੰਗ - ੩੦੫*

ਸਾਰੇ ਪਾਪ, ਹੱਤਿਆ, ਹੱਤਤਾਈ ਦਾ ਪਾਪ ਵੀ ਲਹਿ ਜਾਂਦਾ ਹੈ –

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ – ੩੦੬*

ਸੋ ਸਿੱਖ ਗੁਰੂ ਦੇ ਮਨ ਵਿਚ ਭਾਅ ਜਾਇਆ ਕਰਦਾ ਹੈ। ਸਾਸ-ਗਿਰਾਸ ਕਿਵੇਂ ਧਿਆਈਏ, ਇਹਦੀ ਜੁਗਤੀ ਹੁੰਦੀ ਹੈ। ਧਿਆਨ ਪਹਿਲਾਂ ਆਉਣਾ ਹੈ, ਉਪਾਸ਼ਨਾ ਕਾਂਡ 'ਚ ਜਾ ਕੇ, ਸਵਾਸ-ਸਵਾਸ ਨਾਮ ਜਪਣ ਦੀ ਜਾਚ ਆਉਂਦੀ ਹੈ। ਜਦੋਂ ਉਪਾਸ਼ਨਾ ਕਾਂਡ 'ਚ ਜਾਵਾਂਗੇ, ਪਹਿਲੀ ਤ੍ਰਿਕੁਟੀ ਟੁੱਟਦੀ ਹੈ – ਧਿਆਤਾ, ਧਿਆਨ, ਧੇਅ ਦੀ। ਫੇਰ ਉਸ ਤੋਂ ਬਾਅਦ ਇੱਕ ਤ੍ਰਿਕੁਟੀ ਹੁੰਦੀ ਹੈ ਨਿਰਗੁਣ ਦੀ। ਉਹ ਜਦੋਂ ਟੁੱਟ ਜਾਂਦੀ ਹੈ ਉਹ ਪਰੀਪੂਰਨ ਜੋਤ ਦੇ ਉਤੇ ਨਿਹਚਾ ਆ ਜਾਂਦਾ ਹੈ ਤੇ ਹਰ ਵਕਤ ਖੁੱਲ੍ਹੀਆਂ ਅੱਖਾਂ ਦੇ ਨਾਲ ਹਰ ਪਾਸੇ ਉਹਦਾ ਦੀਦਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਉਹਦੇ ਉਤੇ ਵਿਸ਼ਵਾਸ਼ ਆ ਜਾਵੇ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ – – ੬੭੭*

ਜਦੋਂ ਉਹ ਸਾਡੇ ਨਾਲ ਰਹਿੰਦਾ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥* *ਅੰਗ – ੨੯੪*

ਸਾਰਿਆਂ ਥਾਵਾਂ 'ਤੇ ਅੱਗ ਦੇ ਵਿਚ ਵੀ, ਹਵਾ ਦੇ ਵਿਚ ਵੀ, ਪਉਣ ਦੇ ਵਿਚ ਵੀ, ਪਾਣੀ ਦੇ ਵਿਚ ਵੀ, ਹਰ ਥਾਂ ਦੇ ਉਤੇ ਹੈ –

*ਚਾਰਿ ਕੁੰਟ ਦਹ ਦਿਸੇ ਸਮਾਹਿ ॥* *ਅੰਗ – ੨੯੪*

ਚਾਰੇ ਦਿਸ਼ਾਵਾਂ ਦੇ ਵਿਚ ਹੈ। ਐਨਾ ਵਿਸਵਾਸ਼ ਹੀ ਕਰਨਾ ਹੈ, ਵਿਸਵਾਸ਼ ਕਰੋ ਇਸ ਚੀਜ਼ ਦੇ ਉਤੇ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥ ਅਕਾਲ ਉਸਤਤਿ*

ਇਹਨੂੰ ਸੁੰਨ ਨਾ ਸਮਝਿਓ। ਗਲਤੀ ਖਾਵਾਂਗੇ। ਕਈਆਂ ਨੇ ਸੁੰਨ ਸਮਝ ਲਿਆ, ਸੁੰਨ ਸਮਝਣ ਨਾਲ ਵਿਕਾਰੀ ਹੋ ਜਾਂਦੇ ਨੇ। ਉਹ ਜੀਵਨ ਹੈ, ਪਰਮ ਜੀਵਨ ਹੈ, ਪਰਮ ਜਿੰਦ ਹੈ, ਵੱਡੀ ਜਿੰਦ, ਸਾਡੀ ਜਿੰਦ ਛੋਟੀ ਉਹਦੀ ਪਰਮ। ਸਾਡੀ ਆਤਮਾ ਛੋਟੀ, ਉਹਦੀ ਪਰਮਆਤਮਾ। ਹਾਂ, ਅਸੀਂ ਇੱਕੋ ਹੀ। ਸੂਰਜ ਦੀਆਂ ਕਿਰਨਾਂ ਵਾਂਗਣ ਨਾਲ ਜੁੜੇ ਹੋਏ ਹਾਂ। ਉਹਨੂੰ ਤੁਸੀਂ ਹਰ ਥਾਂ ਦੇ ਉਤੇ ਦੇਖੋ। ਜਦੋਂ ਦੇਖੋਗੇ, ਉਸ ਵੇਲੇ ਸਾਸ-ਗਿਰਾਸ ਨਾਮ ਦੀ ਅਵਸਥਾ ਆ ਜਾਏਗੀ। ਫੇਰ ਨਹੀਂ ਭੁੱਲਦਾ। ਉਹ ਜਦੋਂ ਸਿੱਖ ਏਥੇ ਪਹੁੰਚੇਗਾ, ਅਭੇਦ ਅਵਸਥਾ ਦਾ ਸਿੱਖ ਹੋ ਜਾਂਦਾ ਹੈ ਤੇ ਉਹ ਗੁਰੂ ਦੇ ਮਨ ਭਾਅ ਜਾਂਦਾ ਹੈ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥* *ਅੰਗ – ੩੦੫*

ਉਹਨੂੰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਗੁਰੂ ਦਸ ਕੇ, ਜੀਵ ਨੂੰ ਚੁੱਕ ਕੇ ਬ੍ਰਹਮ ਦੇ ਨਾਲ ਅਭੇਦ ਕਰ ਦਿੰਦਾ ਹੈ। ਉਹਦਾ ਰੂਪ ਹੀ ਬਣਾ ਦਿੰਦਾ ਹੈ। ਇਸ ਤਰ੍ਹਾਂ ਸਮਝ ਲਓ, ਚੁਬੱਚੇ ਦੇ ਪਾਣੀ ਨੂੰ ਚੁੱਕ ਕੇ ਨਦੀ ਦੇ ਵਿਚ ਸੁੱਟ ਦਿੰਦਾ ਹੈ। ਨਦੀ ਹੀ ਬਣ ਗਈ ਫੇਰ –

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥* *ਅੰਗ – ੨੭੮*

ਸੋ ਇਹ ਅਵਸਥਾ ਮਹਾਰਾਜ ਕਹਿੰਦੇ ਜਦੋਂ ਆ ਜਾਂਦੀ ਹੈ, ਫੇਰ ਗੁਰਸਿੱਖ ਦੀ ਪਦਵੀ ਆ ਜਾਂਦੀ ਹੈ ਬਹੁਤ ਉੱਚੀ। ਗੁਰੂ ਸਾਹਿਬ ਕਹਿੰਦੇ, ਫੇਰ ਉਹ ਸਿੱਖ ਕ੍ਰਿਆਸ਼ੀਲ ਹੁੰਦਾ ਹੈ। ਟਿਕ ਕੇ ਗੋਸ਼ਾਨਸ਼ੀਨੀ 'ਚ ਨਹੀਂ ਬਹਿੰਦਾ ਕਿ ਮੈਂ ਤਾਂ ਘਰ ਬੈਠਾ ਹਾਂ, ਮੈਨੂੰ ਕੋਈ ਨਾ ਮਿਲੇ। ਫੇਰ ਉਸ ਸਿੱਖ ਦੀ ਡਿਊਟੀ ਹੁੰਦੀ ਹੈ ਕਿ ਆਪ ਨਾਮ ਜਪਣਾ ਤੇ ਸੰਸਾਰ ਨੂੰ ਜਪਾਉਣਾ। ਉਹਦਾ ਸਤਿਕਾਰ, ਉਹਦੀ ਇੱਜ਼ਤ ਕਿੰਨੀ ਹੁੰਦੀ ਹੈ –

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ – ੩੦੬*

ਹੁਣ ਦੇਖੋ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ, ਅਸੀਂ ਧੂੜ ਮੰਗਦੇ ਹਾਂ ਉਸ ਸਿੱਖ ਦੀ।

ਅਸੀਂ ਤਾਂ ਫਤਹਿ ਨਹੀਂ ਬੁਲਾ ਕੇ ਰਾਜ਼ੀ ਕਿਸੇ ਗੁਰਸਿੱਖ ਨੂੰ। ਸੋ ਇਸ ਕਰਕੇ ਸਾਧਸੰਗਤ ਜੀ ਬਾਣੀ ਨੂੰ ਸੁਣੋ, ਸੁਣ ਕੇ ਮੰਨੋ, ਮੰਨ ਕੇ ਕਮਾਓ। ਕਮਾਉਣ ਤੋਂ ਬਾਅਦ ਸਾਨੂੰ ਫਲ ਪ੍ਰਾਪਤ ਹੋ ਜਾਏਗਾ। ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਹੀ ਆਯਉ

**(ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ, ਜੂਨ 1, 2014, ਦੇ ਸੰਦਰਭ ਵਿਚ ਮਹਾਂਪੁਰਸ਼ਾਂ ਦਾ ਵਿਸ਼ੇਸ਼ ਦੀਵਾਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 10)*

ਬੇਨਤੀ ਕਰਨ ਦਾ ਮਤਲਬ ਇਹ ਹੈ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਅੰਦਰ ਹੀ ਜਰਦੇ ਰਹੇ। ਗੁਰੂ ਅਮਰਦਾਸ ਮਹਾਰਾਜ ਕੁੱਲ ਸ਼ਕਤੀਆਂ ਦੇ ਮਾਲਕ, ਅਕਾਲ ਪੁਰਖ ਦਾ ਰੂਪ, ਨੂੰ ਲੱਤ ਮਾਰ ਕੇ ਥੱਲੇ ਸੁੱਟ ਦਿਤੇ। ਕੋਈ ਫੁਰਨਾ ਨਹੀਂ ਆਇਆ, ਸ਼ਾਂਤ ਚਿੱਤ ਨੇ ਤੇ ਸਗੋਂ ਬਚਨ ਕਰੇ ਹੱਥ ਜੋੜ ਕੇ ਕਿ ਮਹਾਰਾਜ, ਤੁਹਾਡੀ ਕਿਸ਼ੋਰ ਉਮਰ ਹੈ, ਤੁਹਾਡੇ ਨਰਮ ਹੱਡ ਨੇ, ਮੇਰਾ ਬੁੱਢਾ ਸਰੀਰ ਹੈ, ਮੇਰੀਆਂ ਹੱਡੀਆਂ ਤਾਂ ਬੱਜਰ ਵਰਗੀਆਂ ਨੇ ਤੁਹਾਡੇ ਸੱਟ ਤਾਂ ਨਹੀਂ ਕਿਤੇ ਆਈ? ਨਿਮਰਤਾ ਦਾ ਕੋਈ ਜਵਾਬ ਨਹੀਂ ਦਿਤਾ, ਸਗੋਂ ਬੜਾ ਕਰੜਾ ਹੋ ਕੇ ਕਿਹਾ ਕਿ ਤੈਨੂੰ ਕੀਹਨੇ ਕਿਹਾ ਹੈ ਕਿ ਤਖਤ 'ਤੇ ਬੈਠ। ਖਬਰਦਾਰ ਜੇ ਮੇਰੀਆਂ ਅੱਖਾਂ ਸਾਮ੍ਹਣੇ ਆਇਆ। ਜਿਧਰ ਨੂੰ ਮੂੰਹ ਹੈ ਉਧਰ ਨੂੰ ਚਲਿਆ ਜਾਹ। ਮਹਾਰਾਜ ਅੱਧੀ ਰਾਤ ਸੰਨ ਸਾਹਿਬ ਗੁਰਦੁਆਰੇ ਵੱਲ ਨੂੰ ਚਲੇ ਗਏ। ਮਤਲਬ ਇਹ ਕਿ ਉਹ ਦੂਜੇ ਦਿਨ, ਤੀਜੇ ਦਿਨ ਉਡੀਕਦਾ ਰਿਹਾ, ਕੋਈ ਸੰਗਤ ਨਾ ਆਈ, ਅਖੀਰ ਜਿੰਨਾ ਸਮਾਨ ਸੀ, ਸਭ ਲੁੱਟ ਕੇ ਲਿਆ ਕੇ ਖਡੂਰ ਸਾਹਿਬ ਆ ਗਿਆ। ਉਸ ਦਿਨ ਤੋਂ ਬਾਅਦ ਨਾ ਮਨ ਨੂੰ ਚੈਨ ਆਈ, ਨਾ ਤਨ ਨੂੰ ਆਈ, ਜਿਹੜੇ ਪੈਰ ਨਾਲ ਲੱਤ ਮਾਰੀ ਸੀ ਸਾਰੀ ਰਾਤ ਹਾਇ-ਹਾਇ ਕਰੀ ਜਾਂਦਾ ਹੈ। ਨਾ ਕਿਸੇ ਹਕੀਮ ਤੋਂ ਇਲਾਜ ਹੁੰਦਾ ਹੈ।

ਸੋ ਜਦੋਂ ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਜਦੋਂ ਉਥੇ ਪਹੁੰਚੇ ਤਾਂ ਦਾਤੂ ਜੀ ਨੇ ਬੇਨਤੀ ਕਰੀ ਕਿ ਮਹਾਰਾਜ! ਅਸੀਂ ਬੜੀ ਭੁੱਲ ਕਰੀ ਹੈ ਤੇ ਅਸੀਂ ਭੁੱਲਦੇ ਹਾਂ ਤੇ ਗੁਰੂ ਦਾ ਗੁਰੂ ਨਾਨਕ ਦੀ ਗੱਦੀ ਦਾ ਇਹ ਬਿਰਦ ਹੈ ਕਿ ਮਾੜਿਆਂ ਨੂੰ ਉਧਾਰਨਾ ਤੇ ਅਸੀਂ ਲੋਕ ਜੋ ਦੁਨੀਆਂਦਾਰ ਹਾਂ। ਅਸੀਂ ਭੁੱਲਦੇ ਹੀ ਚਲੇ ਜਾਂਦੇ ਹਾਂ।

***ਧਾਰਨਾ - ਪਤਿਤ ਉਧਾਰਨਾ,***
***ਸਤਿਗੁਰ ਜੀ ਬਿਰਦ ਤੇਰਾ।***

*ਹਮਰੋ ਸਹਾਉ ਸਦਾ ਸਦ ਭੂਲਨ*
*ਤੁਮ੍ਰੋ ਬਿਰਦੁ ਪਤਿਤ ਉਧਰਨ ॥* *ਅੰਗ - ੮੨੮*

ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ, ਮੈਂ ਗੁਰ ਦੋਖੀ ਹਾਂ। ਬਹੁਤ ਵੱਡੀ ਬੇਅਦਬੀ ਕਰ ਚੁੱਕਿਆ ਹਾਂ। ਮਹਾਰਾਜ ਕਹਿਣ ਲੱਗੇ ਕਿ ਤੁਸੀਂ ਗੁਰੂ ਅਮਰਦਾਸ ਪਾਤਸ਼ਾਹ, ਜੋ ਦਿਆਲੂ ਕ੍ਰਿਪਾਲੂ ਸੀ ਉਨ੍ਹਾਂ ਤੋਂ ਹੀ ਬਖਸ਼ਾ ਲੈਣਾ ਸੀ। ਕਹਿੰਦੇ, ਮੈਂ ਗਿਆ ਸੀ ਪਰ ਉਨ੍ਹਾਂ ਨੇ ਕਿਹਾ ਪੁਰਖਾ! ਅਸੀਂ ਨਹੀਂ ਬਖਸ਼ ਸਕਦੇ ਤੇ ਸਾਡਾ ਦੋਹਤਰਾ ਆਏਗਾ, ਪੰਜਵੀਂ ਪਾਤਸ਼ਾਹੀ, ਉਹਦੇ ਕੋਲ ਜਾਈਂ ਉਹ ਬਖਸ਼ ਦੇਣਗੇ। ਸੋ ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਰਾਜ਼ੀ-ਬਾਜ਼ੀ ਨੌਂ-ਬਰ-ਨੌਂ ਕਰ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿੱਲੀ ਦੇ ਅੰਦਰ ਇਕ ਚੰਦੂ ਨਾਮ ਦਾ ਵੱਡਾ ਸਰਕਾਰੀ ਆਫੀਸਰ ਰਿਹਾ ਕਰਦਾ ਸੀ, ਜਿਹਨੂੰ ਦੀਵਾਨ ਕਹਿੰਦੇ ਸੀ। ਪਹਿਲਾਂ ਅਕਬਰ ਦੇ ਵੇਲੇ ਵੀ ਸੀਗਾ, ਜਹਾਂਗੀਰ ਵੇਲੇ ਉਹਨੇ ਬਹੁਤ ਹੱਥ ਪੈਰ ਮਾਰ ਕੇ ਆਪਣੇ ਸੰਗੀ-ਸਾਥੀ, ਬੜੇ ਦੋਸਤ ਮਿੱਤਰ ਬਣਾ ਲਏ ਤੇ ਇਕ ਲੋਬੀ ਕਾਇਮ ਕਰ ਲਈ, ਬੜੀ ਤਾਕਤ ਦਾ ਮਾਲਕ ਹੋ ਗਿਆ। ਉਹਦੀ ਲੜਕੀ ਜਦੋਂ 7-8 ਸਾਲ ਦੀ ਹੋਈ, ਉਸ ਵੇਲੇ ਰਿਵਾਜ਼ ਸੀ ਕਿ ਛੋਟੀ ਉਮਰ ਦੇ ਵਿਚ ਲੜਕੀਆਂ ਵਿਆਹ ਦਿੰਦੇ ਸੀ, ਕਿਉਂਕਿ ਇਥੇ ਮੁਗਲਾਂ ਦਾ ਰਾਜ ਹੋਣ ਕਰਕੇ ਇਹ ਡਰ ਰਹਿੰਦਾ ਸੀ ਕਿ ਵੱਡੀ ਉਮਰ ਦੀ ਲੜਕੀ ਨੂੰ ਚੁੱਕ ਕੇ ਨਾ ਲੈ ਜਾਣ। ਛੋਟੀ ਅੱਠ-ਨੌਂ ਸਾਲ ਵਿਚ ਹੀ ਸ਼ਾਦੀ ਕਰ ਦਿੰਦੇ ਸੀ, 14-15 ਸਾਲ ਦੇ ਅੰਦਰ ਘਰ ਭੇਜ ਦਿੰਦੇ ਸੀ ਤੇ ਲੇਕਿਨ ਆਪ ਨਹੀਂ ਜਾਇਆ ਕਰਦੇ। ਉਸ ਵੇਲੇ ਦੇ ਬ੍ਰਾਹਮਣ ਤੇ ਹੋਰ ਨਾਈ ਵਗੈਰਾ ਇਹ ਜਾ ਕੇ ਰਿਸ਼ਤਾ ਕਰ ਆਉਂਦੇ ਸੀ, ਉਹਦੇ ਉਤੇ ਇਤਬਾਰ ਕਰਦੇ ਸੀ। ਫਿਰਦੇ-ਫਿਰਦੇ ਜਦੋਂ ਅੰਮ੍ਰਿਤਸਰ ਸਾਹਿਬ ਆਏ ਉਥੇ ਸਾਹਿਬ ਹਰਿਗੋਬਿੰਦ ਸਾਹਿਬ ਖੇਲ੍ਹ ਰਹੇ ਨੇ, ਛੋਟੀ ਉਮਰ ਹੈ ਪੁੱਛ-ਪੁਛਾਕਾ ਕਰਿਆ ਕਿ ਕਿਨ੍ਹਾਂ ਦੇ ਲੜਕੇ ਨੇ। ਅਖੀਰ ਪਤਾ ਲੱਗਿਆ ਕਿ ਸੋਢੀ ਖਤਰੀ ਇਨ੍ਹਾਂ ਦੀ ਜਾਤ ਹੈ, ਬੱਚਾ ਦੇਖਿਆ ਤੇ ਨਾਲ ਕਾਰੋਬਾਰ, ਬੇਅੰਤ ਮਾਨਤਾ ਦੇਖੀ। ਚਿੱਤ ਪ੍ਰਸੰਨ ਹੋ ਗਿਆ। ਵਾਪਸ ਚਲੇ ਗਏ। ਜਾ ਕੇ ਚੰਦੂ ਨੂੰ ਕਹਿਣ ਲੱਗੇ ਕਿ ਅਸੀਂ ਬਹੁਤ ਵੱਡਾ ਘਰ ਦੇਖ ਕੇ ਆਏ ਹਾਂ ਜਿੱਥੇ ਕੋਈ ਅੰਤ ਨਹੀਂ ਹੈ, ਹਜ਼ਾਰਾਂ ਬੰਦੇ ਪਿੱਛੇ ਚਲਦੇ ਨੇ ਤੇ ਰਾਜਿਆਂ ਵਰਗਾ ਕੰਮ ਹੈ।

ਰਾਜਾ ਕਹਿਣਾ ਤਾਂ ਬਹੁਤ ਛੋਟਾ ਹੁੰਦਾ ਹੈ ਸਾਧਸੰਗਤ ਜੀ -

*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਅੰਗ - ੨੪੯*

ਕੌਣ? ਜਿਹੜੇ ਵਾਹਿਗੁਰੂ ਦੀ ਬੰਦਗੀ ਕਰਦੇ ਨੇ। ਉਹਨੂੰ ਤਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਰਾਜਾ ਕਹਿਣਾ ਤਾਂ ਹਤਕ ਹੋਇਆ ਕਰਦੀ ਹੈ। ਕਿਉਂਕਿ ਰਾਜਿਆਂ ਦੇ ਉਤੇ ਤਾਂ ਹਜ਼ਾਰਾਂ ਬੋਝ ਹੁੰਦੇ ਨੇ ਤੇ ਬਾਕੀ ਜਿਹੜੇ ਇਹ ਰਾਜੇ ਹੁੰਦੇ ਨੇ, ਇਹ ਤਾਂ ਇਥੇ ਦੇ ਹੀ ਰਾਜੇ ਨਹੀਂ, ਦਰਗਾਹ ਵਿਚ ਵੀ ਇਨ੍ਹਾਂ ਦਾ ਕਿਹਾ ਚਲਦਾ ਹੈ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ - ੧੮੬*

ਦੁਨੀਆਂਦਾਰੀ ਦੀ ਨਿਗ੍ਹਾ ਦੇ ਨਾਲ ਗੱਲ ਕਰਕੇ ਦੱਸ

ਦਿਤਾ, ਕਹਿਣ ਲੱਗਿਆ ਕਿੱਥੇ ਕਰਿਆ ਐ? ਕਹਿਣ ਲੱਗੇ, ਗੁਰੂ ਅਰਜਨ ਪਾਤਸ਼ਾਹ ਜੀ ਦਾ ਸਾਹਿਬਜ਼ਾਦਾ ਹੈ, ਬੜਾ ਹੋਣਹਾਰ ਹੈ। ਸਾਰੀ ਗੱਲ ਸੁਣੀ, ਕਹਿੰਦਾ, ਹੁਣ ਮੈਂ ਕਹਿ ਤਾਂ ਕੁੱਛ ਨਹੀਂ ਸਕਦਾ ਕਿਉਂਕਿ ਤੁਸੀਂ ਕਰ ਆਏ ਤੇ ਕਹੇ ਹੋਏ ਨੂੰ ਮੰਨਿਆ ਕਰਦੇ ਸੀ। ਪਰ ਇਕ ਗੱਲ ਤੁਸੀਂ ਮਾੜੀ ਕਰੀ, ਉਹ ਇਹ ਕਰੀ ਕਿ ਮੈਂ ਹਾਂ ਚੁਬਾਰਾ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਤੀ। ਗੁਰੂ ਘਰ ਨੂੰ ਮੋਰੀ ਕਹਿ ਦਿਤਾ ਤੇ ਆਪਣੇ ਆਪ ਨੂੰ ਅਭਿਮਾਨੀ ਚੁਬਾਰਾ ਕਹਿੰਦਾ ਹੈ। ਪਰ ਤੁਸੀਂ ਕਰ ਆਏ, ਹੁਣ ਮੈਂ ਜਵਾਬ ਨਹੀਂ ਦੇ ਸਕਦਾ ਕਿਉਂਕਿ ਇਕ ਵਾਰੀ ਕਰ ਦਿਤਾ, ਮੈਂ ਦੁਬਾਰਾ ਨਹੀਂ ਕਿਸੇ ਹੋਰ ਥਾਂ ਲੜਕੀ ਨੂੰ ਬਿਠਾਉਣਾ, ਚਿਤਵੀ ਗਈ ਸੋ ਚਿਤਵੀ ਗਈ। ਅਭਿਮਾਨ ਦੇ ਅੱਖਰ ਬਹੁਤ ਕਹਿ ਦਿਤੇ। ਸੰਗਤ ਦੇ ਸਰੀਰ ਉਥੇ ਖੜ੍ਹੇ ਸੁਣਦੇ ਸੀ। ਸੰਗਤ ਵਿਚ ਵਿਚਾਰ ਹੋਈ ਦਿੱਲੀ ਆ ਕੇ। ਕਹਿਣ ਲੱਗੇ, ਇਹ ਤਾਂ ਬੜਾ ਮਾੜਾ ਕੰਮ ਹੋਇਆ ਹੈ, ਇਹ ਤਾਂ ਮੂਰਖ ਨਾਸਤਕ ਪੁਰਸ਼ ਹੈ, ਇਹਦਾ ਤਾਂ ਗੁਰੂ ਘਰ ਨਾਲ ਰਿਸ਼ਤਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਨੇ ਗੁਰੂ ਮਹਾਰਾਜ ਵੱਲ ਚਿੱਠੀ ਲਿਖੀ –

***ਲਿਖਤੁਮ ਸਭਿ ਦਿੱਲੀ ਕੀ ਸੰਗਤਿ***
***ਸਤਿਗੁਰ ਕੇ ਸਨਮੁਖ ਅਰਦਾਸਿ।***
***ਸ਼ਾਹਿ ਦਿਵਾਨ ਸੁਤਾ ਕੋ ਨਾਤਾ ਭੇਜਯੋ***
***ਅਰੈ ਤੁਮਾਰੇ ਪਾਸਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਕਹਿੰਦੇ, ਤੁਹਾਡੇ ਪਾਸ ਬਾਮ੍ਹਣਾਂ ਨੂੰ ਨਾਤਾ ਲਿਖ ਕੇ ਭੇਜ ਰਹੇ ਨੇ ਤੇ ਸਮਾਨ ਵਗੈਰਾ ਇਨ੍ਹਾਂ ਨੇ ਖਰੀਦ ਲਿਆ ਹੈ, ਬੰਦੇ ਮੰਗਣਾ ਕਰਨ ਵਾਸਤੇ ਆ ਰਹੇ ਨੇ। ਪਰ ਇਹ ਹੰਕਾਰੀ ਪੁਰਸ਼ ਹੈ, ਸੱਚੇ ਪਾਤਸ਼ਾਹ! ਗੁਰੂ ਘਰ ਨੂੰ ਨੀਵਾਂ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਕਿਹਾ ਹੈ ਤੇ ਸੰਗਤ ਦਾ ਦਿਲ ਦੁਖ ਗਿਆ ਇਹ ਗੱਲ ਸੁਣ ਕੇ ਤੇ ਬਹੁਤ ਅਭਿਮਾਨ ਦੀ ਗੱਲ ਇਸ ਤਰ੍ਹਾਂ ਕਹੀ ਹੈ–

***ਧਾਰਨਾ – ਹੰਕਾਰੀ ਆਪ ਨੂੰ ਚੁਬਾਰਾ ਆਖੇ,***
***ਗੁਰੂ ਘਰ ਮੋਰੀ ਆਖਦਾ।***

ਪਾਤਸ਼ਾਹ ਐਡਾ ਅਭਿਮਾਨ ਹੈ ਕਿ ਸਾਰੀ ਸ੍ਰਿਸ਼ਟੀ ਤੋਂ ਜਿਹੜਾ ਵੱਡਾ ਘਰ ਹੈ ਉਹਨੂੰ ਨਾਲੀ ਕਹਿੰਦਾ ਹੈ, ਗੰਦੀ ਨਾਲੀ ਤੇ ਆਪਣੇ ਆਪ ਨੂੰ ਚੋਬਾਰਾ ਕਹਿੰਦਾ ਹੈ।

***ਆਪ ਹੰਕਾਰੀ ਬਨਯੋ ਚੁਬਾਰਾ ਤੁਮਹਿ ਕਹਯੋ***
***ਮੋਰੀ ਸੰਕਾਸ।***
***ਬਿਨ ਸ਼ਰਧਾ ਤੇ ਮੂਰਖ ਬੋਲਯੋ***
***ਇੱਤਯਾਦਿਕ ਨਿੰਦਾ ਕਰਿ ਰਾਸ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਨਿੰਦਾ ਕਰਦਾ ਹੈ, ਹਾਸੇ ਕਰਦਾ ਹੈ, ਮਖੌਲ ਕਰਦਾ ਹੈ।

***ਹਮ ਕੋ ਨਹਿੰ ਸੁਖਾਇ ਤਿਸ ਕਹਿਬੋ***
***ਬਸਿ ਨਹਿੰ ਚਲਯੋ ਸੁ ਲਿਖਯੋ ਬ੍ਰਿਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਇਹ ਸਾਕਤ ਹੈ –

***ਸੁਤਾ ਨ ਸਾਕਤ ਕੀ ਤੁਮ ਲੀਜਹੁ***
***ਇਹ ਸੰਗਤਿ ਕੋ ਅਹੈ ਮਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਸਾਡਾ ਮਤਾ ਅਸੀਂ ਪਕਾ ਕੇ ਭੇਜਦੇ ਹਾਂ ਕਿ ਸਾਕਤ ਦੀ ਲੜਕੀ ਦਾ ਰਿਸ਼ਤਾ ਨਾ ਲਓ। ਮਹਾਰਾਜ ਜੀ ਕੋਲ ਜਦੋਂ ਰਿਸ਼ਤਾ ਲੈ ਕੇ ਆਏ, ਚਿੱਠੀ ਪਹਿਲਾਂ ਪਹੁੰਚ ਗਈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਠੀਕ ਹੈ ਰਿਸ਼ਤਾ ਆਇਆ ਹੈ ਲੜਕੀ ਦਾ, ਕੋਈ ਵੀ ਚੰਗਾ ਬੰਦਾ ਮੋੜਿਆ ਨਹੀਂ ਕਰਦਾ ਪਰ ਤੁਹਾਡਾ ਜੋ ਮਾਲਕ ਹੈ ਜਿਸਨੇ ਤੁਹਾਨੂੰ ਭੇਜਿਆ ਹੈ ਉਹ ਤਾਂ ਚੁਬਾਰਾ ਹੈ ਤੇ ਸਾਨੂੰ ਤਾਂ ਗੰਦੀ ਨਾਲੀ ਆਖਿਆ ਹੈ ਉਸ ਨੇ। ਉਹਦੀ ਲੜਕੀ ਕਿਵੇਂ ਰਹੇਗੀ ਸਾਡੇ ਕੋਲ ਆ ਕੇ। ਉਹ ਕਿਸੇ ਚੰਗੇ ਥਾਂ ਆਪਣੇ ਤੋਂ ਡਬਲ ਚੁਬਾਰੇ ਦੇ ਕਿਤੇ ਰਿਸ਼ਤਾ ਕਰ ਦੇਵੇ। ਅਸੀਂ ਤਾਂ ਨਹੀਂ ਲੈਂਦੇ। ਬੜਾ ਉਨ੍ਹਾਂ ਨੇ ਜ਼ੋਰ ਲਾਇਆ, ਮਹਾਰਾਜ ਜੀ ਕਹਿੰਦੇ ਨਹੀਂ। ਅਖੀਰ ਕਹਿਣ ਲੱਗੇ ਕਿ ਮਹਾਰਾਜ! ਚੰਦੂ ਨੂੰ ਅਸੀਂ ਜਾਣਦੇ ਹਾਂ ਬੜਾ ਜਿੱਦੀ ਪੁਰਸ਼ ਹੈ ਇਹ, ਤੇ ਸਰਕਾਰ ਵਿਚ ਇਹਦੀ ਅੱਜ ਚਲਦੀ ਹੈ। ਐਸਾ ਨਾ ਹੋਵੇ ਆਪ ਦਾ ਨੁਕਸਾਨ ਕਰ ਦੇਵੇ। ਸਾਹਿਬਜ਼ਾਦੇ ਦਾ ਨੁਕਸਾਨ ਕਰ ਦੇਵੇ, ਆਪ ਦਾ ਨੁਕਸਾਨ ਕਰ ਦੇਵੇ। ਮਹਾਰਾਜ ਕਹਿੰਦੇ ਉਹ ਤਾਂ ਪ੍ਰਮੇਸ਼ਰ 'ਤੇ ਛੱਡੋ। ਜੋ ਹੋਣਾ ਹੈ, ਪ੍ਰਮੇਸ਼ਰ ਦੀ ਰਜ਼ਾ ਨਾਲ ਹੋਣਾ ਹੈ।

ਸੋ ਰਿਸ਼ਤਾ ਵਾਪਸ ਮੁੜ ਗਿਆ। ਉਸੇ ਵੇਲੇ ਇਰਾਦਾ ਕਰ ਲਿਆ ਕਿ ਮੈਂ ਬਦਲਾ ਜ਼ਰੂਰ ਲਵਾਂਗਾ। ਅਜੇ ਤੱਕ ਗੁਰੂ ਘਰ ਦੀ ਸ਼ਰਧਾ, ਮੁੱਲਾਂ ਤੇ ਅਕਬਰ ਦੇ ਮਨ 'ਚ ਹੋਣ ਤੇ ਚਲੀ ਆਉਂਦੀ ਸੀ, ਲੇਕਿਨ ਜਹਾਂਗੀਰ ਨੂੰ ਹੌਲੀ-ਹੌਲੀ ਚੁਗਲੀਆਂ ਕਰ-ਕਰ ਕੇ ਏਸ ਨਤੀਜੇ 'ਤੇ ਪਹੁੰਚਾ ਦਿਤਾ ਕਿ ਉਹਦੇ ਮਨ ਵਿਚ ਇਹ ਗੱਲ ਹੋ ਗਈ ਕਿ ਮੈਂ ਗੁਰੂ ਘਰ ਦਾ ਜੋ ਸਿਲਸਿਲਾ ਚਲ ਰਿਹਾ ਹੈ ਇਹਨੂੰ ਖਤਮ ਕਰ ਦੇਵਾਂ, ਕੁਛ ਮਨ ਵਿਚ ਖਿਆਲ ਰਖਦਾ ਸੀ। ਦੂਜਾ ਇਹ ਚੰਦੂ ਵਗੈਰਾ ਤਿਆਰ ਹੋ ਗਏ।

ਚੰਦੂ ਨੇ ਚਿੱਠੀ ਲਿਖੀ। ਪਤਾ ਲੱਗਿਆ ਕੁਛ ਕਿ ਪ੍ਰਿਥੀ ਚੰਦ ਦੀ ਨਰਾਜ਼ਗੀ ਹੈ, ਚਿੱਠੀ ਲਿਖ ਕੇ ਭੇਜੀ ਕਿ ਮੈਂ ਤੁਹਾਨੂੰ ਜਗੀਰ ਦਵਾਈ ਹੋਈ ਹੈ, ਪਿੰਡ ਕੋਠਾ ਜਿਹੜਾ ਹੈ ਤੁਹਾਨੂੰ ਦਿਤਾ ਹੋਇਆ ਹੈ ਤੇ ਇਹ ਅਸੀਂ ਜਬਤ ਕਰ ਲੈਣਾ ਹੈ ਹੁਣ ਤੇ ਤੂੰ ਗਰੀਬ ਬਣ ਕੇ ਤੁਰਿਆ ਫਿਰੇਂਗਾ। ਨਹੀਂ ਤਾਂ ਆਪਣੇ ਭਰਾ ਨੂੰ ਕਹਿ ਕਿ ਰਿਸ਼ਤਾ ਲੈ ਲਵੇ। ਨਹੀਂ ਤਾਂ ਵਿਚੇ ਹੀ ਉਹਨੂੰ ਮੈਂ ਕੈਦ ਕਰਾਵਾਂਗਾ, ਵਿਚੇ ਤੈਨੂੰ ਕੈਦ ਕਰਾਵਾਂਗਾ।

ਚਿੱਠੀ ਲੈ ਕੇ ਆਇਆ, ਡਰ ਗਿਆ ਪਹਿਲਾਂ ਹੀ ਕਹਿਣ ਲੱਗ ਗਿਆ ਕਿ ਮੈਂ ਤਾਂ ਆਪ ਹੀ ਉਹਦਾ ਦੁਸ਼ਮਣ ਹਾਂ। ਚੰਗਾ ਹੋਇਆ, ਕਹਿ ਦੇਣਾ ਦੀਵਾਨ ਸਾਹਿਬ ਨੂੰ ਕਿ ਮੇਰੇ ਤੋਂ ਜੋ ਮਦਦ ਚਾਹੀਦੀ ਹੈ ਮੈਂ ਪੂਰੀ ਮਦਦ ਦੇਵਾਂਗਾ, ਸਾਰੇ ਭੇਤ ਦੇਵਾਂਗਾ। ਉਨ੍ਹਾਂ ਨੇ ਗ੍ਰੰਥ ਸਾਹਿਬ ਬਣਾਇਆ ਹੈ ਉਹਦੇ 'ਚ ਐਉਂ ਗੱਲਾਂ ਲਿਖੀਆਂ ਨੇ, ਆਹ ਲਿਖਿਆ ਹੈ, ਭੜਕਾ ਦਿਤੇ। ਕਹਿੰਦੇ, ਜੇ ਮੈਨੂੰ ਕਹਿਣ ਤਾਂ ਮੈਂ ਹਾਜ਼ਰ ਹੋ ਕੇ ਉਹਦੇ ਨਾਲ ਗੱਲ ਕਰਾਂਗਾ। ਚੰਗਾ ਹੋ ਗਿਆ ਕਿ ਉਨ੍ਹਾਂ ਦੇ ਮਨ ਵਿਚ ਇਹ ਗੱਲ ਹੋ ਗਈ, ਮੈਂ ਦੇਖੋ ਵੱਡਾ ਹਾਂ ਧੱਕੇ ਨਾਲ ਮੇਰੇ ਤੋਂ ਉਨ੍ਹਾਂ ਨੇ ਸਭ ਖੋਹ ਲਿਆ।

ਚੋਰ-ਚਕਾਰ ਆਪਣੇ ਕੋਲ ਰਖਦੇ ਨੇ, ਡਾਕੂ ਕੋਲ ਰਖਦੇ ਨੇ। ਬੜੀਆਂ ਹੀ ਲੂਤੀਆਂ ਲਾਈਆਂ, ਵਾਪਸ ਭੇਜ ਦਿਤਾ।

ਜਦੋਂ ਜਾ ਕੇ ਚੰਦੂ ਨੂੰ ਦੱਸਿਆ ਤਾਂ ਖੁਸ਼ ਹੋ ਗਿਆ ਕਿ ਚਲੋ ਭਰਾ ਤਾਂ ਮੇਰੇ ਨਾਲ ਹੈ। ਹੁਣ ਦੇਖਾਂਗੇ ਕੀ ਗੱਲ ਬਣਦੀ ਹੈ। ਇਧਰਲੇ ਪਾਸੇ ਇਹਨੂੰ ਚੰਦੂ ਦਾ ਸੁਨੇਹਾ ਆ ਗਿਆ, ਤੂੰ ਫਿਕਰ ਨਾ ਕਰ ਜਿਹੜਾ ਕੰਮ ਕਰੇਂਗਾ ਤੇਰਾ ਪ੍ਵਾਨ ਹੀ ਪ੍ਵਾਨ ਹੈ ਸਾਨੂੰ। ਤਕੜਾ ਹੋ ਕੇ ਪਿੱਛੇ ਲਗ ਉਨ੍ਹਾਂ ਦੇ ਤੇ ਇਹਦਾ ਇਕ ਮਿੱਤਰ ਸੀ ਜਿਹਦਾ ਨਾਮ ਸੁਲਹੀ ਖਾਨ ਸੀ ਤੇ ਸੁਲਹੀ ਖਾਨ ਦਾ ਭਤੀਜਾ ਸੀ ਉਹਦਾ ਨਾਮ ਸੀ ਸੁਲਭੀ ਖਾਨ। ਮਤਾ ਇਹ ਪਕਾਇਆ ਕਿ ਸੁਲਭੀ ਖਾਨ ਮਾਮਲਾ ਉਗਰਾਉਣ ਦੇ ਬਹਾਨੇ ਅੰਮ੍ਰਿਤਸਰ ਚਲਿਆ ਜਾਵੇ ਤੇ ਗੁਰੂ ਅਰਜਨ ਸਾਹਿਬ ਨੂੰ ਕੈਦ ਇਕ ਵਾਰੀ ਕਰ ਲਿਆਵੇ ਉਸ ਤੋਂ ਬਾਅਦ ਅਸੀਂ ਜਾਣੀਏ ਸਾਡਾ ਕੰਮ। ਅਸੀਂ ਆਪੇ ਕਰ ਲਵਾਂਗੇ ਸਭ ਕੁਛ।

ਸੋ ਮਹਾਰਾਜ ਜੀ ਨੂੰ ਖਬਰ ਪਹੁੰਚੀ ਕਿ ਪਾਤਸ਼ਾਹ, ਆਹ ਗੋਂਤ ਗੁੰਦੀ ਗਈ ਹੈ। ਸੁਲਭੀ ਖਾਨ ਆ ਰਿਹਾ ਹੈ ਆਪ ਦੇ ਪਾਸ। ਕ੍ਰਿਪਾ ਕਰੋ, ਕੁਛ ਬੰਦੋਬਸਤ ਕਰੋ। ਮਹਾਰਾਜ ਜੀ ਨੂੰ ਜਾ ਕੇ ਚੰਗੇ-ਚੰਗੇ ਗੁਰਸਿੱਖਾਂ ਨੇ ਦੱਸਿਆ, ਤਾਂ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਦੇਖੋ ਪ੍ਰੇਮੀਓ, ਸਾਡੇ ਕੋਲ ਤਾਂ ਨਿਮਰਤਾ ਦੀ ਗਦਾ ਹੈ, ਇਹ ਜਿਹੜਾ ਨਿਮਰਤਾ ਦਾ ਹਥਿਆਰ ਹੈ ਇਹਦੇ ਅੱਗੇ ਵਿਕਾਰੀ ਤੇ ਦੁਸ਼ਟ ਹੁੰਦੇ ਨੇ ਉਹ ਟਿਕਿਆ ਨਹੀਂ ਕਰਦੇ।

***ਧਾਰਨਾ - ਮੇਰੀ ਗਦਾ ਹੈ ਗਰੀਬੀ ਵਾਲੀ***
***ਦੁਸ਼ਟਾਂ ਦਾ ਨਾਸ਼ ਕਰਦੀ।***

ਘਬਰਾਓ ਨਾ ਸਾਧਸੰਗਤ ਜੀ, ਨਿਮਰਤਾ ਦੇ ਅੱਗੇ ਵਿਕਾਰੀ ਟਿਕਿਆ ਨਹੀਂ ਕਰਦਾ।

*ਗਰੀਬੀ ਗਦਾ ਹਮਾਰੀ ॥*
*ਖੰਨਾ ਸਗਲ ਰੇਨੁ ਛਾਰੀ ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ ॥*
*ਗੁਰ ਪੂਰੇ ਏਹ ਗਲ ਸਾਰੀ ॥* ਅੰਗ - ੬੨੮

ਪੂਰੇ ਸਤਿਗੁਰਾਂ ਨੇ ਕਿਹਾ ਹੈ ਕਿ ਜੋ ਨਿਮਰਤਾ ਦੇ ਨਾਲ ਹੈ ਉਹਦੇ ਅੱਗੇ ਵਿਕਾਰੀ ਠਹਿਰਿਆ ਨਹੀਂ ਕਰਦਾ ਕਿਉਂਕਿ ਉਹਦੇ ਹਿਰਦੇ 'ਚ ਨਾਮ ਚਲਦਾ ਹੈ -

*ਹਰਿ ਹਰਿ ਨਾਮੁ ਸੰਤਨ ਕੀ ਓਟਾ ॥*
*ਜੋ ਸਿਮਰੈ ਤਿਸ ਕੀ ਗਤਿ ਹੋਵੈ*
*ਉਧਰਹਿ ਸਗਲੇ ਕੋਟਾ ॥* ਅੰਗ - ੬੨੮

ਸੋ ਇਸ ਤਰ੍ਹਾਂ ਦੇ ਨਾਲ ਰਾਹ 'ਚ ਤੁਰਿਆ ਆਉਂਦਾ ਹੈ, ਉਥੇ ਇਕ ਕੋਈ ਉਹਦਾ ਸਿਪਾਹੀ ਸੀਗਾ, ਉਹ ਮਿਲ ਗਿਆ, ਉਹ ਕਹਿੰਦਾ ਤੂੰ ਮੇਰੀ ਦੋ ਸਾਲ ਦੀ ਤਨਖਾਹ ਨਹੀਂ ਦਿਤੀ, ਮੇਰੀ ਤਨਖਾਹ ਦੇਹ। ਉਥੇ ਖੈਬੜ-ਖਬੜਾਈ ਹੋਈ, ਤਲਵਾਰ ਪਹਿਨੀ ਹੋਈ ਸੀ ਉਹਨੇ, ਗਲ ਕੱਟ, ਉਹਨੇ ਉਹ ਮਾਰਿਆ। ਮਹਾਰਾਜ ਜੀ ਨੂੰ ਖਬਰ ਪਹੁੰਚ ਗਈ।

ਕਹਿੰਦੇ, ਮਹਾਰਾਜ ਜੀ! ਉਹ ਤਾਂ ਮਾਰਿਆ ਗਿਆ। ਕਹਿੰਦੇ, ਕੋਈ ਨਾ ਭਾਈ ਜੋ ਸਾਧੂਆਂ ਨੂੰ ਤੰਗ ਕਰਦਾ ਹੈ, ਉਹਦਾ ਹਾਲ ਇਹੀ ਹੋਇਆ ਕਰਦਾ ਹੈ -

***ਧਾਰਨਾ - ਸੋ ਦੁਖ ਕੈਸਾ ਪਾਵੈ***
***ਜਿਸਦਾ ਰਾਖਾ ਹੈ ਪ੍ਰਮਾਤਮਾ***

*ਜਿਸ ਕੇ ਸਿਰ ਊਪਰਿ ਤੂੰ ਸੁਆਮੀ*
*ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥੧॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇਰੇ ॥* *ਅੰਗ - ੭੪੯*

ਖਾਤਮਾ ਹੋ ਗਿਆ ਰਾਹ 'ਚ ਹੀ ਮਾਰਿਆ ਗਿਆ, ਖਬਰ ਪਹੁੰਚ ਗਈ ਪ੍ਰਿਥੀਚੰਦ ਨੂੰ, ਦੌੜਿਆ-ਦੌੜਿਆ ਗਿਆ ਇਹਦੇ ਪਾਸ, ਇਹਦਾ ਮਿਤਰ ਸੀ। ਦੇਖਿਆ ਜਾਦੂ ਵਰਤ ਕੇ ਮਾਰ ਦਿਤਾ। ਜਾਂ ਮੈਨੂੰ ਲਗਦਾ ਹੈ ਕਿ ਪੈਸੇ ਦੇ ਕੇ ਬੰਦਾ ਭੇਜਿਆ ਹੈ ਉਨ੍ਹਾਂ ਨੇ। ਬੜਾ ਮਾੜਾ ਕੰਮ ਕਰਿਆ ਹੈ ਭਰਾ ਨੇ ਮੇਰੇ। ਆਫੀਸਰ ਬੰਦਾ ਮਾਰ ਦਿਤਾ। ਜਿੰਨਾ ਕਹਿ ਸਕਦਾ ਸੀ ਕਿਹਾ। ਕਹਿਣ ਲੱਗਿਆ, ਹੁਣ ਤੁਸੀਂ ਆਪ ਕੋਸ਼ਿਸ਼ ਕਰੋ। ਸੁਲਹੀ ਖਾਂ ਕਹਿਣ ਲੱਗਿਆ ਕਿ ਇਨ੍ਹਾਂ ਤੋਂ ਤਾਂ ਬਚ ਗਿਆ ਪਰ ਮੈਂ ਨਹੀਂ ਹੁਣ ਛੱਡਣਾ ਕਿਸੇ ਵੀ ਤਰੀਕੇ ਨਾਲ। ਉਸੇ ਵੇਲੇ ਚੜ੍ਹਾਈ ਕਰ ਗਿਆ। ਬੜਾ ਜ਼ਾਲਮ ਆਫੀਸਰ ਸੀ। ਮਹਾਰਾਜ ਕੋਲ ਖਬਰ ਪਹੁੰਚ ਗਈ ਕਿ ਭਤੀਜੇ ਦਾ ਬਦਲਾ ਲੈਣ ਵਾਸਤੇ ਆ ਰਿਹਾ ਹੈ ਤੁਹਾਡੇ ਕੋਲ। ਗੁਰਸਿੱਖ ਇਕੱਠੇ ਹੋ ਗਏ ਕਹਿਣ ਲੱਗੇ, ਪਾਤਸ਼ਾਹ! ਬੜਾ ਜ਼ਾਲਮ ਹੈ, ਤੇ ਅਸੀਂ ਇਹ ਵਿਚਾਰ ਕਰਦੇ ਹਾਂ ਕਿ ਆਪਣੀ ਚਿੱਠੀ ਲਿਖ ਕੇ ਆਪਣੀ ਪੁਜ਼ੀਸ਼ਨ ਸਾਫ ਕਰੀਏ ਜਾਂ ਸੱਚੇ ਪਾਤਸ਼ਾਹ ਕੋਈ ਸ੍ਰੇਸ਼ਟ ਪੁਰਸ਼ ਇਲਾਕੇ ਦੇ ਮੁਖੀ ਭੇਜ ਦੇਈਏ ਤੇ ਜਾਂ ਫੇਰ ਹੁਕਮ ਦਿਓ ਕਿ ਅਸੀਂ ਵੀ ਕੋਈ ਹਥਿਆਰ ਚੁੱਕੀਏ। ਐਉਂ ਤਾਂ ਮਰਨਾ ਫੇਰ ਔਖਾ ਹੈ। ਮਹਾਰਾਜ ਜੀ ਕਹਿੰਦੇ, ਤੁਸੀਂ ਪ੍ਰੇਮੀਓਂ! ਭਰੋਸਾ ਰੱਖੋ ਵਾਹਿਗੁਰੂ 'ਤੇ। ਕਹਿੰਦੇ ਆਪਾਂ ਵਾਹਿਗੁਰੂ-ਵਾਹਿਗੁਰੂ ਕਰੋ, ਆਪੇ ਹੀ ਉਹ ਮਾਲਕ ਹੈ। ਚਲਿਆ ਆਉਂਦਾ ਹੈ, ਆ ਕੇ ਪ੍ਰਿਥੀਚੰਦ ਦੇ ਕੋਲ ਆ ਗਿਆ। ਉਹਨੇ ਨਵੇਂ ਆਵੇ ਪਾਏ ਸੀ ਕਿਉਂਕਿ ਉਹਨੇ ਰੀਸ ਕਰੀ ਕਿ ਹਰਿਮੰਦਰ ਸਾਹਿਬ ਵਰਗਾ, ਮੈਂ ਬਣਾ ਲੈਂਦਾ ਹਾਂ, ਆਪੇ ਇਥੇ ਲੋਕ ਆਉਣਗੇ। ਉਹੋ ਜਿਹਾ ਹੀ ਮੰਦਰ, ਰਚਣਾ ਸ਼ੁਰੂ ਕਰ ਦਿਤਾ। ਆਵੇ ਪਕਾਉਣ ਲੱਗਿਆ ਹੋਇਆ ਹੈ, ਉਥੇ ਲੈ ਗਿਆ, ਉਥੇ ਜ਼ਮੀਨ ਦਿਖਾਉਂਦਾ, ਹੋਰ ਆਪਣਾ ਕਾਰੋਬਾਰ ਦਿਖਾਉਂਦਾ-ਦਿਖਾਉਂਦਾ ਜਦੋਂ ਆਵਿਆਂ ਦੇ ਕੋਲ ਗਿਆ, ਐਸਾ ਘੋੜਾ ਡਰਿਆ, ਇਕ ਪੰਛੀ ਜਾਨਵਰ ਅਚਾਨਕ ਉਡ ਪਿਆ, ਘੋੜਾ ਅਲਪ ਹੋ ਗਿਆ, ਦੌੜ ਕੇ ਜਾ ਕੇ ਆਵੇ ਵਿਚ ਛਾਲ ਮਾਰੀ। ਮਾਰਦੇ ਹੀ ਛਾਲ ਘੋੜਾ ਗਿਰ ਗਿਆ ਤੇ ਇਹ ਵੀ ਗਿਰ ਗਿਆ, ਉਥੇ ਹੀ ਭਸਮ ਹੋ ਗਿਆ। ਮਹਾਰਾਜ ਜੀ ਦੇ ਕੋਲ ਖਬਰ ਆਈ। ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓਂ, ਤੁਸੀਂ ਪ੍ਰਭੂ ਦਾ ਧਿਆਨ ਕਰੋ, ਉਹ ਰਾਖਾ ਬਣ ਜਾਇਆ ਕਰਦਾ ਹੈ -

***ਧਾਰਨਾ - ਬੁਰਾ ਚਿਤਵਦਾ ਨਾਪਾਕ ਹੋ ਕੇ ਮਰੇਂਗਾ,***

***ਰੱਖਿਆ ਨਰਾਇਣ ਨ ਕਰੀ।***

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ॥* *ਅੰਗ - ੮੨੫*

ਧੱਕਾ ਦੇ ਦਿਤਾ ਜਿਹਨੇ ਸੰਸਾਰ ਰਚਿਆ ਹੈ।

ਮਹਾਰਾਜ ਕਹਿੰਦੇ, ਆ ਨਹੀਂ ਸਕਦਾ ਪ੍ਰੇਮੀਓ! ਘਬਰਾਓ ਨਾ। ਸੋ ਇਸ ਤਰ੍ਹਾਂ ਦੇ ਨਾਲ ਬੜੀਆਂ ਵਿਉਂਤਾਂ, ਬੜੀਆਂ ਗੁੰਦਾਂ ਗੁੰਦੀਆਂ ਗਈਆਂ। ਅਖੀਰ ਕਿੰਨੇ ਹੀ ਦੁਸ਼ਮਣ ਹੋ ਗਏ। ਜਹਾਂਗੀਰ ਵੀ ਦੁਸ਼ਮਣ ਹੋ ਗਿਆ ਕਿ ਐਸਾ ਧਰਮ ਹੋ ਗਿਆ ਕਿ ਮੁਸਲਮਾਨ ਵੀ ਜਾ ਜਾ ਕੇ ਸਿੱਖ ਬਣੀ ਜਾਂਦੇ, ਹਿੰਦੂ ਵੀ ਬਣੀ ਜਾਂਦੇ ਨੇ, ਬੇਅੰਤ ਦੁਨੀਆਂ ਇਨ੍ਹਾਂ ਦੇ ਪਿੱਛੇ ਲਗ ਗਈ। ਭੜਕਾ ਦਿਤਾ ਗਿਆ ਕਿ ਬਾਦਸ਼ਾਹ ਸਲਾਮਤ! ਜੇ ਹੁਣ ਕੋਈ ਬੰਦੋਬਸਤ ਨਾ ਕਰਿਆ ਗਿਆ, ਇਹ ਤਾਂ ਸਾਰਾ ਦੇਸ਼ ਇਹਦੇ ਪਿੱਛੇ ਲੱਗ ਜਾਏਗਾ। ਰਾਜ ਲੈ ਲਏਗਾ। ਕੰਨ ਕੱਚੇ ਹੁੰਦੇ ਨੇ ਰਾਜਿਆਂ ਦੇ। ਮੁਲਾਣਿਆਂ ਨੇ ਭੜਕਾਇਆ, ਪੰਡਤਾਂ ਨੇ ਭੜਕਾਇਆ। ਅਖੀਰ ਜਹਾਂਗੀਰ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ। ਪਿਛੇ-ਪਿਛੇ ਜਹਾਂਗੀਰ ਹੋ ਗਿਆ ਤੇ ਹੁਕਮ ਦੇ ਦਿਤਾ ਕਿ ਇਹਦੀ ਕੋਈ ਮਦਦ ਨਾ ਕਰੇ। ਜੋ ਕਰੇਗਾ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ। ਇਹ ਬਿਆਸਾ ਦੇ ਪੱਤਣ 'ਤੇ ਆ ਗਿਆ। ਓਸ ਵੇਲੇ ਗੁਰੂ ਮਹਾਰਾਜ ਗੋਇੰਦਵਾਲ ਕਹੇ ਜਾਂਦੇ ਨੇ, ਲੇਕਿਨ ਆਪ ਉਥੇ ਨਹੀਂ ਸੀਗੇ। ਗੱਲ ਬਣਾਈ ਸਾਰੀ ਗੁਰੂ ਮਹਾਰਾਜ ਉਥੇ ਨੇ, ਲੰਗਰ 'ਚੋਂ ਪ੍ਰਸ਼ਾਦਾ ਛਕਾਇਆ, ਉਹਦੀ ਮਦਦ ਕਰੀ, ਪੰਜ ਹਜ਼ਾਰ ਰੁਪਿਆ ਦਿਤਾ। ਮੱਥੇ 'ਤੇ ਟਿਕਾ ਲਾਇਆ। ਪਹਿਲਾਂ ਤਾਂ ਗੁਰੂ ਕਿਸੇ ਦੇ ਮੱਥੇ ਤੇ ਟਿੱਕਾ ਲਾਉਂਦੇ ਹੀ ਨਹੀਂ ਸੀ। ਕਿੱਡਾ ਹੀ ਵੱਡਾ ਕਿਉਂ ਨਾ ਆਵੇ। ਅਕਬਰ ਦੇ ਨਹੀਂ ਲਾਇਆ। ਹਮਾਯੂੰ ਆਇਆ, ਬਾਬਰ ਆਇਆ, ਕਿਸੇ ਦੇ ਨਹੀਂ ਲਾਇਆ, ਸੋ ਇਹ ਗੱਲਾਂ ਬਣਾ ਕੇ ਭੜਕਾ ਦਿਤਾ ਗਿਆ। ਚੰਦੂ ਨਾਲ ਚਲਿਆ ਆ ਰਿਹਾ ਹੈ ਕਹਿਣ ਲੱਗਿਆ ਮਹਾਰਾਜ, ਐਸ ਵੇਲੇ ਜੇ ਖਤਰਾ ਆਪ ਦੇ ਰਾਜ ਨੂੰ ਹੈ ਤਾਂ ਕੇਵਲ ਅਰਜਨ ਦੇਵ ਜੀ ਤੋਂ ਹੈ ਜੋ ਗੁਰੂ ਕਹਾਉਂਦੇ ਨੇ ਆਪਣੇ ਆਪ ਨੂੰ। ਉਨ੍ਹਾਂ ਦਾ ਭਰਾ ਵਿਲਕਦਾ ਫਿਰਦਾ ਹੈ। ਉਹ ਮੇਰੇ ਕੋਲ ਕਿੰਨੀ ਵਾਰੀ ਆਇਆ ਹੈ ਤੁਹਾਡੇ ਉਸਨੂੰ ਪੇਸ਼ ਕਰਾਂ। ਲੇਕਿਨ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ। ਬੀਬੀ ਕਰਮੋਂ ਨੇ ਆਪਣੇ ਪੁੱਤਰ ਮਿਹਰਵਾਨ ਨੂੰ ਬੁਲਾਇਆ, ਕਹਿੰਦੀ ਮਿਹਰਵਾਨ ਹੁਣ ਤੂੰ ਚੁੱਪ ਕਰਕੇ ਬਹਿ ਜਾ। ਦੇਖਿਆ ਨਹੀਂ ਤੂੰ, ਕਿੰਨੀ ਸ਼ਕਤੀ ਹੈ ਉਨ੍ਹਾਂ 'ਚ, ਕਿੰਨੇ ਵਾਰ ਤੇਰੇ ਪਿਤਾ ਜੀ ਨੇ ਕਰੇ। ਸਪੇਰਾ ਮਰਿਆ, ਦਾਈ ਮਰੀ, ਬ੍ਰਾਹਮਣ ਮਰਿਆ, ਸੁਲਹੀ ਖਾਂ ਮਰਿਆ, ਸੁਲਭੀ ਖਾਂ ਮਰਿਆ, ਹੋਰ ਵੀ ਜਿਹੜਾ ਗਿਆ ਮਰਿਆ ਹੀ ਹੈ। ਤੇਰਾ ਪਿਤਾ ਰੋਜ਼ ਚਿਤਵੀ ਜਾਂਦਾ ਸੀ ਬੁਰਿਆਈ। ਕਹਿੰਦੇ, ਉਹ ਵੀ ਜਾ ਨਹੀਂ ਸਕਿਆ ਜਹਾਂਗੀਰ ਤਾਂਈ, ਰਾਹ 'ਚ ਹੀ ਮਰ ਗਿਆ। ਹੁਣ ਬੇਟਾ, ਜੋ ਕੁਛ ਆਪਣੇ ਕੋਲ ਹੈ ਇਹਦੇ 'ਤੇ ਸਬਰ ਕਰ। ਲੇਕਿਨ ਇਹ ਚੰਦੂ ਨੂੰ ਅੱਗ ਲੱਗੀ ਹੋਈ ਸੀ ਕਿ ਮੇਰੀ ਲੜਕੀ ਦਾ ਸਾਕ ਨਹੀਂ ਲਿਆ, ਮੇਰੀ ਲੜਕੀ ਕੁਆਰੀ ਰਹਿ ਜਾਏਗੀ।

ਸੋ ਜਦੋਂ ਜਹਾਂਗੀਰ ਲਾਹੌਰ ਆ ਗਿਆ, ਖੁਸਰੋ ਵੀ ਫੜਿਆ ਗਿਆ ਸੀ, ਸਾਥੀ ਜਿਹੜੇ ਜਰਨੈਲ ਸੀ ਉਨ੍ਹਾਂ ਨੂੰ ਗਊ ਦੀ ਖੱਲ੍ਹ ਵਿਚ ਮੜ੍ਹਾ ਕੇ ਧੁੱਪੇ ਰੱਖ ਦਿਤਾ, ਸੁੱਕ ਗਈਆਂ ਖੱਲ੍ਹਾਂ ਵਿਚ ਹੀ ਮਰ ਗਏ। ਇਹਨੂੰ ਵੀ ਕਤਲ ਕਰ ਦਿਤਾ ਗਿਆ, 700 ਬੰਦੇ ਨੂੰ ਸੂਲੀ ਚਾੜ੍ਹ ਦਿਤਾ ਗਿਆ। ਜਦੋਂ ਉਹ ਚੀਕਾਂ ਮਾਰਦੇ ਸੀ ਜਹਾਂਗੀਰ ਖੜ੍ਹਾ ਦੇਖਦਾ ਸੀ ਕਹਿੰਦਾ ਹੁਣ ਬੁਲਾਓ ਆਪਣੇ ਹਮਾਇਤੀ ਨੂੰ। ਮੇਖਾਂ ਗੱਡਦੇ ਸੀ ਹੱਥਾਂ ਪੈਰਾਂ 'ਚ। ਸੋ ਇਸ ਤਰ੍ਹਾਂ ਦੀਆਂ ਭਿਆਨਕ ਸਜਾਵਾਂ ਦੇ ਕੇ ਤੇਰ੍ਹਾਂ ਦਿਨ ਲੰਘ ਗਏ। ਇਨ੍ਹਾਂ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਦਾ ਤਾਂ ਕਦੇ ਨਾਉਂ ਹੀ ਨਹੀਂ ਲਿਆ। ਬੜੀਆਂ ਗੱਲਾਂ ਕਰੀਆਂ। ਅਖੀਰ ਕਹਿਣ ਲੱਗੇ, ਬਾਦਸ਼ਾਹ ਸਲਾਮਤ! ਅਸਲੀ ਬੰਦਾ ਤਾਂ ਰਹਿ ਹੀ ਗਿਆ ਤੇ ਉਹ ਹੈ ਅੰਮ੍ਰਿਤਸਰ ਦੇ ਅੰਦਰ, ਰਾਮਦਾਸਪੁਰੇ ਦੇ ਅੰਦਰ, ਅਰਜਨ ਮੱਲ ਉਸਨੂੰ ਆਖਦੇ ਨੇ, ਸਿੱਖਾਂ ਦਾ ਗੁਰੂ ਬਣਿਆ ਬੈਠਾ ਹੈ। ਬੜੀਆਂ ਲੂੱਤੀਆਂ ਲਾਈਆਂ, ਅਖੀਰ ਓਸਨੇ ਸਿਪਾਹੀ ਭੇਜ ਦਿਤੇ ਕਿ ਜਾ ਕੇ ਲੈ ਕੇ ਆਓ। ਮਹਾਰਾਜ ਜੀ ਦੇ ਪਾਸ ਪਹੁੰਚ ਜਾਂਦੇ ਨੇ ਤੇ ਮਹਾਰਾਜ ਜੀ ਨੇ ਦੇਖ ਲਿਆ ਤੇ ਆਪਣਾ ਸਮਾਂ ਵਿਚਾਰ ਲਿਆ। ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਕਹਿਣ ਲੱਗੇ ਅਸੀਂ ਤਾਂ ਹੁਣ ਲਾਹੌਰ ਜਾਣ ਦੀ ਤਿਆਰੀ ਕਰਨੀ ਹੈ ਤੇ ਤੁਸੀਂ ਹਰਿਗੋਬਿੰਦ ਸਾਹਿਬ ਨੂੰ ਲੈ ਆਇਓ, ਤਿਲਕ ਦੇ ਦਿਓ ਬਾਬਾ ਜੀ, ਗੁਰਿਆਈ ਅਸੀਂ ਇਨ੍ਹਾਂ ਨੂੰ ਸੌਂਪਦੇ ਹਾਂ ਤੇ ਹੁਣ ਤੁਹਾਡੇ ਤੱਕ ਗੱਲ ਹੈ ਕਿ ਅਕਾਲਪੁਰਖ ਨੂੰ ਭਾਉਂਦਾ ਨਹੀਂ ਕਿ ਅਸੀਂ ਫੇਰ ਵਾਪਸ ਆਈਏ।

ਸੋ ਸੰਗਤ ਬੇਅੰਤ ਇਕੱਠੀ ਹੋ ਗਈ ਗੱਲ ਸੁਣ ਕੇ। ਜਾਣ ਨਹੀਂ ਦੇਣਾ ਚਾਹੁੰਦੇ। ਸੋ ਮਹਾਰਾਜ ਬਚਨ ਕਰਦੇ ਨੇ ਕਿ ਪ੍ਰੇਮੀਓਂ! ਦੇਖੋ ਗੁਰੂ ਦੇ ਭਾਣੇ ਵਿਚ ਰਹੀਦਾ ਹੁੰਦਾ ਹੈ -

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥* *ਅੰਗ - ੬੦੧*

ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਭਾਣੇ ਵਿਚ ਆਵੇ ਜੀ,***
***ਉਹ ਹੀ ਸਿੱਖ ਹੈ ਮੇਰਾ।***

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥*
*ਆਪਣੈ ਭਾਣੈ ਜੋ ਚਲੈ ਭਾਈ*

*ਵਿਛੁੜਿ ਚੋਟਾ ਖਾਵੈ ॥* *ਅੰਗ - ੬੦੧*

ਭਾਣਾ ਮੰਨੋ ਪਿਆਰਿਓ, ਭਾਣਾ ਮੰਨੋ ਵਾਹਿਗੁਰੂ ਦਾ। ਜਿਵੇਂ ਵਾਹਿਗੁਰੂ ਨੂੰ ਭਾਉਂਦਾ ਹੈ ਉਸੇ ਤਰ੍ਹਾਂ ਹੋਣਾ ਹੈ।

ਸੋ ਮਹਾਰਾਜ ਜੀ ਨੇ ਪਹਿਲੇ ਦਿਨ ਸਿੱਖ ਸੰਗਤਾਂ ਨੂੰ ਉਪਦੇਸ਼ ਦਿਤਾ, ਦਿਲਾਸਾ ਦਿਤਾ ਤੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਦੂਸਰੇ ਦਿਨ ਪਿੱਪਲੀ ਸਾਹਿਬ ਤੱਕ ਸਾਰੀ ਸੰਗਤ ਛੱਡਣ ਆਉਂਦੀ ਹੈ। ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਵੀ ਨੇ, ਆਪ ਨੇ ਚਰਨਾਂ 'ਤੇ ਨਮਸ਼ਕਾਰ ਕਰੀ, ਬਾਬਾ ਬੁੱਢਾ ਜੀ ਨੇ ਕਰੀ, ਭਾਈ ਗੁਰਦਾਸ ਜੀ ਨੇ ਕਰੀ। ਮਹਾਰਾਜ ਜੀ ਨੇ ਕਿਹਾ ਕਿ ਹਰਿਗੋਬਿੰਦ! ਆਹ ਬਾਬਾ ਜੀ ਦਾ ਸਤਿਕਾਰ ਰੱਖਿਓ। ਨੇਤਰਾਂ 'ਚ ਜਲ ਆ ਗਿਆ ਕਿ ਪਿਤਾ ਜੀ ਜਾ ਰਹੇ ਨੇ, ਹੁਣ ਕਿਵੇਂ ਹੋਏਗਾ? ਐਸ ਤਰ੍ਹਾਂ ਦਸਦੇ ਨੇ-

***ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ***
***ਨਦੀਆਂ ਦੇ ਵਹਿਣ ਵਿਛੜੇ।***

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਅੰਗ - ੪੩੯*

ਕਹਿਣ ਲੱਗੇ ਭਰੋਸਾ ਰੱਖਿਓ ਵਾਹਿਗੁਰੂ 'ਤੇ। ਉਪਦੇਸ਼ ਦਿਤੇ, ਬੜੀ ਦੂਰ ਜਾ ਕੇ ਆਪ ਨੇ ਫੇਰ ਪਿੱਛੇ ਮੁੜ ਕੇ ਦੇਖਿਆ ਪੰਜ ਸਿੰਘ ਨਾਲ ਲੈ ਲਏ, ਭਾਈ ਪ੍ਰਾਣਾ ਹੈ, ਭਾਈ ਜੇਠਾ ਹੈ, ਭਾਈ ਨਗਾਹਾ ਹੈ, ਭਾਈ ਬਿਧੀ ਚੰਦ ਤੇ ਇਕ ਹੋਰ ਗੁਰਸਿੱਖ ਹੈ ਤੇ ਆਪ ਲਾਹੌਰ ਦੇ ਰਸਤੇ ਪੈ ਗਏ। ਗੁਰਸਿੱਖ ਮੁੜ-ਮੁੜ ਦੇਖਦੇ ਜਾਂਦੇ ਨੇ। ਬੜਾ ਕੁਛ ਹੈ ਮਨ ਦੇ ਅੰਦਰ ਕਿ ਮਹਾਰਾਜ ਨੇ ਐਸੇ ਬਚਨ ਕਿਉਂ ਕਰ ਦਿਤੇ। ਅੱਗੇ ਵੀ ਜਾਂਦੇ ਨੇ, ਕਦੇ ਐਸਾ ਬਚਨ ਤਾਂ ਕਰਿਆ ਨਹੀਂ। ਸੋ ਅੱਜ ਧਰਮਸਾਲਾ ਨਹੀਂ ਗਏ, ਸਿੱਧੇ ਅਰਥਮੱਲ ਦੇ ਚਲੇ ਗਏ। ਉਥੇ ਜਾ ਕੇ ਉਹ ਇੰਤਜ਼ਾਰ ਕਰਦਾ ਹੈ ਤੇ ਕਹਿੰਦਾ ਹੈ ਮਹਾਰਾਜ ਸੱਚੇ ਪਾਤਸ਼ਾਹ, ਤੁਸੀਂ ਤਾਂ ਅੰਤਰਜਾਮੀ ਹੋ, ਘਟ-ਘਟ ਦੇ ਜਾਨਣਹਾਰ, ਮੈਂ ਤਾਂ ਕਈ ਦਿਨਾਂ ਤੋਂ ਦਿਨ ਰਾਤ ਆਪ ਦੀ ਯਾਦ ਵਿਚ ਮੱਛੀ ਵਾਂਗੂੰ ਤੜਫਦਾ ਹਾਂ। ਮਹਾਰਾਜ ਜੀ ਰਾਤ ਰਹੇ ਤੇ ਕਹਿਣ ਲੱਗੇ ਅਰਥਮੱਲ ਅਸੀਂ ਹੁਣ ਸਰੀਰ ਇਥੇ ਛੱਡ ਦੇਣਾ ਹੈ। ਕਹਿੰਦੇ, ਸੱਚੇ ਪਾਤਸ਼ਾਹ! ਐਸਾ ਭਾਣਾ ਵਰਤਾਉਣ ਆਏ ਓਂ? ਕਹਿੰਦੇ, ਹਾਂ। ਅਗੰਮ ਵਾਚ ਲਿਆ ਅਸੀਂ, ਸਾਨੂੰ ਸਰੀਰ ਇਥੇ ਛੱਡਣਾ ਪੈਣਾ ਹੈ। ਸੋ ਉਸ ਵੇਲੇ ਉਸ ਨੇ ਬੜੇ ਹੀ ਵੈਰਾਗ ਦੇ ਵਿਚ ਆ ਕੇ ਐਸ ਤਰ੍ਹਾਂ ਬੇਨਤੀ ਕੀਤੀ -

***ਧਾਰਨਾ - ਝੱਲਿਆਂ ਨਹੀਂ ਜਾਣਾ***
***ਸਤਿਗੁਰ ਤੇਰਾ ਵਿਛੋੜਾ।***

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥* *ਅੰਗ - ੮੩*

ਪਾਤਸ਼ਾਹ! ਕਿਵੇਂ ਜੀਉਂਦਾ ਰਹਾਂਗਾ। ਮੈਂ ਨਹੀਂ ਜੀਉਂ ਸਕਦਾ ਪਾਤਸ਼ਾਹ। ਮਹਾਰਾਜ ਕਹਿੰਦੇ ਕੋਈ ਨਾ, ਅੱਜ ਤੋਂ 40 ਵੇਂ ਦਿਨ ਤੂੰ ਸਾਡੇ ਕੋਲ ਆ ਜਾਣਾ ਹੈ। 40 ਦਿਨ ਇੰਤਜ਼ਾਰ ਕਰ ਲਈਂ। ਅਸੀਂ ਵੀ ਇਥੇ ਚਾਰ ਪੰਜ ਦਿਨ ਰਹਿਣਾ ਹੈ। ਫੇਰ ਤਾਂ ਮਗਰੋਂ ਸਾਡੇ ਥੋੜ੍ਹੇ ਹੀ ਦਿਨ ਰਹਿ ਗਏ। ਐਉਂ ਨਾ ਕਰੀਂ, ਕਾਹਲੀ ਨਹੀਂ ਕਰੀਦੀ ਹੁੰਦੀ, ਸਮੇਂ ਸਿਰ ਜਿਹੜਾ ਫਲ ਪੱਕਦਾ ਹੈ ਉਹ ਮਿੱਠਾ ਹੁੰਦਾ ਹੈ, ਕੱਚਾ ਫਲ ਨਹੀਂ ਤੋੜੀਦਾ। ਭਾਣਾ ਮੰਨ ਪ੍ਰੇਮੀਆਂ।

ਸੋ ਉਸ ਵੇਲੇ ਮਹਾਰਾਜ ਜੀ ਦੂਸਰੇ ਦਿਨ ਦਰਬਾਰ ਵਿਚ ਬੁਲਾਏ ਜਾਂਦੇ ਨੇ, ਉਥੇ ਗਏ ਤਾਂ ਜਹਾਂਗੀਰ ਨੇ ਤਿੰਨ ਚਾਰ ਸਵਾਲ ਕਰੇ। ਕਹਿਣ ਲੱਗਿਆ, ਇਕ ਤਾਂ ਤੁਸੀਂ ਗ੍ਰੰਥ ਰਚਿਆ ਹੈ, ਉਹਦੇ ਵਿਚ ਹਿੰਦੂਆਂ ਦੀ, ਮੁਸਲਮਾਨਾਂ ਦੀ, ਪੈਗੰਬਰਾਂ ਦੀ ਨਖੇਧੀ ਕਰੀ ਹੈ। ਦੂਸਰੀ ਇਹ ਕਿ ਤੁਸੀਂ ਚੋਰ ਚਕਾਰ ਬਹੁਤ ਰੱਖਦੇ ਓਂ। ਤੀਸਰਾ ਇਹ ਹੈ ਕਿ ਤੁਸੀਂ ਬਾਗੀ ਨੂੰ ਮਦਦ ਦਿਤੀ। ਟਿੱਕਾ ਲਾਇਆ ਹੈ ਤੇ ਉਹਨੂੰ ਰੋਟੀ ਦਿਤੀ ਹੈ ਤੇ ਦੋ ਦਿਨ ਆਪਣੇ ਕੋਲ ਠਹਿਰਾਇਆ ਤੇ ਚੌਥੀ ਗੱਲ ਇਹ ਹੈ ਕਿ ਤੁਸੀਂ ਹਿੰਦੂ ਦੇ ਵੀ ਵੈਰੀ ਤੇ ਮੁਸਲਮਾਨ ਦੇ ਵੀ ਵੈਰੀ। ਮਹਾਰਾਜ ਕਹਿੰਦੇ, ਜਹਾਂਗੀਰ ਬਾਦਸ਼ਾਹ! ਗੁਰੂ ਨਾਨਕ ਦਾ ਘਰ ਦਾ ਕਿਸੇ ਦੋਖੀ ਨਹੀਂ ਹੈ, ਸਭ ਦਾ ਮਿੱਤਰ ਹੈ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ ੧ ॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥* *ਅੰਗ - ੧੩੫੦*

ਸਾਡਾ ਤਾਂ ਜੋ ਨਿਹਚਾ ਹੈ ਉਹ ਇਹ ਹੈ ਕਿ ਇਨਸਾਨ ਜਿਹੜਾ ਹੈ ਸਭ ਇਕ ਹੈ ਇਥੇ ਦੋ ਨਹੀਂ। ਨੇਕ ਅਮਲਾਂ ਵਾਲਾ ਜਿਹੜਾ ਹੈ ਉਹ ਪਾਰ ਹੋ ਜਾਂਦਾ ਹੈ, ਜਿਹੜਾ ਬਦ ਅਮਲ ਕਰਦਾ ਹੈ, ਉਹ ਕੁਫਰ ਕਰਦਾ ਹੈ ਤੇ ਉਹਨੂੰ ਦੋਜਕ ਵਿਚ ਜਾਣਾ ਪੈਂਦਾ ਹੈ। ਅੱਲਾਹ ਤਾਲਾ ਦੀ ਅਸੀਂ ਭਗਤੀ ਸਿਖਾਉਂਦੇ ਹਾਂ, ਪਿਆਰ ਸਿਖਾਲਦੇ, ਸਾਰੀ ਖਲਕਤ ਦੇ ਨਾਲ ਅਸੀਂ ਪਿਆਰ ਕਰਦੇ ਹਾਂ ਤੇ ਅਸੀਂ ਹਿਰਦੇ ਤੋਂ ਕਹਿੰਦੇ ਹਾਂ ਕਿ ਜਿੰਨੀ ਖਲਕਤ ਨਜ਼ਰ ਆਉਂਦੀ ਹੈ, ਦੁਨੀਆਂ ਨਜ਼ਰ ਆਉਂਦੀ ਹੈ, ਇਹ ਸਾਰੀ ਪ੍ਰਮੇਸ਼ਰ ਦਾ ਨੂਰ ਹੈ।

***ਧਾਰਨਾ - ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ।***

ਬਾਦਸ਼ਾਹ! ਗੁਰੂ ਨਾਨਕ ਮੱਤ ਹੈ ਕਿ ਸਾਰੀ ਸ੍ਰਿਸ਼ਟੀ ਅੱਲਾਹ ਦਾ ਨੂਰ ਹੈ, ਆਪਣੀ ਹੀ ਹੈ ਇਥੇ ਗੈਰ ਕੋਈ ਨਹੀਂ। ਸੋ ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਜੇ ਅਸੀਂ ਕਰਦੇ ਹਾਂ, ਨਮਾਜ਼ ਪੜ੍ਹਨ ਵਾਲੇ ਨੂੰ ਅਸੀਂ ਕਹਿੰਦੇ ਹਾਂ ਐਸੀ ਨਮਾਜ਼ ਪੜ੍ਹ, ਐਉਂ ਨਹੀਂ ਕਹਿੰਦੇ ਕਿ ਨਮਾਜ਼ ਨਾ ਪੜ੍ਹ।

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ*

*ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥* *ਅੰਗ - ੧੪੧*

ਅਸੀਂ ਤਾਂ ਇਹ ਦੱਸਦੇ ਹਾਂ ਕਿ ਮਨ ਨੂੰ ਇਕਾਗਰ ਕਰਕੇ ਨਮਾਜ਼ ਪੜ੍ਹ। ਇਸੇ ਤਰ੍ਹਾਂ ਹਿੰਦੂ ਨੂੰ ਕਹਿੰਦੇ ਹਾਂ ਕਿ ਜੇ ਤੀਰਥ ਜਾਂਦਾ ਹੈਂ ਤਾਂ –

*ਤੀਰਥਿ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ ॥* *ਅੰਗ - ੨*

ਪ੍ਰਮੇਸ਼ਰ ਨੂੰ ਭਾਅ ਜੇ ਤੀਰਥਾਂ ਤੇ ਇਸ਼ਨਾਨ ਕਰਨਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਕਿਸੇ ਨਾਲ ਕੋਈ ਵਿਰੋਧਤਾ ਨਹੀਂ ਕਰਦੇ। ਤੁਹਾਨੂੰ ਕਿਸੇ ਨੇ ਐਵੇਂ ਗੱਲਾਬਾਤਾਂ ਲਾਈਆਂ ਨੇ। ਬਹੁਤ ਵਾਰੀ ਪੁੱਛ-ਪੁੱਛਾਕਾ ਹੋ ਚੁਕਿਆ ਹੈ ਪਹਿਲਾਂ ਵੀ। ਰਿਪੋਰਟਾਂ ਤੁਹਾਡੇ ਦਫਤਰਾਂ 'ਚ ਨੇ। ਬਾਕੀ ਜਿਹੜਾ ਗ੍ਰੰਥ ਨੂੰ ਕਹਿੰਦੇ ਓਂ, ਉਹ ਤਾਂ ਆਪ ਜੀ ਦੇ ਪਿਤਾ ਜੀ ਨੇ ਚੰਗੀ ਤਰ੍ਹਾਂ ਗੁਰਦਾਸਪੁਰ ਇਥੇ ਬਟਾਲੇ ਦੇ ਪਾਸ, ਉਨ੍ਹਾਂ ਨੇ ਚੰਗੀ ਤਰ੍ਹਾਂ ਹੱਥ ਰੱਖ-ਰੱਖ ਕੇ ਸੁਣਿਆ ਹੈ। ਅਖੀਰ ਉਨ੍ਹਾਂ ਨੇ ਨਮਸਕਾਰ ਕਰੀ, ਸਿਰੋਪਾਉ ਭੇਟ ਕਰਿਆ, ਮੋਹਰਾਂ ਭੇਟ ਕਰੀਆਂ। ਉਸ ਵਿਚ ਤਾਂ ਕਿਸੇ ਨੂੰ ਬੁਰਾ ਨਹੀਂ ਲਿਖਿਆ। ਕਹਿੰਦਾ ਜੇ ਕਿਸੇ ਨੂੰ ਬੁਰਾ ਨਹੀਂ ਲਿਖਿਆ ਤਾਂ ਮੁਹੰਮਦ ਸਾਹਿਬ ਦੀ ਵਡਿਆਈ ਲਿਖ ਦਿਓ। ਮਹਾਰਾਜ ਜੀ ਨੇ ਕਿਹਾ ਕਿ ਇਹ ਕਿਸੇ ਦਾ ਆਪਣਾ ਨਹੀਂ ਹੈ, ਇਹ ਤਾਂ ਧੁਰ ਦਰਗਾਹ ਦਾ ਇਲਹਾਮ ਹੈ, ਜੈਸਾ ਇਲਹਾਮ ਆਇਆ ਉਹ ਲਿਖ ਦਿਤਾ। ਤੀਸਰਾ ਆਪ ਦੇ ਸਾਹਿਬਜ਼ਾਦੇ ਨੂੰ ਮਦਦ ਦੇਣ ਦਾ ਸਵਾਲ। ਅਸੀਂ ਤਾਂ ਉਥੇ ਹੈ ਹੀ ਨਹੀਂ ਸੀ, ਇਹ ਤੁਹਾਨੂੰ ਐਵੇਂ ਕਿਸੇ ਨੇ ਐਨੀ ਦੇਰ ਤੋਂ ਬਾਅਦ ਗੱਲ ਕਹਿ ਦਿਤੀ ਹੈ ਤੇ ਬਾਕੀ ਅਸੀਂ ਕਿਸੇ ਡਾਕੂ ਨੂੰ ਨਹੀਂ ਰੱਖਦੇ, ਸਾਡੇ ਕੋਲ ਤਾਂ ਸਾਰੇ ਸਾਧੂ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ, ਕਿਸੇ ਦਾ ਬੁਰਾ ਨਹੀਂ ਕਰਦੇ, ਸੰਸਾਰ ਦਾ ਭਲਾ ਕਰਦੇ ਨੇ। ਜਦੋਂ ਲਾਹੌਰ ਦੇ ਅੰਦਰ ਕਾਲ ਪਿਆ ਹੈ ਤਾਂ ਇਹ ਲੋਥਾਂ ਨਾਲ ਭਰ ਗਿਆ ਸੀ, ਇਹ ਸਾਡੇ ਹੀ ਗੁਰਸਿੱਖ ਸੀ ਜਿਹੜੇ ਲੋਥਾਂ ਨੂੰ ਚੁੱਕ-ਚੁੱਕ ਕੇ ਸਸਕਾਰ ਕਰਦੇ ਸੀ। ਦਬਾਉਣ ਵਾਲੇ ਨੂੰ ਦੱਬਦੇ ਸੀ। ਜਦੋਂ ਕਾਲ ਪਿਆ ਉਸ ਵੇਲੇ ਸਾਡੇ ਹੀ ਗੁਰਸਿੱਖ ਸੀ ਜਿਹੜੇ ਪਿੰਡਾਂ ਵਿਚ ਜਾ ਕੇ ਤਕੜੇ ਗੁਰਸਿੱਖ ਨੂੰ ਕਹਿੰਦੇ ਸੀ ਕਿ ਦਾਣੇ ਦੇ ਦੇ, ਮਾੜਿਆਂ ਨੂੰ ਕਹਿੰਦੇ ਸੀ ਦੇ ਦਿਓ, ਵੰਡ ਕੇ ਖਾ ਲਓ। ਮਰਨ ਤੋਂ ਬਚਾਏ, ਇਹਦੇ 'ਚ ਲਿਹਾਜ਼ ਨਹੀਂ ਕਰਿਆ, ਨਾ ਹਿੰਦੂ ਦਾ, ਨਾ ਮੁਸਲਮਾਨ ਦਾ, ਨਾ ਸਿੱਖ ਦਾ। ਸਾਰੀ ਜਨਤਾ ਨੂੰ ਅਸੀਂ ਇਕ ਨਜ਼ਰ ਨਾਲ ਦੇਖਦੇ ਹਾਂ। ਕਿਉਂਕਿ ਜਹਾਂਗੀਰ ਨੂੰ ਬਹੁਤ ਭਖਾਇਆ ਹੋਇਆ ਸੀ। ਇਸਨੇ ਕਿਹਾ ਕਿ ਮੈਂ ਨਹੀਂ ਜਾਣਦਾ, ਮੇਰੇ ਕੋਲ ਸਮਾਂ ਨਹੀਂ ਹੈ ਤਾਇਕੀਕਾਤ ਕਰਨ ਦਾ ਤੇ ਢਾਈ ਲੱਖ ਆਪ ਨੂੰ ਜ਼ੁਰਮਾਨਾ ਹੈ, ਇਹ ਭਰੋ, ਨਹੀਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲਓ। ਮਹਾਰਾਜ ਜੀ ਨੇ ਕਿਹਾ ਕਿ ਠੀਕ ਹੈ, ਮਾਰਨ, ਜੀਵਾਲਣ ਵਾਲਾ ਤਾਂ ਪ੍ਰਭੂ ਹੈ। ਜੇ ਉਹਨੂੰ ਭਾਉਂਦਾ ਹੈ ਤਾਂ ਮਾਰੇਗਾ, ਨਹੀਂ ਭਾਉਂਦਾ ਤਾਂ ਨਹੀਂ ਮਾਰੇਗਾ।

ਉਸ ਤੋਂ ਬਾਅਦ ਜਹਾਂਗੀਰ ਚਲਿਆ ਗਿਆ। ਚੰਦੂ ਕੋਲ ਸੀ, ਕਹਿਣ ਲੱਗਿਆ ਬਾਦਸ਼ਾਹ ਸਲਾਮਤ! ਜੇ ਆਗਿਆ ਹੋਵੇ ਤਾਂ ਮੈਂ ਦੋ ਚਾਰ ਦਿਨ ਠਹਿਰ ਜਾਵਾਂ, ਮੈਂ ਤੁਹਾਨੂੰ ਛੇਤੀ ਮਿਲਾਂਗਾ। ਜੁਰਮਾਨਾ ਏਸ ਨੇ ਐਸ ਤਰ੍ਹਾਂ ਨਹੀਂ ਦੇਣਾ। ਸਾਡੇ ਖਤਰੀ ਭਰਾ ਨੇ, ਅਸੀਂ ਜਾਣਦੇ ਹਾਂ ਕਿ ਪੈਸਾ ਕਿਵੇਂ ਕੱਢੀਦਾ ਹੁੰਦਾ ਹੈ। ਤੁਸੀਂ ਮੇਰੇ ਹਵਾਲੇ ਕਰ ਦਿਓ ਤੇ ਮੈਂ ਪੰਜ ਚਾਰ ਦਿਨ 'ਚ ਆਇਆ ਸਮਝੋ। ਛੁਟੀ ਮਿਲ ਗਈ ਏਸਨੂੰ ਤੇ ਨਾਲ ਹਵੇਲੀ ਸੀ ਜਿੱਥੇ ਜਾ ਕੇ ਮਹਾਰਾਜ ਜੀ ਨੂੰ ਕੈਦ ਕਰਕੇ, ਪੰਜਾਂ ਸਿੰਘਾਂ ਸਮੇਤ, ਪੰਜ ਸਿੰਘ ਜਿਹੜੇ ਸੀ ਉਹ ਕਮਰੇ 'ਚ ਬੰਦ ਕਰ ਦਿਤੇ ਤੇ ਮਹਾਰਾਜ ਜੀ ਨੂੰ ਲਿਜਾ ਕੇ ਥੱਲੇ ਬਿਠਾ ਦਿਤਾ। ਪ੍ਰਸੰਨ ਚਿੱਤ ਨੇ ਆਪ, ਕੋਈ ਦਿਲ ਦੇ ਅੰਦਰ ਸ਼ਿਕਵਾ ਨਹੀਂ। ਅਕਾਲ ਪੁਰਖ ਦਾ ਧੰਨਵਾਦ ਕਰਦੇ ਨੇ ਕਿ ਪਾਤਸ਼ਾਹ! ਜਿਥੇ ਬਿਠਾਉਂਦਾ ਹੈਂ, ਓਹੀ ਸਵਰਗ ਹੈ।

*ਜਹ ਬੈਸਾਲਹਿ ਤਹ ਬੈਸਾ ਸੁਆਮੀ*
*ਜਹ ਭੇਜਹਿ ਤਹ ਜਾਵਾ ॥*
*ਸਭ ਨਗਰੀ ਮਹਿ ਏਕੋ ਰਾਜਾ ॥*
*ਸਭੇ ਪਵਿਤੁ ਹਹਿ ਥਾਵਾ ॥* *ਅੰਗ - ੯੯੩*

ਤੇਰੀਆਂ ਥਾਵਾਂ ਸਾਰੀਆਂ ਹੀ ਪਵਿੱਤਰ ਨੇ, ਸੋ ਉਸ ਵੇਲੇ ਚੰਦੂ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ ਕਿ ਤੈਨੂੰ ਪਤਾ ਹੈ ਕਿ ਹੁਣ ਤੂੰ ਕੀਹਦੇ ਹੱਥ ਵਿਚ ਆ ਗਿਆ। ਅੱਜ ਤਾਈ ਤਾਂ ਬਚੀ ਗਿਆ। ਹੁਣ ਨਹੀਂ ਮੈਂ ਜਾਣ ਦੇਣਾ। ਹੁਣ ਤਾਂ ਜੇ ਛੁਟਣਾ ਹੈ ਤਾਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲੈ। ਮਹਾਰਾਜ ਕਹਿੰਦੇ ਕਿਉਂ ਐਸ ਤਰ੍ਹਾਂ ਦੇ ਡਰਾਵੇ ਦਿੰਦਾ ਹੈਂ। ਇਹ ਜਿਹੜੀ ਮੌਤ ਦਾ ਤੂੰ ਡਰਾਵਾ ਦਿੰਦਾ ਹੈ, ਸੰਤਾਂ ਵਾਸਤੇ ਮੌਤ ਕੋਈ ਚੀਜ਼ ਨਹੀਂ ਹੈ –

***ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥* *ਅੰਗ - ੧੩੬੫*
*ਕਬੀਰ ਸੰਤ ਮੁਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥* *ਅੰਗ - ੧੩੬੫*

ਕਹਿਣ ਲੱਗੇ, ਮੌਤ ਦੀ ਧਮਕੀ ਦੇ ਨਾਲ ਡਰਾਉਣਾ ਚਾਹੁੰਦਾ ਹੈਂ। ਮੌਤ ਹਿਆਤ ਹੈ ਤੂੰ ਜੋ ਕੁੱਛ ਕਰਨਾ ਹੈ ਕਰ ਲੈ। ਠੀਕ ਹੈ ਤੇਰੀ ਇਹ ਗੱਲ ਸਾਨੂੰ ਕੋਈ ਵੀ ਪ੍ਰਵਾਨ ਨਹੀਂ। ਨਾ ਰਿਸ਼ਤਾ ਲੈਣਾ ਹੈ ਕਿਉਂਕਿ ਤੂੰ ਉੱਚਾ ਬਣਿਆ ਸੀ। ਕਹਿੰਦਾ। ਤਲਮਿਲਾ ਗਿਆ, ਕਹਿਣ ਲੱਗਿਆ ਅਜੇ ਮੌਕਾ ਹੈ ਪਤਾ ਨਹੀਂ ਤੁਹਾਨੂੰ ਮੈਂ ਕੀ ਕਰ ਦੇਵਾਂ। ਸੋ ਉਸ ਵੇਲੇ ਹੁਕਮ ਕਰ ਦਿਤਾ ਕਿ ਨਾ ਇਨ੍ਹਾਂ ਨੂੰ ਪਾਣੀ ਦੇਣਾ ਹੈ, ਨਾ ਰੋਟੀ ਦੇਣੀ ਹੈ, ਨਾ ਬੈਠਣ ਦੇਣਾ ਹੈ। ਖੜ੍ਹੇ ਰੱਖਣਾ ਹੈ। ਜੇ ਕਹੇ ਪਾਣੀ ਲੈਣਾ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਪਾਣੀ ਦਾ ਗਿਲਾਸ ਦੇਣਾ ਹੈ। ਜੇ ਕਹਿਣ ਮੈਨੂੰ ਭੁੱਖ ਲੱਗੀ ਹੋਈ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਰੋਟੀ ਦਿਓ। ਜੇ ਕਹਿਣ ਕਿ ਮੈਂ ਲੇਟ ਜਾਵਾਂ ਤਾਂ ਇਕ ਲੱਖ ਰੁਪਿਆ ਲੇਟਣ ਦਾ। ਪੰਜੇ ਸਿੱਖ ਦੇਖਦੇ ਨੇ। ਬਹੁਤ ਕੁਛ

ਆਉਂਦਾ ਹੈ ਮਨ ਵਿਚ। ਸਾਰੀ ਰਾਤ ਮਹਾਰਾਜ ਜੀ ਨੇ ਤਕਲੀਫ ਦੀ ਕੱਟੀ। ਦੂਸਰੇ ਦਿਨ ਫੇਰ ਆ ਗਏ। ਫੇਰ ਆ ਕੇ ਕਹਿਣ ਲੱਗਿਆ ਕਿ ਕੁਛ ਸੋਚਿਆ। ਮਹਾਰਾਜ ਕਹਿੰਦੇ, ਕੀ ਸੋਚਣਾ ਸੀ, ਅਸੀਂ ਸੋਚੀ ਹੋਈ ਹੈ ਜਿਹੜੀ ਗੱਲ ਸੋਚਣੀ ਸੀ। ਤੈਨੂੰ ਇਕ ਵਾਰੀ ਕਹਿ ਦਿਤਾ ਬਾਰ-ਬਾਰ ਕੀ ਗੱਲਾਂ ਕਰੀ ਜਾਂਦਾ ਹੈ ਤੂੰ। ਡਰਦੇ ਨਹੀਂ ਹਨ ਆਪ।

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥* *ਅੰਗ - ੮੪*

ਡਰਦਾ ਸੰਸਾਰ ਹੁੰਦਾ ਹੈ, ਸਤਿਪੁਰਸ਼ਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ। ਕਿਉਂਕਿ ਨਿਰਭਉ ਦੀ ਪੂਜਾ ਕਰਕੇ ਨਿਰਭਉ ਹੋ ਗਏ ਹੁੰਦੇ ਨੇ। ਮੌਤ ਉਨ੍ਹਾਂ ਵਾਸਤੇ ਕੋਈ ਚੀਜ਼ ਨਹੀਂ ਹੁੰਦੀ, ਮਰਦਾ ਸੰਸਾਰ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ। ਉਹ ਤਾਂ ਸਦਾ-ਸਦਾ ਜੀਵਨ ਪ੍ਰਾਪਤ ਕਰਕੇ ਜੀਉਂਦੇ ਰਹਿੰਦੇ ਹਨ।

***ਧਾਰਨਾ - ਸਦਾ ਸਦਾ ਜਗ ਜੀਉਂਦੇ,***
***ਬ੍ਰਹਮਗਿਆਨੀ-ਬ੍ਰਹਮਗਿਆਨੀ***

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥* *ਅੰਗ - ੨੭੩*

ਮੌਤ ਦਾ ਡਰ ਕਿਸੇ ਹੋਰ ਨੂੰ ਦੇਈਂ। ਤੂੰ ਜਿਹੜਾ ਕੁਛ ਤੇਰੇ ਚਿੱਤ 'ਚ ਆਉਂਦਾ ਹੈ ਕਰ ਲੈ। ਬਾਰ-ਬਾਰ ਨਾ ਸਾਨੂੰ ਕਹਿ। ਕਹਿਣ ਲੱਗਿਆ, ਠੀਕ ਹੈ। ਉਸ ਵੇਲੇ ਦੇਗਾ ਮੰਗਾ ਲਿਆ ਵੱਡਾ। ਪਾਣੀ ਉਬਾਲਣਾ ਸ਼ੁਰੂ ਕਰ ਦਿਤਾ। ਜਦੋਂ ਉਬਾਲੇ ਖਾਂਦਾ ਹੈ ਤਾਂ ਕਹਿੰਦਾ ਦੇਖ ਲਓ ਇਹਦੇ ਵਿਚ ਉਬਾਲਾਂਗਾ, ਅਜੇ ਵੀ ਸੋਚ ਲਓ। ਮਹਾਰਾਜ ਜੀ ਕਹਿੰਦੇ ਜੋ ਕੁਛ ਕਰਨਾ ਹੈ ਕਰ ਲੈ।

ਕਹਿਣ ਲੱਗਿਆ ਕਿ ਇਹਦੇ 'ਚ ਬਹਿ ਜਾਓ। ਮਹਾਰਾਜ ਜੀ 'ਸਤਿ.......ਨਾਮ ਵਾਹਿਗੁਰੂ ਕਹਿ ਕੇ ਮੂਲ ਮੰਤ੍ਰ ਦਾ ਪਾਠ ਕਰਿਆ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਐਨਾ ਕਹਿ ਕੇ ਐਉਂ ਬੈਠ ਗਏ ਜਿਵੇਂ ਸੀਤਲ ਜਲ 'ਚ ਬੈਠਦੇ ਨੇ। ਅਸਮਾਨ ਕੰਬ ਗਿਆ ਸਾਰਾ। ਸਾਧਸੰਗਤ ਜੀ। ਦੇਵੀ ਦੇਵਤੇ ਹਾਜ਼ਰ ਹੋ ਗਏ, ਪਾਤਸ਼ਾਹ! ਐਡੇ ਸਮਰੱਥ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਦੇ ਨਾਲ ਖਤਮ ਕਰ ਦਿਓ ਤੇ ਤੁਸੀਂ ਆਪ ਐਨੀਆਂ ਤਕਲੀਫਾਂ ਸਹਿ ਰਹੇ ਓਂ। ਕ੍ਰਿਪਾ ਕਰੋ। ਇਹ ਸਬਰ ਹੁੰਦਾ ਹੈ ਸਾਧਸੰਗਤ ਜੀ, ਜਿਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਰੁੱਖਾਂ ਵਰਗਾ ਜੇਰਾ***
***ਪਿਆਰੇ ਲੋੜੀਦੈ ਦਰਵੇਸਾਂ ਨੂੰ।***

*ਫਰੀਦਾ ਸਾਹਿਬ ਕੀ ਕਰਿ ਚਾਕਰੀ*
*ਦਿਲ ਹੀ ਲਾਹਿ ਭਰਾਂਦਿ ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥* *ਅੰਗ - ੧੩੮੧*

ਰੁੱਖਾਂ ਦੇ ਕੋਈ ਟਾਹਣੇ ਕੱਟੀ ਜਾਂਦਾ ਹੈ, ਕੋਈ ਇੱਟਾਂ ਮਾਰੀ ਜਾਂਦਾ ਹੈ, ਪਰ ਫੇਰ ਵੀ ਫਲ ਸਿੱਟ ਦਿੰਦੇ ਨੇ। ਐਹੋ ਜਿਹਾ ਜਿਗਰਾ ਕਹਿੰਦੇ ਦਰਵੇਸ ਨੂੰ ਚਾਹੀਦਾ ਹੈ। ਕਿਉਂਕਿ ਸਬਰ ਤੋਂ ਬਿਨਾਂ ਦਰਵੇਸ ਦਾ ਕੰਮ ਨਹੀਂ ਚਲਿਆ ਕਰਦਾ।

ਸੋ ਓਧਰਲੇ ਪਾਸੇ ਭਾਈ ਪ੍ਰਾਣਾ, ਦੇਖ ਰਿਹਾ ਹੈ ਕਿ ਸੱਚੇ ਪਾਤਸ਼ਾਹ! ਹੁਕਮ ਦਿਓ, ਦੋਵੇਂ ਬਾਹਾਂ ਚੁੱਕ ਲਈਆਂ ਕਿ ਲਾਹੌਰ ਤੇ ਦਿੱਲੀ ਗਰਕ ਕਰ ਦਿੰਦਾ ਹਾਂ। ਮਹਾਰਾਜ ਜੀ ਕਹਿੰਦੇ, ਭਾਈ ਪ੍ਰਾਣਾ ਆਹ ਸ਼ਕਤੀ ਨੂੰ ਜਰ, ਕਿੱਥੋਂ ਮਿਲੀ ਹੈ ਤੈਨੂੰ? ਸਾਧਸੰਗਤ ਜੀ ਸੇਵਾ 'ਚੋਂ ਮਿਲੀ ਹੈ, ਗੁਰੂਆਂ ਦੀ ਸੇਵਾ 'ਚੋਂ ਮਿਲੀ ਹੈ। ਜਿਹਨੂੰ ਤੂੰ ਕਹਿ ਰਿਹਾ ਹੈਂ ਉਹਦੇ ਵਿਚ ਕਿੰਨੀ ਕੁ ਸ਼ਕਤੀ ਹੋਵੇਗੀ ਇਹ ਸੋਚ। ਜਰ, ਜਰਨਾ ਹੀ ਵੱਡੀ ਸ਼ਕਤੀ ਹੈ।

ਭਾਈ ਪ੍ਰਾਣਾ ਕਹਿਣ ਲੱਗਿਆ, ਪਾਤਸ਼ਾਹ! ਮੈਂ ਸਹਿ ਨਹੀਂ ਸਕਦਾ। ਮੇਰੇ ਤੋਂ ਦੇਖ ਨਹੀਂ ਹੁੰਦਾ, ਤੁਸੀਂ ਐਸਾ ਭਾਣਾ ਕਿਉਂ ਵਰਤਾ ਰਹੇ ਹਓਂ। ਕਹਿੰਦੇ ਭਾਈ ਪ੍ਰਾਣਾ! ਬਚਨ ਹੋਏ ਹੋਏ ਨੇ ਕਈ, ਅਸੀਂ ਉਹ ਪੂਰੇ ਕਰ ਰਹੇ ਹਾਂ। ਜਦੋਂ ਗੁਰਿਆਈ ਮੰਗੀ ਸੀ, ਮਾਤਾ ਜੀ ਨੇ ਕਿਹਾ ਸੀ ਕਿ ਘਰ 'ਚ ਰਹੇ, ਉਸ ਵੇਲੇ ਦਾਦਾ ਗੁਰੂ ਜੀ, ਗੁਰੂ ਅਮਰਦਾਸ ਜੀ ਨੇ ਕਿਹਾ ਸੀ ਕਿ ਚਲਦੀ ਰਾਉ ਜਿਹੜੀ ਹੈ ਤੁਸੀਂ ਰੋਕ ਲਈ, ਘਰ ਵਿਚ ਕਲੇਸ਼ ਤੇ ਕਸ਼ਟ ਆਏਗਾ, ਤੁਸੀਂ ਦੇਖੋਂਗੇ। ਫੇਰ ਉਹ ਹੋਣਾ ਹੀ ਹੈ।

ਹੋਰ ਵੀ ਕਈਆਂ ਥਾਵਾਂ ਤੇ ਬਾਬਾ ਸ੍ਰੀ ਚੰਦ ਜੀ ਨੇ ਭੇਜਿਆ ਭਾਈ ਕਮਲੀਏ ਨੂੰ, ਜਾਂ, ਗੁਰੂ ਅਰਜਨ ਸਾਹਿਬ ਨੂੰ ਕਹਿ ਕਿ ਅਸੀਂ ਹੁਣ ਪੰਜ ਸੌ ਰੁਪਈਏ ਨਹੀਂ ਲਿਆ ਕਰਾਂਗੇ, ਹਜ਼ਾਰ ਲਿਆ ਕਰਾਂਗੇ ਨਾਲ ਘੋੜਾ ਲਿਆ ਕਰਾਂਗਾ। ਮਹਾਰਾਜ ਜੀ ਕੋਲ ਆ ਕੇ ਕਿਹਾ ਕਿ ਪੰਜ ਸੌ ਰੁਪਿਆ ਨਹੀਂ ਹੁਣ ਹਜ਼ਾਰ ਰੁਪਿਆ ਦਿਆ ਕਰੋ। ਖਰਚੇ ਵਧ ਗਏ ਨੇ, ਨਾਲ ਇਕ ਘੋੜਾ ਦੇ ਦਿਓ। ਮਹਾਰਾਜ ਜੀ ਕਹਿੰਦੇ, ਹਜ਼ਾਰ ਰੁਪਿਆ ਵੀ ਤੇ ਘੋੜਾ ਵੀ ਮਿਲ ਜਾਏਗਾ। ਜਾ ਕੇ ਤੁਸੀਂ ਪ੍ਰਸ਼ਾਦਾ ਛਕੋ। ਬੈਠੋ, ਕਹਿੰਦੇ ਮੈਨੂੰ ਬੈਠਣ ਦਾ ਹੁਕਮ ਨਹੀਂ ਹੈ, ਖੜ੍ਹਾ ਹੀ ਰਹਿਣਾ ਹੈ ਖੜ੍ਹ ਕੇ ਲੈ ਕੇ ਜਾਵਾਂਗਾ। ਮਹਾਰਾਜ ਜੀ ਕਹਿੰਦੇ ਕੋਈ ਨਾ ਪ੍ਰਸ਼ਾਦਾ ਛਕ ਲਓ। ਉਥੇ ਮਾਤਾ ਗੰਗਾ ਜੀ ਲੰਗਰ ਵਰਤਾ ਰਹੇ ਨੇ। ਭੀੜ ਹੈ ਥੋੜ੍ਹੀ, ਭਾਈ ਕਮਲੀਏ ਨੇ ਕਿਹਾ ਮਾਤਾ ਜੀ! ਮੈਨੂੰ ਪ੍ਰਸ਼ਾਦਾ ਦਿਓ। ਕਹਿੰਦੇ, ਤੂੰ ਬੈਠ ਜਾ। ਕਹਿੰਦਾ, ਬੈਠਣ ਦਾ ਹੁਕਮ ਨਹੀਂ, ਕੋਲ ਦੀ ਲੰਘ ਗਏ। ਦੂਜੀ ਵਾਰ ਫੇਰ ਆਏ ਕੋਲ ਦੀ, ਇਸਨੇ ਫੇਰ ਕਿਹਾ ਕਿ ਮੈਨੂੰ ਪ੍ਰਸ਼ਾਦਾ ਦੇ ਦਿਓ ਤੇ ਮੈਨੂੰ ਬੈਠਣ ਦਾ ਹੁਕਮ ਨਹੀਂ। ਨਾਲ ਪ੍ਰਸ਼ਾਦੇ ਦੇ ਦਿਤੇ, ਹਜ਼ਾਰ ਰੁਪਿਆ ਤੇ ਘੋੜਾ ਦੇ ਕੇ ਮਹਾਰਾਜ ਜੀ ਨੇ ਜਦੋਂ ਸੇਵਾਦਾਰ ਨਾਲ ਭੇਜ ਦਿਤਾ। ਤਾਂ ਬਾਬਾ ਸ੍ਰੀ ਚੰਦ ਜੀ ਉਦੋਂ ਬਾਠੀਂ ਰਹਿੰਦੇ ਸੀ, ਉਥੇ ਜਾ ਕੇ ਕਹਿੰਦੇ ਰੁਪਈਆ ਗਿਣ ਲਓ ਭਾਈ, ਖਜ਼ਾਨੇ ਦਾਖਲ ਕਰ ਲਓ। ਰੁਪਈਆ ਗਿਣ ਲਿਆ। ਪੁਛਿਆ ਕਿ ਭਾਈ ਕਮਲੀਆ! ਗੁਰੂ ਅਰਜਨ ਦੇ ਮੁਖ ਤੇ ਕੋਈ ਮਲਾਲ ਤਾਂ ਨਹੀਂ ਸੀ ਆਇਆ, ਜਦੋਂ ਤੂੰ ਕਿਹਾ ਸੀ? ਕਹਿੰਦਾ ਨਾ ਮਹਾਰਾਜ! ਉਹ ਤਾਂ ਖਿੜੇ ਰਹੇ। ਫੇਰ ਤੂੰ ਬੈਠਿਆ ਤਾਂ ਨਹੀਂ ਹੈ? ਕਹਿੰਦਾ, ਮਹਾਰਾਜ ਮੈਂ ਤਾਂ ਪ੍ਰਸ਼ਾਦਾ ਛਕਣ ਵੇਲੇ ਵੀ ਨਹੀਂ ਬੈਠਿਆ। ਮਾਤਾ

ਜੀ ਨੇ ਮੈਨੂੰ ਕਿਹਾ ਕਿ ਤੂੰ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਕਿਉਂ ਨਹੀਂ ਛਕਦਾ? ਇਹ ਗੱਲ ਕਹਿ ਦਿਤੀ ਉਨ੍ਹਾਂ ਨੇ, ਪ੍ਰਸ਼ਾਦਾ ਵੀ ਦੇ ਦਿਤਾ ਦੋ ਤਿੰਨ ਵਾਰੀ ਤੋਂ ਬਾਅਦ, ਤੇ ਨਾਲ ਇਹ ਕਹਿ ਦਿਤਾ ਕਿ ਐਉਂ ਪ੍ਰਸ਼ਾਦਾ ਮੰਗਦਾ ਹੈ ਜਿਵੇਂ ਅਹਦੀਏ ਮੰਗਦੇ ਹੁੰਦੇ ਨੇ। ਕਹਿੰਦੇ, ਇਹ ਤਾਂ ਹੁਣ ਪਤਾ ਨਹੀਂ ਗੁਰੂ ਘਰ 'ਚ ਹੁਣ ਵਾਰੰਟ ਹੀ ਆਇਆ ਕਰਨਗੇ। ਬਚਨ ਕਰ ਦਿਤਾ। ਮਹਾਰਾਜ ਕਹਿੰਦੇ, ਇਹ ਉਨ੍ਹਾਂ ਦਾ ਬਚਨ ਹੈ ਬਾਬਾ ਜੀ ਦਾ।

ਸੋ ਇਹ ਵੀ ਅਸੀਂ ਪੂਰਾ ਕਰਨਾ ਹੈ ਭਾਈ ਪ੍ਰਾਣੋ। ਗੁਰਸਿੱਖੋ, ਇਹ ਅਸੀਂ ਆਪਣੀ ਮੌਜ ਨਾਲ ਹੀ ਭਾਣਾ ਵਰਤਾ ਰਹੇ ਹਾਂ। ਨਹੀਂ, ਕਿਸੇ ਦੀ ਤਾਕਤ ਨਹੀਂ ਕਿ ਕੁਛ ਕਰ ਲਏ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੂੰ ਹੁਣ ਦੇਗੇ ਵਿਚੋਂ ਬਾਹਰ ਕੱਢ ਦਿਤਾ ਤੇ ਕਹਿ ਦਿਤਾ ਕਿ ਹੁਣ ਸੋਚ ਲਓ, ਕੱਲ੍ਹ ਨੂੰ ਇਸ ਤੋਂ ਵੀ ਸਖਤ ਸਜ਼ਾ ਮਿਲੇਗੀ। ਰਾਤ ਨੂੰ ਗੋਰਖ ਆ ਗਿਆ, ਸਾਰੇ ਸਿਪਾਹੀ ਸੁਲਾ ਦਿਤੇ। ਪਾਤਸ਼ਾਹ! ਐਡਾ ਵੱਡਾ ਭਾਣਾ ਵਰਤਾਉਣ ਲੱਗੇ ਓਂ, ਸੰਤਾਂ ਦੀ ਬੇਇਜ਼ਤੀ ਕਰਿਆ ਕਰੂੰ ਸੰਸਾਰ, ਤਾਕਤ ਕਿਉਂ ਨਹੀਂ ਵਰਤਦੇ? ਤੁਹਾਡੇ ਵਿਚ ਤਾਂ ਐਨੀ ਤਾਕਤ ਹੈ ਕਿ ਅੰਦਾਜ਼ਾ ਹੀ ਨਹੀਂ ਹੈ। ਸਭ ਪੀਰ, ਫਕੀਰ, ਦੇਵੀ, ਦੇਵਤਾ ਡਰਦੇ ਨੇ, ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਸ਼ਕਤੀ ਨਹੀਂ ਦਿਖਾਉਂਦੇ। ਕਹਿੰਦੇ, ਨਹੀਂ ਸ਼ਕਤੀ ਨਹੀਂ ਦਿਖਾਉਣੀ। ਕੁਦਰਤੀ ਤੌਰ ਤੇ ਹੁਕਮ ਹੀ ਮੇਰੇ ਵਾਸਤੇ ਐਹੋ ਜਿਹਾ ਹੈ। ਇਹ ਕੌਮ ਦੇ ਵਿਚ ਜ਼ਿੰਦਗੀ ਭਰਨੀ ਹੈ ਅਸੀਂ, injection (ਟੀਕਾ) ਲਾਉਣਾ ਹੈ ਅਸੀਂ, ਜੇ ਸ਼ਕਤੀਆਂ ਦਿਖਾ ਦੇਵਾਂਗੇ ਤਾਂ ਕੱਲ੍ਹ ਇਹਨੇ ਕੁਰਬਾਨੀ ਨਹੀਂ ਦੇਣੀ। ਸ਼ਕਤੀਆਂ ਗੁਰਸਿੱਖਾਂ ਵਿਚ ਨੇ, ਗੁਰਸਿੱਖਾਂ ਦੇ ਕੂਕਰਾਂ ਵਿਚ ਵੀ ਸ਼ਕਤੀਆਂ ਨੇ। ਸ਼ਕਤੀਆਂ ਦਾ ਘਾਟਾ ਹੈ ਗੁਰੂ ਘਰ ਦੇ ਵਿਚ? ਕਿੰਨੇ ਕੁ ਮਹਾਤਮਾ ਦੀ ਬੇਨਤੀ ਕਰੀਏ।

ਆਹ ਨਾਮਧਾਰੀ ਸੰਤ ਮੋਹਨ ਜੀ ਹੋਏ ਨੇ, ਗੁਰਦਾਸਪੁਰ ਖੜ੍ਹੇ ਸੀ। ਬਾਬਾ ਪ੍ਰਤਾਪ ਸਿੰਘ ਜੀ ਆਉਂਦੇ ਨੇ, ਕਹਿੰਦੇ ਮੈਨੂੰ ਭੈਣੀ ਸਾਹਿਬ ਲੈ ਚੱਲੋ। ਕਹਿੰਦੇ, ਥਾਉਂ ਨਹੀਂ ਹੈ ਸੰਤ ਜੀ। ਕਹਿੰਦੇ, ਚੰਗਾ। ਜਦੋਂ ਇਥੇ ਭੈਣੀ ਸਾਹਿਬ ਆਏ, ਤਿੰਨ ਘੰਟੇ ਹੋ ਗਏ ਦੀਵਾਨ ਲੱਗੇ ਨੂੰ। ਕਹਿੰਦੇ, ਇਹ ਕਦੋਂ ਆ ਗਿਆ, ਇਹ ਤਾਂ ਬੜੀ ਦੇਰ ਹੋ ਗਈ ਤਿੰਨ ਘੰਟੇ ਦਾ ਦੀਵਾਨ ਲਾਈਂ ਖੜ੍ਹਾ ਹੈ। ਬੁਲਾ ਲਿਆ, ਡੰਡੇ ਨਾਲ ਕੁੱਟਣ ਲੱਗ ਗਏ। ਕਹਿੰਦੇ, ਸਤਿਗੁਰੂ! ਤੁਸੀਂ ਮਾਰਦੇ ਕਿਉਂ ਹੋ? ਕਹਿੰਦੇ, ਤੇਰੀ ਸ਼ਕਤੀ ਲਾਉਂਦੇ ਹਾਂ। ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈਂ।

ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲੇ, ਮਸਤੂਆਣੇ ਤੋਂ ਕੋਈ ਸੰਗਤ ਦਿਆਲਪੁਰੇ ਗਈ, ਆਪ ਬਾਹਰ ਬੈਠੇ ਸੀ ਰੋਹੀ ਤੇ। ਕਹਿੰਦੇ, ਹੁਣ ਤੁਹਾਡੀ ਖਾਤਰ ਕੀ ਕਰੀਏ। ਸੇਵਾਦਾਰ ਜੋ ਗੜਵੱਈ ਸੀ ਉਹਨੂੰ ਕਹਿੰਦੇ ਐਉਂ ਕਰ, ਚਾਦਰ ਵਿਛਾ ਲੈ, ਆਹ ਟਾਹਣੇ ਨੂੰ ਹਲੂਣਾ ਦੇਹ, ਜਲੇਬੀਆਂ, ਬਰਫੀਆਂ, ਲੱਡੂ ਜੋ ਮਠਿਆਈ ਚਾਹੀਦੀ ਹੈ, ਝਾੜ ਲੈ। ਭਰ ਕੇ ਲਿਆਏ ਮਠਿਆਈ। ਸਾਰੀ ਸੰਗਤ ਨੂੰ ਛਕਾਈ ਬੜੇ ਪ੍ਰਸੰਨ ਹੋਏ। ਜਾ ਕੇ ਬਾਬਾ ਜੀ ਨੂੰ ਦੱਸਿਆ। ਬਾਬਾ ਜੀ ਨੇ ਪੁੱਛਿਆ ਕਿ ਤੁਹਾਡੀ ਸੇਵਾ ਹੋਈ। ਕਹਿੰਦੇ ਮਹਾਰਾਜ ਸੇਵਾ? ਇਕ ਦਰਖਤ ਦਾ ਟਾਹਣਾ ਹੀ ਹਿਲਾਈ ਗਏ ਨੇ, ਉਹਦੇ ਵਿਚੋਂ ਬਰਫੀਆਂ ਝੜ-ਝੜ ਕੇ, ਲੱਡੂ ਜਲੇਬੀਆਂ, ਬੇਅੰਤ ਕਿਸਮ ਦੀਆਂ ਮਠਿਆਈਆਂ ਝੜ ਰਹੀਆਂ ਸੀ। ਬਾਬਾ ਜੀ ਕੋਲ ਸੰਤ ਮਨੀ ਸਿੰਘ ਓਹਨੀਂ ਆਏ ਡੰਡੇ ਨਾਲ ਕੁੱਟਣ ਲੱਗ ਗਏ, ਕਹਿੰਦੇ ਤੂੰ ਸ਼ਕਤੀਆਂ ਦਿਖਾਉਣ ਲੱਗ ਗਿਆ, ਇਥੇ ਕਿਹੜਾ ਹੈ ਜਿਹਦੇ 'ਚ ਸ਼ਕਤੀ ਨਹੀਂ ਹੈ।

ਸੋ ਮਹਾਰਾਜ ਕਹਿੰਦੇ ਪ੍ਰੇਮੀਓ! ਸ਼ਕਤੀਆਂ ਨਾ ਦਿਖਾਓ। ਮਹਾਰਾਜ! ਸੰਤਾਂ ਦਾ ਲੋਕ ਨਿਰਾਦਰ ਕਰਿਆ ਕਰਨਗੇ, ਇਹ ਮੂਰਖ ਲੋਕ ਨੇ ਕਲਜੁਗ ਦੇ ਸਮਝਦੇ ਨਹੀਂ। ਮਹਾਰਾਜ ਕਹਿੰਦੇ, ਨਾ, ਅੱਗੇ ਨੂੰ ਜਿਹੜੇ ਸੰਤ ਆਉਣਗੇ, ਸਹਿ ਲਿਆ ਕਰਨਗੇ। ਜਰਨ ਦੀ ਸ਼ਕਤੀ ਦੇ ਦਿਤੀ।

ਦੂਸਰੇ ਦਿਨ ਤਵੀ ਗਰਮ ਕਰ ਲਈ, ਆਟਾ ਸੁੱਟਿਆ, ਜਦੋਂ ਜਲ ਗਿਆ, ਕਹਿੰਦੇ, ਇਹਦੇ ਉਤੇ ਬੈਠਣਾ ਪਵੇਗਾ, ਅਜੇ ਵੀ ਮੰਨ ਜਾਓ। ਕਹਿੰਦੇ, ਬੈਠੋ। ਮਹਾਰਾਜ ਉਠੇ, ਜਾ ਕੇ ਤਵੀ ਦੇ ਉਪਰ ਚੁੱਪ ਕਰਕੇ ਸਮਾਧੀ ਲਾ ਕੇ ਬੈਠ ਗਏ। ਚਿੜ-ਚਿੜ ਹੋ ਰਿਹਾ ਹੈ ਮਾਸ, ਉਸ ਵੇਲੇ ਮੀਆਂ ਮੀਰ ਆ ਪਹੁੰਚਿਆ, ਦੋਵੇਂ ਬਾਹਾਂ ਚੁੱਕ ਲਈਆਂ, ਪਾਤਸ਼ਾਹ! ਐਡਾ ਵੱਡਾ ਕਸ਼ਟ। ਆਪ ਨੇ ਕਿਹਾ, ਮੀਆਂ ਮੀਰ ਯਾਦ ਹੈ, ਜਿਸ ਦਿਨ ਜੀਵਨ ਮੁਕਤ ਪੁਰਸ਼ ਦੀ ਆਪ ਨੇ ਅਸਟਪਦੀ ਦੇ ਅਰਥ ਪੁੱਛੇ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - ੨੭੫*

ਸੋ ਸਮ ਅਵਸਥਾ 'ਚ ਰਹਿਣਾ, ਦੁੱਖ ਆ ਜਾਏ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥ ਅੰਗ - ੬੩੩*

ਸੋ ਤੁਸੀਂ ਨਾ ਦੁਖੀ ਹੋਵੇ, ਠੀਕ ਹੈ ਇਹ ਪ੍ਰਮੇਸ਼ਰ ਜੀ ਨੂੰ ਹੀ ਭਾਉਂਦਾ ਹੈ।

***ਧਾਰਨਾ - ਮਿੱਠਾ ਲੱਗੇ, ਮਿੱਠਾ ਲੱਗੇ, ਮਿੱਠਾ ਲਗਦੈ, ਤੇਰਾ ਕੀਆ ਵਾਹਿਗੁਰੂ ਮਿੱਠਾ ਲਗਦਾ।***

ਅਸੀਂ ਉਹਨੂੰ ਕਹਿੰਦੇ ਹਾਂ ਆਪਣੇ ਭਾਣੇ ਵਿਚ ਰੱਖ ਸਾਨੂੰ

ਸਦਾ ਹੀ। ਸੋ ਇਹ ਭਾਣੇ ਦੀ ਖੇਡ ਹੋ ਰਹੀ ਹੈ। ਭਾਣੇ ਦਾ ਸਬਕ ਅਸੀਂ ਆਪਣੇ ਉਤੇ ਲਿਆ ਕੇ ਆਉਣ ਵਾਲੇ ਜਿਹੜੇ ਗੁਰਸਿੱਖ ਨੇ ਉਨ੍ਹਾਂ ਨੂੰ ਸਿਖਾ ਰਹੇ ਹਾਂ। ਸੋ ਤੱਤੀ ਤਵੀ ਤੇ ਬਿਠਾ ਦਿੱਤੇ। ਚੌਥਾ ਦਿਨ ਹੋ ਗਿਆ ਤਾਂ ਆਪ ਨੂੰ ਹੋਰ ਇਸ ਤੋਂ ਵੀ ਵੱਧ ਕਸ਼ਟ ਦੇਣ ਵਾਸਤੇ, ਤਵੀ ਦੇ ਉਤੇ ਵੀ ਬਿਠਾ ਦਿਤਾ ਤੇ ਸੀਸ ਵਿਚ ਗਰਮ ਰੇਤਾ ਪਾਉਣਾ ਸ਼ੁਰੂ ਕਰ ਦਿਤਾ। ਹੱਦ ਹੋ ਗਈ, ਜ਼ੁਲਮ ਦੀ ਹੱਦ ਹੋ ਗਈ ਸਾਧਸੰਗਤ ਜੀ। ਸਾਰੇ ਦੇਵਤੇ -

***ਧਾਰਨਾ - ਚੰਦ ਸੂਰਜ ਆਕਾਸ਼ ਸਾਰੇ ਡੋਲ੍ਹ ਗਏ, ਡੋਲਿਆ ਨਾ ਚਿੱਤ ਪਾਪੀ ਦਾ।***

ਵੱਡੇ-ਵੱਡੇ ਮਹਾਂਪਾਪੀ ਸੀ ਉਹ ਵੀ ਡੋਲ ਗਏ ਕਿ ਐਡਾ ਪਾਪ ਇਹ ਕਿੱਥੇ ਥਾਂ ਪਏਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਬੋਲੇ ਹੀ ਨਹੀਂ, ਬੁਲਾਉਣ ਦਾ ਯਤਨ ਕੀਤਾ। ਅਗਲਾ ਦਿਨ ਆ ਗਿਆ, ਸੁਣਾ ਕੇ ਕਹਿਣ ਲੱਗਿਆ ਕਿ ਕੱਲ੍ਹ ਨੂੰ ਗਊ ਦੀਆਂ ਤਾਜ਼ੀਆਂ ਖੱਲ੍ਹਾਂ ਲੈ ਕੇ ਆਇਓ ਉਹਦੇ 'ਚ ਮੜ੍ਹ ਕੇ ਧੁੱਪੇ ਰੱਖਾਂਗੇ, ਫੇਰ ਦੇਖਾਂਗੇ ਕਿ ਬੋਲਦਾ ਹੈ ਕਿ ਨਹੀਂ। ਦੂਸਰਾ ਦਿਨ ਆਇਆ ਤੇ ਮਹਾਰਾਜ ਦੇ ਕੋਲ ਆਇਆ ਕਿ ਅਜੇ ਵੀ ਗੱਲ ਮੰਨ ਲਓ। ਮਹਾਰਾਜ ਕਹਿੰਦੇ, ਇਸ਼ਨਾਨ ਕਰਨਾ ਹੈ, ਪੰਜ ਦਿਨ ਹੋ ਗਏ ਸਾਨੂੰ ਇਸ਼ਨਾਨ ਕੀਤਿਆਂ। ਬਾਕੀ ਤੇਰੀ ਮੌਤ ਦਾ ਸਾਨੂੰ ਕੋਈ ਭਾਉ ਨਹੀਂ ਹੈ। ਖੁਸ਼ ਹੋ ਗਿਆ ਕਿ ਚਲੋ ਬੋਲੇ ਤਾਂ ਸਹੀ, ਹੁਣ ਲਗਦਾ ਹੈ ਮੰਨ ਜਾਣਗੇ।

ਕਈ ਤਾਂ ਇਹ ਕਹਿੰਦੇ ਨੇ ਕਿ ਰਾਵੀ ਦੇ ਵਿਚ ਲਿਜਾ ਕੇ ਗੋਤੇ ਦੇਣੇ ਨੇ। ਪਰ ਬਹੁਤਿਆਂ ਨੂੰ ਪਤਾ ਨਹੀਂ ਕਿ -

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਅੰਗ - ੯੩੨*

ਇਧਰ ਚੰਦੂ ਦੀ ਨੂੰਹ ਪਹਿਰੇਦਾਰਾਂ ਨੂੰ ਪੈਸੇ ਦੇ ਕੇ, ਕੁਛ ਖਾਣ ਨੂੰ ਕੋਲ ਹੈ ਕਿ ਮਹਾਰਾਜ! ਆਪ ਨੇ ਮੁਖ 'ਚ ਕੁਛ ਨਹੀਂ ਪਾਇਆ, ਮੈਂ ਲੈ ਕੇ ਆਈ ਹਾਂ। ਮਹਾਰਾਜ, ਕਹਿੰਦੇ, ਬੇਟੀ! ਮਨਮੁੱਖ ਦਾ ਅਸੀਂ ਭੋਜਨ ਨਹੀਂ ਖਾਣਾ। ਪਾਤਸ਼ਾਹ! ਮੈਂ ਗੁਰਸਿੱਖ ਦੀ ਧੀ ਇਸ ਪਾਪੀ ਦੇ ਘਰ ਵਿਆਹੀ ਗਈ। ਕਹਿੰਦੇ, ਤੂੰ ਐਉਂ ਕਰ, ਅਸੀਂ ਕੱਲ੍ਹ ਨੂੰ ਚੱਲਣਾ ਹੈ ਸਾਡੇ ਨਾਲ ਹੀ ਚੱਲੀਂ, ਤੈਨੂੰ ਅਸੀਂ ਨਾਲ ਲੈ ਜਾਵਾਂਗੇ, ਜਦ ਅਸੀਂ ਸਰੀਰ ਛੱਡਾਂਗੇ, ਉਸ ਵੇਲੇ ਤੂੰ ਵੀ ਸਰੀਰ ਛੱਡ ਦੇਈਂ।

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਅੰਗ - ੯੩੨*

ਬੰਦਗੀ ਕਰਨ ਵਾਲੀ ਸੀ। ਸੋ ਦੂਸਰੇ ਦਿਨ ਮਹਾਰਾਜ ਜੀ ਨੇ ਰਾਵੀ ਤੇ ਜਾ ਕੇ ਇਸ਼ਨਾਨ ਕੀਤਾ, ਉਸ ਵੇਲੇ ਆਪ ਨੇ ਬੜੀ ਪ੍ਰਸੰਨਤਾ 'ਚ ਗੁਰਸਿੱਖਾਂ ਨੂੰ ਕਿਹਾ ਕਿ ਤੁਸੀਂ ਗਿਣਤੀ 'ਚ ਨਾ ਆਓ, ਅਸੀਂ ਇਹ ਭਾਣਾ ਆਪਣਾ ਆਪ ਹੀ ਵਰਤਾ ਰਹੇ ਹਾਂ। ਕਿਉਂਕਿ ਅਕਾਲ ਪੁਰਖ ਨੂੰ ਐਸ ਤਰ੍ਹਾਂ ਹੀ ਮਨਜ਼ੂਰ ਸੀ।

***ਧਾਰਨਾ - ਓਹੀਓ ਗੱਲ ਹੁੰਦੀ ਹੈ,***
***ਭਾਉਂਦੀ ਜੋ ਤੈਨੂੰ ਮਾਲਕਾ।***

*ਜੋ ਤੁਧੁ ਭਾਵੈ ਸਾਈ ਭਲੀ ਕਾਰ ॥*
*ਤੂ ਸਦਾ ਸਲਾਮਤਿ ਨਿਰੰਕਾਰ ॥* *ਅੰਗ - ੩*

ਇਹ ਅਕਾਲ ਪੁਰਖ ਨੂੰ ਇਵੇਂ ਜਿਵੇਂ ਭਾਉਂਦੀ ਸੀ, ਤੁਸੀਂ ਹੁਣ ਗਿਣਤੀ 'ਚ ਨਾ ਪਵੋ, ਅਸੀਂ ਹੁਣ ਸਰੀਰ ਛੱਡ ਜਾਣਾ ਹੈ ਜਾ ਕੇ ਤੇ ਹਰਿਗੋਬਿੰਦ ਜੀ ਨੂੰ ਗੁਰਿਆਈ ਅਸੀਂ ਦੇ ਆਏ ਹਾਂ। ਉਨ੍ਹਾਂ ਦੇ ਅਨੁਸਾਰੀ ਹੋ ਕੇ ਚੱਲਣਾ ਹੈ, ਡਰਨਾ ਨਹੀਂ ਹੈ। ਬਦਲਾ ਨਹੀਂ ਲੈਣਾ, ਕੋਈ ਐਸੀ ਦੁਰਭਾਵਨਾ ਨਹੀਂ ਲਿਆਉਣੀ। ਗੁਰਸਿੱਖੀ ਦੇ ਅਸੂਲਾਂ ਤੇ ਰਹਿ ਕੇ ਚੱਲਣਾ ਹੈ। ਸੋ ਉਸ ਵੇਲੇ ਮਹਾਰਾਜ ਜੀ ਸਮਾਧਿਸ਼ਟ ਹੋਏ ਤੇ ਸਰੀਰ ਨੂੰ ਮਰਜ਼ੀ ਦੇ ਨਾਲ ਛੱਡ ਕੇ ਪਾਸੇ ਹੋ ਗਏ। ਕੁਸ਼ਾ ਮੰਗਾ ਲਈ ਤੇ ਕੁਸ਼ਾਂ ਤੇ ਲੰਮੇ ਪੈ ਗਏ ਤੇ ਚਾਦਰਾ ਉਤੇ ਲੈ ਲਿਆ। ਥੋੜ੍ਹੀ ਦੇਰ ਤੋਂ ਬਾਅਦ ਦੇਖਦੇ ਨੇ ਕਿ ਵਿਚ ਕੁਛ ਵੀ ਨਹੀਂ ਹੈ।

ਇਧਰ ਕੀ ਸੁਣਦੇ ਨੇ ਕਿ ਸਾਰੇ ਆਕਾਸ਼ ਦੇ ਵਿਚ ਜੈ-ਜੈਕਾਰ ਦੀਆਂ ਧੁਨੀਆਂ ਹੋਣ ਲੱਗ ਗਈਆਂ। ਅਨੇਕ ਕਿਸਮ ਦੇ ਵਾਜੇ ਵੱਜ ਰਹੇ ਨੇ, ਅਨੇਕ ਕਿਸਮ ਦੇ ਝਲਕਾਰੇ ਵੱਜ ਰਹੇ ਨੇ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ -

***ਧਾਰਨਾ - ਜੈ-ਜੈਕਾਰਾਂ ਸੁਰਗਾਂ ਵਿਚ ਹੋਵੇ,***
***ਹਾਹਾਕਾਰ ਕਰੇ ਦੁਨੀਆਂ।***

ਸਰੀਰ ਛੱਡ ਦਿਤਾ, ਕਿੱਡੀ ਵੱਡੀ ਸਿੱਖਿਆ ਸਾਨੂੰ ਮਹਾਰਾਜ ਜੀ ਦੇ ਗਏ। ਕਿਹੋ ਜਿਹਾ ਜੀਵਨ, ਕਿਹੋ ਜਿਹੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਦੇ ਗਏ। ਜੇ ਕਿਤੇ ਦੂਸਰਾ ਸਾਡੇ ਅੰਦਰ ਜ਼ਿੰਦਗੀ ਭਰ ਗਏ ਕਿ ਗੁਰਸਿੱਖੋ, ਮੌਤ ਤੋਂ ਨਾ ਡਰੋ, ਮੌਤ ਆਉਣੀ ਹੀ ਆਉਣੀ ਹੈ, ਆਪਣੇ ਅਸੂਲਾਂ ਤੋਂ ਬੇਅਸੂਲ ਨਾ ਹੋਇਓ, ਮੌਤ ਤੋਂ ਡਰ ਕੇ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਜੋ ਸ਼ਹੀਦੀ ਦਿਵਸ ਹੈ ਵਿਸਥਾਰ ਨਾਲ ਸਰਵਣ ਕੀਤਾ ਹੈ। ਸੋ ਫੁਰਮਾਨ ਆਉਂਦਾ ਹੈ ਕਿ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਜਿਨ੍ਹਾਂ ਨੇ ਧਿਆਨ ਧਰਿਆ ਹੈ, ਉਹ ਫੇਰ ਜੰਮਣ ਮਰਨ ਵਿਚ ਨਹੀਂ ਆਉਂਦਾ।

***ਧਾਰਨਾ - ਜਪਿਆ ਜਿਨ ਅਰਜਨ ਦੇਵ ਗੁਰੂ***
***ਉਹਦਾ ਮਿਟ ਗਿਆ ਆਉਣਾ ਜਾਣਾ।***

*ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ਅੰਗ - ੧੪੦੯*

ਨਾ ਜੂਨੀ 'ਚ ਆਇਆ, ਨਾ ਮਾਤਾ ਦੇ ਗਰਭ 'ਚ ਆਉਣਾ ਹੈ, ਨਾ ਕਿਸੇ ਤਕਲੀਫ 'ਚ ਆਵੇ।

*********

# ਚੌਥੇ ਰਤਨ
# ਬਾਬਾ ਬੀਰ ਸਿੰਘ ਜੀ ਨੌਰੰਗਾਬਾਦ

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 55)*

## ਸੰਕਲਪ ਕਿਵੇਂ ਪੂਰਾ ਹੋਇਆ

ਇਕ ਦਿਨ ਇਕ ਪ੍ਰੇਮੀ ਸਫੈਦ ਰੰਗ ਦਾ ਇਕ ਵੱਡਾ ਖੋਤਾ ਬਾਬਾ ਜੀ ਪਾਸ ਲਿਆਇਆ। ਬਾਬਾ ਭਾਗ ਸਿੰਘ ਬਹੁਤ ਪ੍ਰਸੰਨ ਹੋਏ ਤੇ ਹਸ ਕੇ ਕਹਿਣ ਲੱਗੇ, ਭਾਈ ਅਸੀਂ ਤਾਂ ਵਿਰਕਤ ਹਾਂ, ਪਰ ਇਹ ਭੇਟਾ ਤੇਰੀ ਪ੍ਰਵਾਨ ਹੋ ਗਈ ਕਿਉਂਕਿ ਇਸ ਚੀਜ਼ ਦੀ ਮੰਗ ਬਾਬਾ ਸਾਹਿਬ ਸਿੰਘ ਜੀ ਕਰ ਰਹੇ ਹਨ ਇਹ ਮਸ਼ਹੂਰ ਹੈ ਕਿ ਬਾਬਾ ਬੀਰ ਸਿੰਘ ਜੀ ਨੂੰ ਅੰਤਰ ਧਿਆਨ ਹੋ ਕੇ ਇਹ ਪ੍ਰਤੱਖ ਦਿਸਿਆ ਕਿ ਬਾਬਾ ਸਾਹਿਬ ਸਿੰਘ ਊਨੇ ਸਾਹਿਬ ਤਬੇਲੇ ਵਿਚ ਇਕ ਘੋੜੀ ਪਾਸ ਖੜੇ ਹਨ ਤੇ ਇਉਂ ਕਹਿ ਰਹੇ ਹਨ, ਭਾਈ ਜੇਕਰ ਸਫੈਦ ਰੰਗ ਦਾ ਵੱਡਾ ਖੋਤਾ ਮਿਲੇ ਤਦ ਉਸ ਨੂੰ ਮੇਲ ਕੇ ਇਸ ਘੋੜੀ ਪਾਸੋਂ ਬਹੁਤ ਹੀ ਕੀਮਤੀ ਤੇ ਵੱਡ ਮੁਲਾ ਖੱਚਰ ਜਾਂ ਫਿਰ ਖਚਰਾ ਲਿਆ ਜਾ ਸਕਦਾ ਹੈ। ਇਹ ਇਕ ਨਵੀਂ ਕਿਸਮ ਦਾ ਬਹੁ ਕੀਮਤੀ ਤੇ ਇਹ ਹੋਰ ਲੋਕਾਂ ਪਾਸੋਂ ਵਖਰੀ ਹੀ ਸੁਗਾਤ ਹੋਵੇਗੀ, ਜੋ ਹੋਰ ਕਿਧਰੇ ਰਾਜ ਤੇ ਕਾਰੋਬਾਰੀ ਆਦਮੀ ਪਾਸ ਵੀ ਘੱਟ ਹੀ ਲੱਭਦੀ ਹੈ, ਪਰ ਐਸਾ ਵੱਡਾ ਤੇ ਖਾਲਸ ਸਫੈਦ ਰੰਗ ਦਾ ਖੋਤਾ ਮਿਲਣਾ ਵੀ ਦੁਰਲਭ ਹੈ। ਚਲੋ ਭਾਗ ਸਿੰਘ ਹੋਰਾਂ ਨੂੰ ਲਿਖਦੇ ਹਾਂ, ਉਹ ਕਿਧਰੋਂ ਖੋਜ ਕਰਕੇ ਇਹ ਚੀਜ਼ ਲੱਭਣਗੇ ਜਾਂ ਫਿਰ ਉਸ ਹਲਕੇ ਵਿਚੋਂ ਪਠਾਣਾਂ ਪਾਸੋਂ ਵੀ ਪਤਾ ਕਰਨਗੇ, ਇਹ ਚੀਜ਼ ਪ੍ਰਾਪਤ ਹੋਵੇ ਤਦ ਸਾਨੂੰ ਬੜੀ ਹੀ ਪ੍ਰਸੰਨਤਾ ਹੋਵੇਗੀ।

ਬਾਬਾ ਬੀਰ ਸਿੰਘ ਜੀ ਨੇ ਸਿਰ ਝੁਕਾ ਕੇ ਪ੍ਰਣਾਮ ਕੀਤਾ ਕਿ ਬਾਬਾ ਭਾਗ ਸਿੰਘ ਜੀ ਕਿਸ ਤਰ੍ਹਾਂ ਅੰਦਰ ਆਤਮੇ ਮੇਲੀ ਹੋ ਕੇ ਬਾਬਾ ਸਾਹਿਬ ਸਿੰਘ ਨੂੰ ਇਕ ਜੋਤ ਦੋ ਮੂਰਤੀ ਵਾਂਗ ਅਭੇਦ ਹੋ ਗਏ ਹਨ, ਫਿਰ ਉਨ੍ਹਾਂ ਨੇ ਸਾਹਿਬਾਂ ਪਾਸੋਂ ਹੁਕਮ ਪੁਛਿਆ ਤਬ ਆਗਿਆ ਹੋਈ, 'ਗਿਆਨੀ ਦਾ ਸੰਕਲਪ' ਲੋਕਾਂ ਵਰਗਾ ਨਹੀਂ ਹੈ, ਉਹ ਪਾਣੀ ਵਿਚ ਉੱਠੀ ਹੋਈ ਲਹਿਰ ਵਤ ਹੈ, ਜੋ ਖਤਮ ਹੋਣ ਪਿਛੋਂ ਨਾ ਹੀ ਕੋਈ ਨਿਸ਼ਾਨ ਹੀ ਰਹਿਣ ਦੇਂਦੀ ਹੈ, ਨਾ ਹੀ ਉਸ ਦਾ ਕੋਈ ਅਸਰ ਜਲ ਪਰ ਹੀ ਹੁੰਦਾ ਹੈ। ਜਲ ਇਕ ਰਸ ਹੈ। ਉਪਾਧੀ ਰੂਪ ਲਹਿਰ ਇਕ ਵਕਤੀ ਚੀਜ਼ ਹੈ ਜੋ ਕਦੇ ਵੀ ਆ ਕੇ ਮੁੱਕ ਜਾਂਦੀ ਹੈ, ਪਰ ਚਲੋ ਅਸੀਂ ਉਹ ਲਹਿਰ ਵੀ ਕਿਉਂ ਪੈਦਾ ਹੋਣ ਦੇਈਏ।

ਉਸੇ ਵੇਲੇ ਆਪ ਜੀ ਨੂੰ ਊਨੇ ਸਾਹਿਬ ਦੀ ਆਗਿਆ ਹੋ ਗਈ, ਆਪ ਜੀ ਨੇ ਹੱਥ ਬੰਨ੍ਹ ਕੇ ਬਾਬਾ ਜੀ ਨੂੰ ਬੇਨਤੀ ਕੀਤੀ, ਹਜ਼ੂਰ ਦੀ ਆਗਿਆ ਅਨੁਸਾਰ ਊਨੇ ਸਾਹਿਬ ਨੂੰ ਜਾ ਰਿਹਾ ਹਾਂ, ਉਥੋਂ ਫਿਰ ਜਿਧਰ ਹੁਕਮ ਹੋਵੇ ਚਲਾ ਜਾਵਾਂਗਾ ਇਸ ਲਈ ਜਾਣ ਤੋਂ ਪਹਿਲਾਂ ਇਕ ਬਹੁਤ ਜ਼ਰੂਰੀ ਬੇਨਤੀ ਹੈ, ਜੋ ਆਸ ਹੈ ਕਿ ਆਪ ਪੂਰੀ ਕਰੋਗੇ।

ਕ੍ਰਿਪਾ ਕਰਕੇ ਉਹ ਸਾਧਨ ਤੇ ਸਤਿ ਸਰੂਪ ਦਾ ਸਥਾਨ, ਰਾਹ ਦੀਆਂ ਔਕੜਾਂ ਦੱਸੋ ਜੋ ਕਿ ਸ੍ਰੀ ਕਲਗੀਧਰ ਸਵਾਮੀ ਜੀ ਨੇ ਸਾਹਿਬ ਭਾਈ ਦਿਆ ਸਿੰਘ ਜੀ ਨੂੰ ਦਸ ਕੇ ਸਵੈ ਸਰੂਪ ਨਿਵਾਸ ਤੇ ਨਿਜ ਦੇਸ਼ ਅੰਦਰ ਟਿਕਾਉ ਪ੍ਰਾਪਤ ਕਰਨ ਦਾ ਰਾਹ ਤੋਰਿਆ ਸੀ, ਇਸ ਸਰੀਰ ਦੇ ਅੰਦਰ ਹੀ ਆਤਮ ਬ੍ਰਹਮ ਦੀ ਪ੍ਰਾਪਤੀ ਤੇ ਫਿਰ ਇਹ ਸਰੀਰ ਇਕ ਸਾਧਨ ਮਾਤਰ ਹੀ ਹੋਣ ਦਾ ਪ੍ਰਤੱਖ ਰੂਪ ਤੇ ਸੰਸਾਰ ਤੋਂ ਅਲੱਗ ਆਪਣੇ ਹੀ ਆਪੇ ਅੰਦਰ ਸਰਬ ਬ੍ਰਹਿਮੰਡ ਦਾ ਸਮਾ ਜਾਣਾ ਪ੍ਰਤੱਖ ਕਰਕੇ ਦਸੋ ਤਾਂ ਫਿਰ ਇਹ ਸੰਸਾਰ ਜੋ ਸੋਝੇ ਤੋਂ ਭਰਮ ਰੂਪ ਮਾਇਆ ਦਾ ਹੀ ਦੂਸਰਾ ਰੂਪ ਹੈ ਬਾਕੀ ਨਾ ਰਹੇ।

ਬਾਬਾ ਭਾਗ ਸਿੰਘ ਜੀ ਨੇ ਨੇਤਰ ਬੰਦ ਕਰ ਲਏ। ਕਿੰਨੇ ਚਿਰ ਉਸੇ ਹੀ ਰੰਗ ਅੰਦਰ ਮਸਤ ਖਲੋਤੇ ਰਹੇ। ਫਿਰ ਫੁਰਮਾਇਆ, ਜਦੋਂ ਰਾਹ ਚੱਲੋਗੇ ਮੰਜ਼ਲ ਜ਼ਰੂਰ ਆਵੇਗੀ ਇਸੇ ਹੀ ਕਰਕੇ ਅਸਾਂ ਪਹਿਲੇ ਦਿਨ ਹੀ ਤੇਰੇ ਆਉਣ ਪਰ ਕਹਿ ਦਿਤਾ ਸੀ ਕਿ ਅਸੀਂ ਤੇਰੇ ਕਰਜ਼ਾਈ ਹਾਂ, ਸੋ ਅੱਜ ਉਹ ਕਰਜ਼ਾ ਵਸੂਲ ਹੋ ਰਿਹਾ ਹੈ, ਲੈ ਭਾਈ ਜਦੋਂ ਕਿਸੇ ਦਾ ਕੁਝ ਦੇਣਾ ਹੀ ਹੈ ਫਿਰ ਹੁਜਤ ਉਜਰ ਕਾਹਦਾ? ਧਿਆਨ ਨਾਲ ਇਹ ਗੱਲ ਸਮਝ ਲੈ। ਇਹ ਰੋਜ਼ ਦੀ ਗੱਲ ਨਹੀਂ, ਫਿਰ ਪਤਾ ਨਹੀਂ ਤੂੰ ਮਿਲਦਾ ਵੀ ਹੈਂ ਕਿ ਨਹੀਂ। ਸੋ ਸੁਣ।

ਦੇਹ ਤੇ ਸਵਾਸਾਂ ਦਾ ਤਾਣੇ ਪੇਟੇ ਦਾ ਮੇਲ ਹੈ। ਦੋਵੇਂ ਇਕ ਦੂਸਰੇ ਬਗੈਰ ਬੇਕਾਰ ਹਨ। ਸਵਾਸਾਂ ਕਰਕੇ ਜਿਥੇ ਦੇਹ ਚਲਦੀ ਹੈ ਉਥੇ ਸਵਾਸ ਕਰਕੇ ਹੀ ਖਿਆਲ ਵਿਚਾਰ ਤੇ ਬੁੱਧੀ ਮਨ ਸਤਿ ਉਤਪੰਨ ਹੁੰਦੇ ਹਨ। ਗੁਰੂ ਅਰਜਨ ਸਾਹਿਬ ਨੇ ਇਕ ਸੇਵਕ ਨੂੰ ਕਿਹਾ, ਭਾਈ ਸਵਾਸ ਹੀ ਮਨ ਹੈ। ਜੋ ਸੇਵਕ ਮਨ ਨੂੰ ਵਸ ਕਰਨਾ ਚਾਹੇ ਉਸ ਸਵਾਸ ਨੂੰ ਕਾਬੂ ਕਰੇ। ਜਿਸਦਾ ਸਵਾਸ ਉਸਦੇ ਆਪਣੇ ਵਸ ਹੈ ਉਹ ਮਨ ਦੀ ਹਰ ਵਿਚਾਰ ਨੂੰ ਸੋਧ ਕੇ ਉਸਨੂੰ ਬੁੱਧੀ ਵਿਚ ਬਦਲਦਾ ਹੈ, ਮਨ ਦਾ ਨੀਵਾਂ ਤੇ ਬੁੱਧ ਦਾ ਉੱਚਾ ਹੋਣਾ ਹੀ ਬੁੱਧੀ ਅੰਦਰ ਬਿਬੇਕ ਤੇ ਸਵੱਛਤਾ ਪੈਦਾ ਕਰਦਾ ਹੈ, ਬੁਰੀ ਤੇ ਬਹੁਤ ਖੁਰਾਕ ਜੋ ਸੰਜਮ ਰਹਿਤ ਹੋਵੇ ਨਾਲ ਜਿਥੇ ਸਰੀਰ ਆਲਸੀ ਹੋ ਜਾਂਦਾ ਹੈ ਉਥੇ ਸਵਾਸ ਬੇਕਾਬੂ ਹੋ ਕੇ ਅੜੀਅਲ ਘੋੜੇ ਵਾਂਗ ਵਿੰਗੀਆਂ ਟੇਢੀਆਂ ਘਾੜਤਾਂ ਘੜਦਾ ਹੈ। ਫਿਰ ਲੋਭ ਲਹਿਰ ਪੈਦਾ ਕਰਕੇ ਹਲਕਾਏ ਤੇ ਅਵਾਰਾ ਕੁੱਤੇ ਵਾਂਗ ਚੌਤਰਫੇ ਚੱਕਰ ਕਟਵਾਂਦਾ ਹੈ ਪਰ ਜਦੋਂ ਤੁਸੀਂ ਸੰਜਮ ਦਾ ਅਹਾਰ ਕਰਕੇ ਸਵਾਸ ਨੂੰ ਹੌਲਾ ਕਰਕੇ ਫਿਰ ਉਸਨੂੰ ਆਪਣੇ ਹੀ ਅਧੀਨ ਚਲਾਉਗੇ, ਤਦ ਇਸੇ ਪਰ ਸਵਾਰੀ ਕਰਕੇ ਤੁਸੀਂ ਗਗਨ ਮੰਡਲ ਦੀਆਂ ਉਡਾਰੀਆਂ ਵੀ ਮਾਰੋਗੇ, ਇਸ ਉਡਾਰੀ ਅੰਦਰ ਤੁਸੀਂ ਅਨੇਕਾਂ ਚਮਤਕਾਰ ਤਕੋਗੇ, ਪਹਿਲਾਂ ਬੁੱਧੀ ਦੇ ਇਕਾਂਤ ਦਾ ਨਸ਼ਾ ਹੀ ਜੀਵਨ ਨੂੰ ਸੁਰਖਰੂ ਕਰਦਾ ਹੈ, ਸੁਰਤੀ ਹਰ ਸਮੇਂ ਉਪਰ ਜਾਣ ਨੂੰ ਤਾਂਘਦੀ ਹੈ, ਜਦੋਂ ਸਵਾਸ ਦੀ ਟੇਕ ਕਰਕੇ ਤ੍ਰਿਕੁਟੀ ਦੇ ਮੁਕਾਮ ਪਰ ਸੁਰਤੀ ਇਕ ਦਮ ਟਿਕ ਜਾਏਗੀ ਤਦ ਇਥੋਂ ਹੀ ਅਨਹਦ ਸ਼ਬਦ ਦੀ ਪਰਮ ਧੁਨ ਜਾਂ ਗੁਰੂ ਅਮਰਦਾਸ ਜੀ ਦੇ ਮਹਾਂਵਾਕ ਅਨੁਸਾਰ ਗੁਫਾ ਅੰਦਰ ਵਾਜਾ ਪਵਣ ਵਜਦਾ ਸੁਣੇਗਾ। ਇਸ ਅਸਥਾਨ ਪਰ ਪਹਿਲਾਂ ਸ਼ਬਦ ਦੀ ਫੁਹਾਰ ਸਰੀਰ ਦੇ ਹਰ ਰੋਮ ਨੂੰ ਛੇੜੇਗੀ ਫਿਰ ਇਸ

ਸਰੀਰ ਦੀ ਫੁਹਾਰ ਹੀ ਚੌਤਰਫੀ ਜਾਏਗੀ, ਹਰ ਰੰਗ ਰੂਪ ਤੇ ਦਸ਼ਾ ਤੋਂ ਕੇਵਲ ਇਕ ਸ਼ਬਦ ਸੁਣਾਈ ਦੇਵੇਗਾ, ਕੁੰਡਲਨੀ ਦੇ ਝਰਨੇ ਵਿਚੋਂ ਰਸ ਫੁਹਾਰ, ਰੰਗ ਵਿਸਮਾਦ ਮਸਤੀ ਤੇ ਹਰ ਰੰਗ ਅੰਦਰ ਉਸ ਦਾ ਆਪਣਾ ਹੀ ਰੂਪ ਪ੍ਰਤੱਖ ਦਿਸੇਗਾ।

ਸ਼ਬਦ ਦੀ ਟੇਕ ਰੱਖ ਕੇ ਫਿਰ ਅੱਗੇ ਵਧੋਗੇ ਤਦ ਕੁੰਡਲਨੀ ਦੇ ਅੰਦਰ ਤੁਸੀਂ ਇਕ ਮਹਾਨ ਪ੍ਰਕਾਸ਼ ਇਸ ਦੁਨੀਆਂ ਦੇ ਪ੍ਰਕਾਸ਼ ਤੋਂ ਵਖਰਾ ਹੀ ਤੱਕੋਗੇ। ਇਹ ਅਨੰਦ ਤੇ ਸ਼ਕਤੀ ਰਸ ਦਾ ਇਕ ਅਥਾਹ ਸਾਗਰ ਜਿਥੇ ਜਾ ਕੇ ਬੁੱਧੀ ਹਰ ਰੰਗ ਤੋਂ ਰਹਿਤ ਤੇ ਹਰ ਦੁਨਿਆਵੀ ਅਸਰ ਤੋਂ ਉਚੀ ਲੈ ਜਾਏਗੀ, ਘੰਟਿਆਂ ਬੱਧੀ ਬੈਠੇ ਹੋਏ ਇਸ ਅਨੰਦ ਰਸ ਤੇ ਸ਼ਬਦ ਦੀ ਫੁਹਾਰ ਅੰਦਰ ਹੀ ਝੂੰਮਦੇ ਰਹੋਗੇ। ਸ਼ਾਇਦ ਇਸੇ ਕਰਕੇ ਸਤਿਗੁਰਾਂ ਨੇ ਫੁਰਮਾਇਆ ਹੈ ਕਿ ਜੇਕਰ ਇਹ ਆਖਦਾਂ ਹਾਂ, ਤਦ ਜੀਉਂਦਾ ਹਾਂ, ਨਹੀਂ ਤਾਂ ਮੌਤ ਹੋ ਜਾਂਦੀ ਹੈ। ਉਸ ਸਮੇਂ ਤੁਸੀਂ ਇਹ ਪ੍ਰਤੱਖ ਤੱਕੋਗੇ ਕਿ ਸ਼ਬਦ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ। ਸੋ ਸੱਚ ਹੀ ਸ਼ਬਦ ਸੰਸਾਰ ਦਾ ਆਦਿ ਅੰਤ ਹੈ। ਇਹ ਸ਼ਬਦ ਆਖਰ ਵਿਚ ਇਕ ਸੁੰਨ ਅਸਥਾਨ ਤੇ ਜਾ ਕੇ ਜਿਥੇ ਸੁਰਤੀ ਕੋਈ ਸੂਰਤ ਨਹੀਂ ਬਣਾਂਦੀ, ਪਰਮ ਅਨੰਦ ਹੈ ਪਰ ਉਹ ਸੰਸਾਰੀ ਸੁਖ ਤੇ ਸਵਾਦ ਤੋਂ ਉਚਾ ਹੈ, ਹਰ ਸਵਾਦ ਬਹੁਤ ਦੇਰ ਮਾਣ ਕੇ ਬੇਰਸ ਹੋ ਜਾਂਦਾ ਹੈ ਪਰ ਇਹ ਰਸ ਆ ਕੇ ਸੰਸਾਰ ਦਾ ਰਸ ਮੁਕ ਹੀ ਜਾਂਦਾ ਹੈ, ਇਥੇ ਅਨੰਦ ਹੈ ਰਸ ਹੈ, ਅਨੁਭਵ ਹੈ ਪਰ ਹੋਰ ਕੁਝ ਵੀ ਨਹੀਂ, ਇਹ ਅਨੁਭਵ ਪ੍ਰਕਾਸ਼ ਹੈ ਜੋ ਕਹਿਣੋਂ ਕਥਨੋਂ ਬਾਹਰਾ ਹੈ, ਇਸ ਬਾਰੇ ਦੱਸਿਆ ਜਾਂ ਕਥਿਆ ਜਾਣਾ ਅਸੰਭਵ ਹੈ, ਸੋ ਇਹ ਤੱਕਿਆ ਜਾ ਸਕਦਾ ਹੈ, ਕਿਹਾ ਨਹੀਂ ਜਾ ਸਕਦਾ।

ਇਸ ਅਸਥਾਨ ਨੂੰ ਤੱਕਣਹਾਰ ਲਈ ਵਾਪਸੀ ਤੇ ਮੋੜ ਅਸੰਭਵ ਹੈ, ਜਿਥੇ ਸੰਕਲਪ ਨਹੀਂ ਭਾਵਨਾ ਨਹੀਂ ਹੈ, ਇਹੀ ਉਹ ਮਹਾਨ ਸਥਾਨ ਹੈ, ਜਿਥੇ ਕਿ ਸਰੀਰ ਅੰਦਰ ਬੈਠਾ ਆਤਮ ਬ੍ਰਹਮ ਸੰਸਾਰ ਨੂੰ ਚਲਾਂਦਾ ਹੈ, ਜਿਸਦੇ ਚਾਨਣ ਕਰਕੇ ਸਾਰੇ ਹੀ ਪ੍ਰਕਾਸ਼ ਹਨ, ਇਹੀ ਉਹ ਰਸ ਹੈ ਜਿਸਨੂੰ ਗ੍ਰਹਿਣ ਕਰਕੇ ਫਿਰ ਬਾਹਰਲੇ ਰਸ ਵਿਸਰ ਤੇ ਭੁੱਲ ਜਾਂਦੇ ਹਨ, ਇਹੀ ਉਹ ਭੰਡਾਰ ਹੈ ਜੋ ਸਹਿਜ ਯੋਗ ਦਾ ਰੰਗ ਹੈ ਜੋ ਮੇਰੇ ਸਤਿਗੁਰਾਂ ਨੇ ਇਸ ਸੰਸਾਰ ਨੂੰ ਦਿਤਾ ਸੀ ਜੋ ਪੰਜਾਬ ਅੰਦਰ ਯੋਗੀਆਂ ਤੇ ਹਠ ਯੋਗ ਤੇ ਨਸ਼ਿਆਂ ਰਾਹੀਂ ਸਮਾਧੀਆਂ ਲਗਾਣ ਦਾ ਯਤਨ ਕਰਕੇ ਸ਼ਬਦ ਰਾਹੀਂ ਜਿੱਤ ਕੇ ਸਹਿਜ ਤੇ ਸੁਖਾਲਾ ਰਾਹ ਸੰਸਾਰ ਨੂੰ ਦਿਤਾ ਸੀ, ਸੋ ਭਾਈ ਇਹ ਰਾਸ ਅਸੀਂ ਸ਼ਾਇਦ ਤੇਰੇ ਲਈ ਹੀ ਸੰਭਾਲ ਕੇ ਬੈਠੇ ਸਾਂ, ਇਹ ਸਾਂਭ ਤੇ ਜਾਹ ਵੱਡੇ ਸਾਹਿਬਾਂ ਪਾਸੋਂ ਸਾਡੇ ਫੈਸਲੇ ਪਰ ਮੋਹਰ ਛਾਪ ਲਗਵਾ ਤੇ ਫਿਰ ਤੇਰੇ ਘੋੜੇ ਦੀਆਂ ਵਾਗਾਂ ਤੇਰੇ ਆਪਣੇ ਹੀ ਸਪੁਰਦ ਹੋ ਜਾਣਗੀਆਂ, ਤੇ ਤੂੰ ਰਾਜਾ ਰਣਜੀਤ ਸਿੰਘ ਵਾਂਗ ਧਰਮ ਦੀ ਦੁਨੀਆਂ ਅੰਦਰ ਅਮੋਘ ਬਾਣ ਵਾਂਗ ਹੀ ਸਾਬਤ ਹੋਵੇਂਗਾ। ਬਾਬਾ ਸਾਹਿਬ ਸਿੰਘ ਜੀ ਨੇ ਇਸਨੂੰ ਇਕ ਇਕਾਂਤਵਾਸੀ ਤੇ ਗੁਫਾ ਵਿਚ ਰਹਿਣ ਵਾਲੇ ਵਿਅਕਤੀ ਨੂੰ ਸੌਂਪਿਆ ਸੀ ਪਰ ਅਸਾਂ ਹੁਣ ਫਿਰ ਉਹੀ ਸਤਾ ਉਨ੍ਹਾਂ ਦੀਆਂ ਲੀਹਾਂ ਪਰ ਤੁਰ ਕੇ ਯੋਗੀ ਰਾਜ ਲੀਲਾ ਦੇ ਮਹਾਨ ਸਤੰਭ ਦੇ ਹਵਾਲੇ ਕਰ ਰਹੇ ਹਾਂ। ਵਾਹਿਗੁਰੂ ਦੀ ਮਿਹਰ ਰਹੀ ਤਦ ਇਹ ਸਭੋ ਕੁਝ ਸੱਚ ਹੀ ਸਾਬਤ ਹੋਵੇਗਾ, ਤੂੰ ਹੁਣ ਆਪ ਵੀ ਸਮਰੱਥਾ ਰਖਦਾ ਹੈਂ। ਇਸ ਲਈ ਕੋਈ ਗੱਲ ਐਸੀ ਮੂੰਹੋਂ ਨਾ ਕੱਢਣੀ ਜਿਸ ਕਰਕੇ ਸਾਡਾ ਇਹ ਮਹਾਨ ਕਾਰਜ ਹੀ ਰਾਹ ਵਿਚ ਅਟਕ ਜਾਏ। ਭਾਈ ਇਹ ਠੀਕ ਹੈ ਕਿ ਇਹ ਅਜਰ ਵਸਤੂ ਹੈ, ਪਰ ਅਸਾਂ ਤਾਂ ਭਾਂਡਾ ਤਕ ਕੇ ਹੀ ਵਸਤੂ ਪਾਈ ਹੈ। ਬਾਬਾ ਬੀਰ ਸਿੰਘ ਜੀ ਨੇ ਸਿਰ ਝੁਕਾਇਆ ਤੇ ਬੇਨਤੀ ਕੀਤੀ।

ਮਹਾਰਾਜ ਮੇਰਾ ਰੋਮ-ਰੋਮ ਅੱਜ ਕ੍ਰਿਤਗਯ ਹੈ, ਮੇਰੀ ਜ਼ੁਬਾਨ ਛੋਟੀ ਹੈ ਪਰ ਇਸ ਲਈ ਵਡੇਰੀ ਭਾਸ਼ਾ ਚਾਹੀਦੀ ਹੈ ਜਿਸ ਰਾਹੀਂ ਆਪ ਦਾ ਧੰਨਵਾਦ ਕਰਾਂ, ਤੁਹਾਡੀ ਮੇਹਰ ਦਾ ਸਦਕਾ ਮੈਂ ਇਹ ਭਰੋਸਾ ਦਿਵਾਂਦਾ ਹਾਂ ਕਿ ਇਸ ਬਾਣੇ ਤੇ ਭਾਈ ਦਿਆ ਸਿੰਘ ਜੀ ਦੇ ਨਾਮ ਤੇ ਸੰਪਰਦਾਏ ਨੂੰ ਕਦੇ ਵੀ ਨੀਵਾਂ ਨਹੀਂ ਹੋਣ ਦਿਆਂਗਾ। ਇਸ ਦੀ ਲਾਜ ਤੇ ਮਹਾਨਤਾ ਨੂੰ ਬਚਾਣ ਹਿਤ ਲੋੜ ਪੈਣ ਪਰ ਤੋਪਾਂ ਅੱਗੇ ਉਡ ਜਾਵਾਂਗਾ ਪਰ ਤੁਹਾਡੇ ਨਾਮ ਦੀ ਲਾਜ ਕਾਇਮ ਰਖਾਂਗਾ। ਤੁਹਾਡੀ ਇਹ ਬਖਸ਼ਿਸ਼ ਸਦਾ ਹੀ ਮੇਰੇ ਸਾਹਵੇਂ ਰਹੇਗੀ ਕਿ ਮੈਂ ਦੇਹ ਨਹੀਂ ਆਤਮਾ ਹਾਂ, ਮੇਰੀ ਆਤਮਾ ਦਾ ਵਾਸਾ ਪ੍ਰਾਣਾਂ ਵਿਚ ਹੈ, ਇਸ ਕਰਕੇ ਸ਼ਰਣ ਆਇਆਂ ਦੀ ਪਾਲਣ ਹਿਤ ਇਹ ਸਰੀਰ ਲੋਕ ਹਿਤ ਹੀ ਵਾਰ ਦਿਆਂਗਾ, ਆਪ ਮੇਹਰ ਕਰਕੇ ਇਹ ਵਰਦਾਨ ਬਖਸ਼ੋ ਕਿ ਮੇਰੀ ਇਹ ਕਠਨ ਧਾਰਨਾ ਸਿਰੇ ਚੜ੍ਹੇ ਤੇ ਸਦਾ ਸਤਿਗੁਰੂ ਜੀ ਨਾਲ ਮੇਰੀ ਬਣ ਆਵੇ। ਬਾਬਾ ਭਾਗ ਸਿੰਘ ਜੀ ਇਹ ਭਾਗ ਪਰ ਕਮਾਈ ਨਾਲ ਗੁਧਾ ਹੋਇਆ, ਸਾਧਨਾਂ ਦੇ ਸਿਖਰਾਂ ਨੂੰ ਛੋਹ ਰਿਹਾ ਪ੍ਰਵਾਨ ਸੇਵਕ ਆਪਣੀ ਜੱਫੀ ਵਿਚ ਲੈ ਲਿਆ ਤੇ ਹੱਸ ਕੇ ਭਰੇ ਹੋਏ ਪਰ ਗਦ ਗਦ ਹੋਏ ਗਲੇ ਨਾਲ ਫੁਰਮਾਇਆ, "ਤੂੰ ਰਾਜਾ ਰਾਣੇ ਝੁਕਾਵੇਂਗਾ ਗਰੀਬ ਆਤਰ ਤੇ ਦੁਖੀ ਤੇਰੇ ਨਾਮ ਦੀ ਥਾਂ ਹੇਠਾਂ ਪਲਣਗੇ।" ਤੇਰੀ ਮਿਹਰ ਤੇਰਾ ਭੰਡਾਰ ਇਹ ਕਦੇ ਨਹੀਂ ਤੁਟੇਗਾ। ਜੋ ਜਦੋਂ ਵੀ ਪੇਟ ਦੀ ਭੁੱਖ ਤੇ ਮਾਨਸਕ ਭੁੱਖ ਨਿਵਾਰਣ ਕਰਨ ਹਿਤ ਤੇਰੇ ਦਰ ਆਉਣਗੇ ਉਨ੍ਹਾਂ ਨੂੰ ਦੋਵਾਂ ਹੀ ਘਾਟਾਂ ਤੋਂ ਨਿਜਾਤ ਮਿਲੇਗੀ, ਹੁਣ ਤੂੰ ਕਮਰ ਕਸੇ ਕਸ ਲੈ, ਤੈਨੂੰ ਕਰਮ ਯੋਗੀ, ਰਾਜ ਯੋਗੀ, ਸਹਿਜ ਯੋਗੀ ਤੇ ਪੂਰਨ ਗੁਰਸਿੱਖ ਕਰਣੀ ਦੀ ਪ੍ਰਧਾਨਤਾ ਸਹਿਤ ਪਾਵਨ ਮਹਾਂਪੁਰਖ ਬੇਦੀ ਕੁਲ ਦੀਪਕ ਬਾਬਾ ਸਾਹਿਬ ਸਿੰਘ ਪਾਸ ਜਾਣਾ ਹੈ, ਸਾਡੇ ਵਲੋਂ ਇਹ ਸੰਦੇਸ਼ ਤੇ ਪਤ੍ਰਕਾ ਲੈ ਕੇ ਜਾਵੋ ਤੇ ਫਿਰ ਜਿਧਰ ਉਹ ਆਗਿਆ ਦੇਣ ਟਿਕਾਣੇ ਲਗਾਉ? ਅਸੀਂ ਹਰ ਸਮੇਂ ਤੁਹਾਡੇ ਨਾਲ ਹੀ ਹੋਵਾਂਗੇ।

## ਆਖਰੀ ਪ੍ਰੀਖਿਆ

ਅਸੀਂ ਉਪਰ ਦਸ ਆਏ ਹਾਂ ਕਿ ਬਾਬਾ ਭਾਗ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਨੂੰ ਬਾਬਾ ਸਾਹਿਬ ਸਿੰਘ ਤਬੇਲੇ ਅੰਦਰ ਖੜ੍ਹੇ ਦਿਖਾਏ ਸਨ, ਉਹ ਕਿਸੇ ਸਫੈਦ ਰੰਗ ਦੇ ਵਡੇਰੇ ਖੋਤੇ ਤੋਂ ਘੋੜੀ ਨਵੀਂ ਕਰਵਾ ਕੇ ਉਸ ਪਾਸੋਂ ਸਵੇਤ ਰਾਸਭ ਦਾ ਪੁੱਛ ਖਚਰਾ ਇਕ ਨਵੀਂ ਨਸਲ ਪੈਦਾ ਕਰਨਾ ਚਾਹੁੰਦੇ ਸਨ। ਪਰ ਸਫੈਦ ਰੰਗ ਦਾ ਖੋਤਾ ਦੁਲਭ ਸੀ, ਸੋ ਜਦੋਂ ਪ੍ਰੇਮੀ ਸਿੰਘ ਨੇ ਉਹ ਖੋਤਾ ਲਿਆ ਕੇ ਬਾਬਾ ਭਾਗ ਸਿੰਘ ਜੀ ਨੂੰ ਭੇਟ ਕੀਤਾ ਤਦ ਆਪ ਨੇ ਉਹ ਅਤਰ ਮੇਲੀਆਂ ਵਾਂਗ ਹੀ ਖੋਤਾ (ਰਾਸਭ) ਊਨੇ ਭੇਜਣ ਦੀ ਤਿਆਰੀ ਕਰ ਲਈ। ਇਹ ਖੋਤਾ ਤੇ ਇਕ ਕੰਧਾਰੀ ਅਨਾਰਾਂ ਦਾ ਟੋਕਰਾ ਇਕ ਸੇਵਕ ਨੇ ਭੇਟ ਕੀਤਾ ਸੀ। ਪ੍ਰੇਮ ਭੇਟ ਤੇ ਕੁਝ ਮਾਇਆ ਤੇ ਬਸਤਰ ਆਦਿਕ ਦੇ ਕੇ ਰਵਾਨਾ ਕੀਤਾ, ਇਹ ਹਦਾਇਤ ਕੀਤੀ ਕਿ ਦੇਖਣਾ ਇਹ ਫਲ ਦਾਗੀ ਨਾ ਹੋਣ, ਰਾਹ ਵਿਚ ਕਰੜੀ ਚੀਜ਼ ਪਰ ਨਾ ਰੱਖਣੇ। ਬਾਬਾ ਬੀਰ ਸਿੰਘ ਨੇ ਚਾਦਰ ਦਾ ਮੜਾਸਾ ਮਾਰ ਲਿਆ। ਟੋਕਰਾ ਸਿਰ ਪਰ ਰੱਖਿਆ ਤੇ ਖੋਤਾ ਲਗਾਮ ਪਾ ਕੇ ਬਰਾਬਰ ਤੋਰ ਲਿਆ, ਇਸ ਤਰ੍ਹਾਂ ਕਈ ਦਿਨਾਂ ਦਾ ਪੰਧ ਮੁਕਾ ਕੇ ਆਪ ਊਨੇ ਸਾਹਿਬ ਪੁੱਜੇ। ਜਦੋਂ ਬਾਬਾ ਸਾਹਿਬ

ਸਿੰਘ ਜੀ ਨੂੰ ਖਬਰ ਪੁੱਜੀ ਤਦ ਆਪ ਕੀਰਤਨ ਵਿਚ ਬੈਠੇ ਸਨ, ਆਪ ਉੱਠ ਕੇ ਬਾਹਰ ਆਏ ਤੇ ਫਲਾਂ ਦਾ ਟੋਕਰਾ ਆਪ ਸਿਰ ਤੋਂ ਉਤਾਰ ਕੇ ਕਿਹਾ, "ਭਾਈ ਤੇਰੇ ਜੁਮੇ ਕੌਮ ਦੇ ਹੋਰ ਹੀ ਭਾਰ ਬਹੁਤ ਹਨ ਇਹ ਟੋਕਰਾ ਉਤਾਰ ਦੇ। ਫਿਰ ਸਤਿਕਾਰ ਕਰਕੇ ਪਤ੍ਰਕਾ ਲੈ ਕੇ ਪੜ੍ਹੀ, ਜਿਸ ਵਿਚ ਬਾਬਾ ਭਾਗ ਸਿੰਘ ਜੀ ਨੇ ਲਿਖਿਆ ਸੀ, ਮੈਂ ਤੁਹਾਡੀ ਸੇਵਾ ਵਿਚ ਮਝੈਲ ਸਿੰਘ ਨੂੰ ਭੇਜ ਰਿਹਾ ਹਾਂ, ਇਹ ਇਕ ਅਮੋਲ ਰਤਨ ਹੈ ਪਰ ਮੈਂ ਆਪਣੇ ਤੋਂ ਵੱਡੇ ਜੌਹਰੀ ਪਾਸ ਭੇਜਦਾ ਹਾਂ ਤਾਂ ਜੋ ਪਰਖ ਕੇ ਖਜ਼ਾਨੇ ਦਾਖਲ ਕਰ ਲਵੋ, ਬਾਬਾ ਸਾਹਿਬ ਸਿੰਘ ਜੀ ਨੇ ਲੰਗਰ ਦੀ ਸੇਵਾ ਆਪ ਦੇ ਸਪੁਰਦ ਕੀਤੀ, ਬਾਬਾ ਬੀਰ ਸਿੰਘ ਜੀ ਨੇ ਬੋਲਣਾ ਬੰਦ ਕਰ ਦਿਤਾ, ਆਗਿਆ ਵਿਚ ਜੀਵਨ ਦਾ ਹਰ ਸਵਾਸ ਕੱਟਣਾ ਤੇ ਹਰ ਘੜੀ ਵਾਹਿਗੁਰੂ ਜੀ ਦੀ ਯਾਦ ਵਿਚ ਵਕਤ ਬਸਰ ਕਰਨਾ ਇਹ ਉਨ੍ਹਾਂ ਦਾ ਨਿਤ ਕਰਮ ਬਣ ਗਿਆ। ਅਸਲ ਵਿਚ ਬਾਬਾ ਸਾਹਿਬ ਸਿੰਘ ਸਮਝ ਗਏ ਸਨ ਕਿ ਬਾਬਾ ਭਾਗ ਸਿੰਘ ਜੀ ਨੇ ਚਿੱਠੀ ਤੋਂ ਬਾਹਰ ਦੋ ਚੀਜ਼ਾਂ ਇਸੇ ਹੋਣਹਾਰ ਯੁੱਗ ਪੁਰਸ਼ ਰਾਹੀਂ ਭੇਜੀਆਂ ਹਨ, ਕੰਧਾਰੀ ਅਨਾਰ ਵਿਚ ਤਿੰਨ ਗੁਣ ਹਨ, ਉਸ ਦਾ ਕੋਈ ਦਾਣਾ ਖੋਟਾ ਤੇ ਬੇਜਾਨ ਤੇ ਬੇਕਾਰ ਨਹੀਂ ਹੁੰਦਾ, ਇਕੋ ਜੇਹਾ ਰਸ ਰੰਗ ਰੂਪ ਤੇ ਗੁਣ ਹਰ ਇਕ ਦਾਣੇ ਅੰਦਰ ਬਰਾਬਰ ਹੁੰਦੇ ਹਨ। ਸੋ ਇਸੇ ਹੀ ਤਰ੍ਹਾਂ ਇਸ ਅੰਦਰ ਵਿਲ, ਰਸ, ਕਰਮ, ਬਲ ਤੇ ਧੀਰਜ, ਧਰਮ, ਧਿਆਨ ਦੇ ਸਰਬ ਮਹਾਨ ਗੁਣ ਹਨ ਜੋ ਕਿਸੇ ਮਹਾਨ ਹਸਤੀ ਅੰਦਰ ਹੋਣੇ ਜ਼ਰੂਰੀ ਹਨ, ਇਹ ਸਫੈਦ ਰਾਸਭ ਵਾਂਗ ਹੀ ਅਲੱਭ ਤੇ ਵਿਰਲੇ ਨਹੀਂ ਸਗੋਂ ਕੇਵਲ ਮਾਤਰ ਇਕੋ ਇਕ ਹੈ, ਜੋ ਤੁਹਾਡੀ ਮੇਹਰ ਦ੍ਰਿਸ਼ਟੀ ਤੋਂ ਬਾਅਦ ਨਿਰੋਲ ਕੁੰਦਨ ਤੇ ਅਪਰਸ ਹੋ ਕੇ ਸੰਸਾਰ ਅੰਦਰ ਸਾਡੇ ਨਾਮ ਨੂੰ ਉੱਚਾ ਤੇ ਅਮਰ ਕਰੇਗਾ। ਇਹ ਡੇਰਾ ਕੁਰੀ ਵਾਂਗ ਵਿਰਕਤ ਤੇ ਜੰਗਲ ਦਾ ਡੇਰਾ ਨਹੀਂ ਸੀ, ਇਹ ਯੋਗੀਸ਼ਵਰ ਦਾ ਡੇਰਾ ਸੀ ਇਸ ਕਰਕੇ ਲੰਗਰ ਵੀ ਮਹਾਨ ਹੀ ਸੀ। ਸੋ ਇਸ ਕਠਨ ਕਾਰਜ ਵਿਚ ਵੀ ਬਾਬਾ ਬੀਰ ਸਿੰਘ ਜੀ ਦਾ ਸਤਿ ਬਚਨ, ਸਤਿ ਵਿਹਾਰ, ਧੀਰਜ ਤੇ ਸੇਵਾ ਨੂੰ ਕਰਕੇ ਫਿਰ ਗਰਮ ਨਾ ਹੋਣਾ, ਇਨ੍ਹਾਂ ਗੁਣਾਂ ਨੇ ਇਨ੍ਹਾਂ ਦੀ ਚਰਚਾ ਸਾਰੇ ਹੀ ਸੇਵਕਾਂ ਅੰਦਰ ਕਰਾ ਦਿਤੀ, ਹਰ ਉਨਾ ਨਿਵਾਸੀ ਤੇ ਬਾਹਰ ਦੀ ਸੰਗਤ ਬਾਬਾ ਬੀਰ ਸਿੰਘ ਦੇ ਸੋਹਲੇ ਗਾਉਂਦੇ ਹਨ। ਇਕ ਦਿਨ ਬਾਬਾ ਸਾਹਿਬ ਸਿੰਘ ਜੀ ਨੇ ਕਿਹਾ, ਭਾਈ ਕੋਈ ਹੋਰ ਘਾਟ ਨਹੀਂ ਪਰ ਪਾਣੀ ਦੀ ਬੜੀ ਤਕਲੀਫ ਹੈ। ਜੇਕਰ ਇਕ ਵੱਡੀ ਬਾਉਲੀ ਬਣ ਜਾਵੇ ਤਦ ਸਾਰੇ ਨਗਰ ਦੀ ਤਕਲੀਫ ਵੀ ਦੂਰ ਹੋ ਜਾਵੇ, ਆਪ ਜੀ ਨੇ ਟਕ ਲਗਾ ਦਿਤਾ, ਬਾਬਾ ਬੀਰ ਸਿੰਘ ਜੀ ਕਹੀ ਕੁਹਾੜੀ ਤੇ ਬੇਲਚੇ ਲੈ ਕੇ ਸੇਵਾ ਅੰਦਰ ਜੁਟ ਗਏ, ਜਦੋਂ ਤੀਸਰੇ ਦਿਨ ਬਾਬਾ ਜੀ ਮੌਕਾ ਤੱਕਣ ਪਧਾਰੇ ਤਦ ਹੈਰਾਨ ਹੋ ਕੇ ਕਹਿਣ ਲੱਗੇ -

ਵਾਹ ਭਾਈ ਵਾਹ ਸੰਤ ਭਾਗ ਸਿੰਘ ਵੀ ਧੰਨ ਹਨ ਜਿਨ੍ਹਾਂ ਤੇਰੀ ਚੋਣ ਕੀਤੀ ਹੈ। ਤੇਰੇ ਅੰਦਰ ਸੰਸਾਰ ਦੇ ਦੁਖੀ ਜੀਵਾਂ ਦੇ ਬੋਝ ਚੁੱਕਣ ਤੇ ਉਨ੍ਹਾਂ ਹਿਤ ਕੁਰਬਾਨ ਹੋ ਜਾਣ ਦਾ ਮਾਦਾ ਅੰਤ ਤੇ ਪੁਜਾ ਹੋਇਆ ਹੈ, ਤੇਰੀ ਸੇਵਾ ਤੇ ਘਾਲਣਾ ਮਨਜੂਰ ਹੋਈ ਤੂੰ ਸਫਲ ਹੈਂ। ਤੇਰੀ ਕਮਾਈ ਪਰ ਕੌਮ ਸਦਾ ਮਾਣ ਕਰੇਗੀ।

ਉਸ ਸਮੇਂ ਮਾਝੇ ਦੀ ਧਰਤੀ ਤੋਂ ਸਰਦਾਰ ਚੰਦਾ ਸਿੰਘ ਪੁੱਜੇ ਹੋਏ ਸਨ, ਉਨ੍ਹਾਂ ਨੇ ਬਾਬਾ ਸਾਹਿਬ ਸਿੰਘ ਜੀ ਪਾਸ ਮਾਝੇ ਅੰਦਰ ਡੇਰਾ ਲਾਣ ਹਿਤ ਬੇਨਤੀ ਕੀਤੀ। ਸੋ ਉਨ੍ਹਾਂ ਦੀ ਪ੍ਰਾਰਥਨਾ ਮੰਨ ਕੇ ਬਾਬਾ ਸਾਹਿਬ ਸਿੰਘ ਜੀ ਨੇ ਬਾਬਾ ਬੀਰ ਸਿੰਘ ਜੀ ਨੂੰ ਇਹ ਕਹਿ ਕੇ ਤੋਰਿਆ, ਜਾਹ ਭਾਈ ਤੂੰਹੀ ਇਸ ਅੱਖੜ ਮਾਝੇ ਨੂੰ ਨਥੇਂਗਾ, ਜੋ ਕਿਸੇ ਅੱਗੇ ਨਹੀਂ ਝੁਕਿਆ, ਉਹ ਗਰਦਨ ਤੇਰੇ ਅੱਗੇ ਹੀ ਝੁਕਾਏਗਾ।

ਇਥੋਂ ਜਾ ਕੇ ਆਪ ਜੀ ਨੇ ਨੌਰੰਗਾਬਾਦ ਡੇਰਾ ਲਗਾਇਆ, ਜੋ ਮਾਝੇ ਦੀ ਨਾਭੀ ਵਿਚ ਸੀ। ਬਾਬਾ ਸਾਹਿਬ ਸਿੰਘ ਜੀ ਦੀ ਸਿੱਖੀ ਸੇਵਕੀ ਦੂਰ ਦਰਾਜ਼ ਤਕ ਸੀ ਪਰ ਮਾਝੇ ਅੰਦਰ ਕੋਈ ਵੀ ਡੇਰਾ ਜਾਂ ਆਪ ਜੀ ਦਾ ਕੋਈ ਵੱਡਾ ਸੇਵਕ ਨਹੀਂ ਸੀ। ਮਾਝੇ ਦੇ ਸਰਦਾਰ ਸਦਾ ਆਪਣੇ ਹੀ ਘੁਮੰਡ ਵਿਚ ਰਹਿੰਦੇ ਸਨ, ਇਸੇ ਹੀ ਕਰਕੇ ਬਾਬਾ ਜੀ ਨੇ ਅੱਖੜ ਝੋਟੇ ਕਹਿ ਕੇ ਉਨ੍ਹਾਂ ਨੂੰ ਯਾਦ ਕੀਤਾ ਸੀ। ਦੂਸਰੇ ਬਾਬਾ ਭਾਗ ਸਿੰਘ ਜੀ ਨੇ ਹਰ ਤਰ੍ਹਾਂ ਅਜ਼ਮਾਇਆ ਸੀ, ਫਿਰ ਇਥੋਂ ਵੀ ਉਹ ਸੇਵਾ ਤੇ ਸਾਧਨਾਂ ਦਾ ਸਪਸ਼ਟ ਪ੍ਰਮਾਣ ਪੱਤਰ ਪ੍ਰਾਪਤ ਕਰ ਬੈਠੇ ਸਨ। ਹੋਰ ਦੇਰ ਕਾਹਦੀ ਹੋਣੀ ਸੀ, ਆਪ ਨੂੰ ਭਰੋਸਾ ਸੀ ਕਿ ਕੋਈ ਸਖਤੀ ਕੋਈ ਲਾਲਚ, ਕੋਈ ਫਰੇਬ ਤੇ ਬਨਾਵਟ ਇਨ੍ਹਾਂ ਨੂੰ ਅਸਲ ਟਿਕਾਣੇ ਤੋਂ ਗਿਰਾ ਨਹੀਂ ਸਕੇਗੀ।

## ਪ੍ਰਤਾਪ ਵਧ ਗਿਆ

ਥੋੜ੍ਹੇ ਦਿਨਾਂ ਅੰਦਰ ਨੌਰੰਗਾਬਾਦ ਦੇ ਡੇਰੇ ਦਾ ਯਸ ਫੈਲ ਗਿਆ। ਪਹਿਲਾਂ ਤਾਂ ਪੰਗਤ ਵੀਹ ਤੀਹ ਆਦਮੀਆਂ ਦੀ ਲਗਦੀ ਸੀ, ਫਿਰ ਇਹ ਪੰਗਤ ਸੈਂਕੜੇ ਤੇ ਹੌਲੀ-ਹੌਲੀ ਹਜ਼ਾਰਾਂ ਤਕ ਪੁੱਜ ਗਈ। ਸੈਂਕੜੇ ਮਣ ਅਨਾਜ ਦਾ ਖਰਚ ਹੋਣ ਲੱਗਾ। ਮਾਝੇ ਦੇ ਦੁਆਬੇ ਅੰਦਰ ਇਹ ਕਹਾਵਤ ਹੀ ਚਲਦੀ ਸੀ, ਭਾਈ ਇਹ ਬਾਬਾ ਬੀਰ ਸਿੰਘ ਦਾ ਲੰਗਰ ਹੈ ਜਿਥੇ ਆਟੇ ਦਾ ਹਿਸਾਬ ਨਹੀਂ ਤੇ ਲੂਣ ਸਵਾ ਮਣ ਰੋਜ਼ ਲੰਗਰ ਵਿਚ ਪੈਂਦਾ ਹੈ, ਲੋਹਾਂ ਬਾਰੇ ਤੇ ਦੇਗਾਂ ਬਾਰੇ ਇਹ ਮਸ਼ਹੂਰ ਹੈ ਕਿ ਉਹ ਲੋਹਾਂ ਤੇ ਦੇਗਾਂ ਕੋਈ ਬਲੀ ਸੂਰਮਾ ਹੀ ਫਿਰ ਜੰਮੇਗਾ ਤਦ ਹੀ ਫਿਰ ਚੜ੍ਹਨਗੀਆਂ। ਦੇਗਾਂ ਵਿਚੋਂ ਦਾਲ ਪੌੜੀ ਲਗਾ ਕੇ ਹੀ ਕੱਢੀ ਜਾ ਸਕਦੀ ਸੀ। ਮੰਜਾ ਡਾਹ ਕੇ ਮਨੁੱਖ ਆਰਾਮ ਨਾਲ ਉਸ ਅੰਦਰ ਸੌਂ ਸਕਦਾ ਸੀ, ਆਪ ਜੀ ਦੇ ਲੰਗਰ ਅੰਦਰ ਪੰਜਾਹ ਤੋਂ ਉਪਰ ਆਦਮੀ ਹਰ ਸਮੇਂ ਕੰਮ ਕਰਦੇ ਸਨ। ਲੰਗਰ ਹਰ ਸਮੇਂ ਚਲਦਾ ਰਹਿਣਾ ਚਾਹੀਦਾ ਹੈ, ਸਵੇਰੇ ਜਦੋਂ ਤਕ ਨਵੀਂ ਅਰਦਾਸ ਨਾ ਹੋਵੇ, ਤਦ ਤਕ ਰਾਤ ਦੇ ਸਮੇਂ ਦੇਰ ਨਾਲ ਬਚਿਆ ਅਨਾਜ ਹੀ ਵਰਤਦਾ ਰਹੇ, ਪਰ ਕੋਈ ਵੀ ਮਨੁੱਖ ਕਿਸੇ ਵੀ ਸਮੇਂ ਭੁੱਖਾ ਨਹੀਂ ਜਾਣਾ ਚਾਹੀਦਾ, ਸਿਮਰਨ ਤੇ ਲੋਹ ਦੋਵੇਂ ਇੱਕੋ ਹੀ ਮਾਲਾ ਦੇ ਦੋ ਮਣਕਿਆਂ ਵਾਂਗ ਪ੍ਰੋਤੇ ਹੋਏ ਇਸ ਦਰ ਦੇ ਦੋ ਕੀਮਤੀ ਲਾਲਾਂ ਵਾਂਗ ਉਤਮ ਪਦਾਰਥ ਸਨ ਜਿਸ ਤੋਂ ਹਰ ਕੋਈ ਅਸਰ ਕਬੂਲਦਾ ਸੀ। ਜੋ ਆਦਮੀ ਇਕ ਵਾਰ ਆਪ ਦੇ ਦਰਸ਼ਨ ਕਰਨ ਆਇਆ ਉਹ ਫਿਰ ਹੋਰ ਕਿਸੇ ਮਹਾਂਪੁਰਖ ਪਾਸ ਜਾਣ ਜੋਗਾ ਨਹੀਂ ਰਿਹਾ। ਨਾਸਤਕ ਆਸਤਕ ਹੋ ਜਾਂਦੇ ਸਨ, ਵਿਗੜੇ ਹੋਏ ਸ਼ਰਾਬੀ ਤੇ ਆਦਿ ਬਦਮਾਸ਼ ਕੇਵਲ ਮਾਤਰ ਇਕ ਦਰਸ਼ਨ ਨਾਲ ਹੀ ਕ੍ਰਿਤਾਰਥ ਹੋ ਗਏ, ਆਪ ਦੇ ਦਰ ਪਰ ਕੋਈ ਵੀ ਲੰਗਰ ਤੇ ਭੰਡਾਰ ਦੀ ਰੋਕ ਨਹੀਂ ਸੀ, ਪਰ ਵਿਹਲੜ ਬੇਕਾਰ ਤੇ ਅਸ਼ਰਧਕ ਇਥੇ ਕਿਸੇ ਤਰ੍ਹਾਂ ਵੀ ਟਿਕ ਨਹੀਂ ਸਕਦਾ ਸੀ।

***(ਗਿਆਨੀ ਮੇਹਰ ਸਿੰਘ ਕ੍ਰਿਤ 'ਨੌ ਰਤਨ' ਵਿਚੋਂ ਧੰਨਵਾਦ ਸਹਿਤ)***

**********

# ਬਾਲਮ ਸਾਖੀਆਂ ਗੁਰੂ ਨਾਨਕ ਦੇਵ ਜੀ

## (ਬੱਚਿਆਂ ਲਈ ਵਿਸ਼ੇਸ਼)

*ਡਾ. ਭਾਈ ਵੀਰ ਸਿੰਘ ਜੀ*

### ਰਾਜਾ ਸ਼ਿਵਨਾਭ ਨੂੰ ਨਿਹਾਲ ਕੀਤਾ

ਸੰਗਲਾਦੀਪ ਇਕ ਟਾਪੂ ਸੀ ਤੇ ਉਥੇ ਰਾਜਾ ਸ਼ਿਵਨਾਭ ਦਾ ਰਾਜ ਸੀ। ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਮਨਸੁੱਖ ਵਪਾਰ ਦੇ ਸਬੰਧ ਵਿਚ ਸੰਗਲਾਦੀਪ ਗਿਆ ਤੇ ਉਥੇ ਗੁਰੂ ਨਾਨਕ ਦੀ ਬਾਣੀ ਸੁਣ ਕੇ ਅਨੇਕਾਂ ਲੋਕ ਗੁਰੂ ਜੀ ਦੇ ਸ਼ਰਧਾਲੂ ਹੋ ਗਏ। ਮਨਸੁਖ, ਰਾਜਾ ਸ਼ਿਵਨਾਭ ਨੂੰ ਵੀ ਮਿਲਿਆ। ਉਸ ਦੀਆਂ ਗੱਲਾਂ ਸੁਣ ਕੇ ਤੇ ਫਿਰ ਗੁਰਬਾਣੀ ਦੇ ਵਿਚਾਰ ਸੁਣ ਕੇ ਰਾਜਾ ਸ਼ਿਵਨਾਭ ਗੁਰੂ ਨਾਨਕ ਦੇਵ ਜੀ ਦਾ ਅਨਿਨ ਸੇਵਕ ਬਣ ਗਿਆ। ਬਿਨ ਦੇਖਿਆਂ ਅਜਿਹਾ ਪਿਆਰ ਪੈ ਗਿਆ ਕਿ ਹਰ ਵੇਲੇ ਗੁਰੂ ਜੀ ਦੀ ਯਾਦ ਵਿਚ ਹੀ ਮਗਨ ਰਹਿਣ ਲੱਗਾ। ਉਸੇ ਦੋ ਪ੍ਰੇਮ ਦੇ ਖਿੱਚੇ ਗੁਰੂ ਨਾਨਕ ਦੇਵ ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਸੰਗਲਾਦੀਪ ਪਹੁੰਚੇ ਤੇ ਰਾਜੇ ਦੇ ਬਾਗ ਵਿਚ ਜਾ ਉਤਾਰਾ ਕੀਤਾ। ਬਾਗ ਦੇ ਸੁੱਕੇ ਰੁੱਖ ਵੀ ਗੁਰੂ ਨਾਨਕ ਦੇਵ ਦੀ ਚਰਨ ਛੋਹ ਨਾਲ ਹਰੇ ਹੋਣ ਲੱਗ ਪਏ।

ਰਾਜਾ ਸ਼ਿਵਨਾਭ, ਉਹਦੀ ਰਾਣੀ ਤੇ ਸਾਰੇ ਵਜ਼ੀਰ ਦਰਸ਼ਨ ਕਰਕੇ ਨਿਹਾਲ ਹੋਏ। ਮਨ ਨੂੰ ਸੁੱਖ ਸ਼ਾਂਤੀ ਤੇ ਠੰਢ ਮਿਲੀ। ਰਾਜੇ ਨੇ ਘਰ ਚੱਲਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ ਕਿ ਧਰਮਸਾਲ ਬਣਵਾਓ ਉਥੇ ਚਲਾਂਗੇ, ਜਿਥੇ ਹਰ ਕੋਈ ਆ ਸਕੇ। ਧਰਮਸਾਲ ਬਣ ਗਈ ਤਾਂ ਗੁਰੂ ਜੀ ਉਥੇ ਹੀ ਬਿਰਾਜੇ। ਸਾਰੇ ਰਾਜ ਦੇ ਲੋਕ ਸਵੇਰੇ ਸ਼ਾਮ ਦਰਸ਼ਨ ਕਰਦੇ, ਕੀਰਤਨ ਸੁਣਦੇ ਤੇ ਗੁਰੂ ਜੀ ਦੇ ਇਲਾਹੀ ਬਚਨ ਸਰਵਣ ਕਰਦੇ। ਗੁਰੂ ਜੀ ਨੇ ਇਥੇ ਸੰਗਤ ਕਾਇਮ ਕੀਤੀ। ਰਾਜਾ ਸ਼ਿਵਨਾਭ ਨੂੰ ਪ੍ਰਚਾਰ ਦਾ ਮੁਖੀ ਥਾਪਿਆ ਤੇ ਕਿਹਾ ਕਿ ਮਨੁੱਖ ਮਾਤਰ ਦੇ ਕਲਿਆਨ ਲਈ ਰਾਜ ਵੀ ਕਰੋ ਤੇ ਲੋਕਾਂ ਨੂੰ ਪ੍ਰਭੂ ਨਾਲ ਜੋੜਨ ਦੀ ਸੇਵਾ ਵੀ ਕਰੋ।

ਗੁਰੂ ਜੀ ਨੇ ਇਹੀ ਸਮਝਾਇਆ ਕਿ ਸੰਸਾਰ ਦੇ ਕਾਰ ਵਿਹਾਰ ਕਰਦਿਆਂ ਮਨੁੱਖਤਾ ਦੀ ਸੇਵਾ ਵੀ ਹੋ ਸਕਦੀ ਹੈ ਤੇ ਪ੍ਰਭੂ ਦੇ ਸਿਮਰਨ ਨਾਲ ਮਨੁੱਖੀ ਆਤਮਾ ਪ੍ਰਮਾਤਮਾ ਤਕ ਵੀ ਆਪਣੇ ਪ੍ਰੇਮ ਨਾਲ ਜੁੜ ਸਕਦੀ ਹੈ। ਰਾਜਾ ਸ਼ਿਵਨਾਭ ਜੋ ਰਾਜ ਭਾਗ ਤਿਆਗ ਕੇ ਪ੍ਰਭੂ ਭਗਤੀ ਲਈ ਸੰਨਿਆਸੀ ਬਣਨਾ ਚਾਹੁੰਦਾ ਸੀ, ਉਸਨੂੰ ਗਿਆਨ ਦਿਤਾ ਕਿ ਉਹ 'ਸੰਗਤ' ਦਾ ਮੁਖੀ ਬਣ ਕੇ ਪ੍ਰਭੂ ਪ੍ਰੇਮ ਵਿਚ ਤਾਰੀਆਂ ਲਾ ਸਕਦਾ ਹੈ ਤੇ ਦੂਜੇ ਪਾਸੇ ਸੰਗਲਾਦੀਪ ਦਾ ਰਾਜਾ ਹੁੰਦਿਆਂ ਮਨੁੱਖਤਾ ਦੀ ਸੇਵਾ ਕਰਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ।

ਸੰਗਲਾਦੀਪ ਵਿਚ ਰਾਜੇ ਦੇ ਨਾਲ ਬਹੁਤੀ ਵਸੋਂ ਨਾਨਕ ਨਾਮ ਲੇਵਾ ਸਿੱਖ ਬਣ ਗਈ। ਗੁਰੂ ਅਰਜਨ ਦੇਵ ਜੀ ਨੇ ਭਾਈ ਪੈੜੇ ਨੂੰ ਸੰਗਲਾਦੀਪ ਭੇਜਿਆ ਤਾਂ ਉਹਨੇ ਆ ਕੇ ਦਸਿਆ ਕਿ ਰਾਜਾ ਸ਼ਿਵਨਾਭ ਦਾ ਪੋਤਰਾ ਰਾਜ ਕਰ ਰਿਹਾ ਹੈ। ਉਸੇ ਤਰ੍ਹਾਂ ਸੰਗਲਾਦੀਪ ਵਿਚ ਸੰਗਤ ਕਾਇਮ ਹੈ ਤੇ ਗੁਰਸਿੱਖੀ ਦੀ ਫੁਲਵਾੜੀ ਖਿੜੀ ਹੋਈ ਹੈ। ਕਈ ਥਾਂ ਲਿਖਿਆ ਹੈ ਕਿ ਗੁਰੂ ਜੀ ਨੇ ਇਕ ਰਚਨਾ 'ਪ੍ਰਾਣ ਸੰਗਲੀ' ਉਥੇ ਉਚਾਰੀ ਸੀ ਜੋ ਭਾਈ ਪੈੜਾ ਲੈਣ ਗਿਆ ਸੀ। ਇਹ ਵੀ ਜ਼ਿਕਰ ਹੈ ਕਿ ਜਾਪਾ ਪਟਨ ਬੰਦਰਗਾਹ ਤੋਂ ਉਸ ਸਮੇਂ ਜਹਾਜ਼ ਜਾਂ ਬੇੜੇ ਤਿੰਨ ਦਿਨਾਂ ਵਿਚ ਸੰਗਲਾਦੀਪ ਪਹੁੰਚਦੇ ਸਨ।

### ਭਰਥਰੀ ਜੋਗੀ ਨੂੰ ਜੀਵਨ ਗਿਆਨ ਦਿਤਾ

ਗੁਰੂ ਨਾਨਕ ਦੇਵ ਦੱਖਣ ਵਿਚ ਕਜਲੀ ਬਨ ਵਿਚ ਉਥੇ ਪਹੁੰਚੇ ਜਿਥੇ ਜੋਗੀਆਂ ਦਾ ਬਹੁਤ ਵੱਡਾ ਆਸ਼ਰਮ ਸੀ ਤੇ ਸਾਰਾ ਇਲਾਕਾ ਇਥੇ ਆਉਂਦਾ ਸੀ। ਗੁਰੂ ਜੀ ਨੇ ਆਸ਼ਰਮ ਨੂੰ ਜਾਂਦੇ ਰਾਹ ਤੇ ਇਕ ਰੁਖ ਹੇਠ ਡੇਰਾ ਲਾਇਆ ਤੇ ਕੀਰਤਨ ਸ਼ੁਰੂ ਹੋ ਗਿਆ। ਆਉਂਦੇ ਜਾਂਦੇ ਲੋਕ ਰੁਕ ਜਾਂਦੇ ਤੇ ਕੀਰਤਨ ਉਪਦੇਸ਼ ਸੁਣ ਕੇ ਨਿਹਾਲ ਹੋਣ ਲਗ ਪਏ। ਆਸ਼ਰਮ ਦਾ ਮੁਖੀ, ਭਰਥਰੀ ਜੋਗੀ ਸੀ ਜਿਸ ਅੱਗੇ ਸਭ ਝੁਕਦੇ ਤੇ ਨਮਸ਼ਕਾਰ ਕਰਦੇ ਸਨ। ਉਹਨੇ ਜਦ ਗੁਰੂ ਜੀ ਦੀ ਉਸਤਤ ਸੁਣੀ ਤਾਂ ਉਹ ਵੀ ਦਰਸ਼ਨਾਂ ਨੂੰ ਆਇਆ। ਕੀਰਤਨ ਤੇ ਇਲਾਹੀ ਬਚਨ ਸੁਣ ਕੇ ਉਹਦਾ ਸਿਰ ਆਪ ਮੁਹਾਰੇ ਝੁਕ ਗਿਆ। ਉਹਦੇ ਕਪਾਟ ਖੁੱਲ੍ਹ ਗਏ ਤੇ ਆਪਣਾ ਸਾਰਾ ਅਭਿਮਾਨ ਜਾਂਦਾ ਰਿਹਾ। ਉਹਦੇ ਮੱਥਾ ਟੇਕਣ ਨਾਲ ਸਾਰੇ ਜੋਗੀਆਂ ਤੇ ਜਗਿਆਸੂਆਂ ਤੇ ਡੂੰਘਾ ਪ੍ਰਭਾਵ ਪਿਆ।

ਗੁਰੂ ਜੀ ਨਾਲ ਕਈ ਦਿਨ ਵਿਚਾਰਾਂ ਹੋਈਆਂ ਤੇ ਹਰ ਵਿਸ਼ੇ ਤੇ ਉਹਨੇ ਮੰਨਿਆ ਕਿ ਤੁਹਾਡਾ ਗੁਰਮਤਿ ਦਾ ਰਾਹ ਠੀਕ ਹੈ। ਗੁਰੂ ਜੀ ਇਕ ਦਿਨ ਉਨ੍ਹਾਂ ਦੇ ਆਸ਼ਰਮ ਵਿਚ ਵੀ ਗਏ, ਉਦੋਂ ਸਭ ਜੋਗੀ ਸ਼ਰਾਬ ਆਦਿ ਦੇ ਨਸ਼ੇ ਵਿਚ ਸਨ। ਗੁਰੂ ਨਾਨਕ ਨੇ ਇਨ੍ਹਾਂ ਝੂਠਿਆਂ ਨਸ਼ਿਆਂ ਨੂੰ ਤਿਆਗਣ ਤੇ ਨਾਮ ਦਾ ਅਸਲੀ ਨਸ਼ਾ ਪ੍ਰਾਪਤ ਕਰਨ ਲਈ ਦਲੀਲਾਂ ਨਾਲ ਕਾਇਲ ਕੀਤਾ। ਭਰਥਰੀ ਜੋਗੀ ਸਿੱਖ ਬਣ ਗਿਆ ਤੇ ਉਥੇ ਉਹਨੇ ਸਿੱਖ ਸੰਗਤ ਕਾਇਮ ਕੀਤੀ। ਪਿਛੋਂ ਉਥੇ ਸ਼ਾਨਦਾਰ ਗੁਰਦੁਆਰਾ ਵੀ ਉਸਰ ਗਿਆ। ਭਰਥਰੀ ਗੁਰੂ ਜੀ ਦੇ ਨਾਲ ਹੀ ਰਹਿਣ ਲਈ ਇਛਾਵਾਨ ਸੀ ਪਰ ਗੁਰੂ ਜੀ ਨੇ ਉਹਨੂੰ ਉਥੇ ਰਹਿ ਕੇ ਹੀ ਲੋਕ ਸੇਵਾ ਕਰਨਾ ਦਾ ਉਪਦੇਸ਼ ਦਿਤਾ।

### ਝੁੱਗੀ ਢਾਹੀ ਤੇ ਕਿਰਪਾ ਕੀਤੀ

ਗੁਰੂ ਨਾਨਕ ਦੇਵ ਜੀ ਦੱਖਣ ਵਲੋਂ ਵਾਪਸ ਪੰਜਾਬ ਵਲ ਆ ਰਹੇ ਸਨ ਤਾਂ ਰਸਤੇ ਵਿਚ ਇਕ ਨਗਰ ਪਹੁੰਚੇ। ਜ਼ੋਰ ਨਾਲ ਮੀਂਹ ਪੈਣ ਲਗ ਗਿਆ। ਕਾਂਬਾ ਛੇੜਨ ਵਾਲੀ ਠੰਡੀ ਹਵਾ ਵੀ ਚਲ ਪਈ। ਗੁਰੂ ਜੀ ਤੇ ਉਨ੍ਹਾਂ ਨਾਲ ਦੋ ਸਾਥੀ ਨਗਰ ਵਿਚ ਗਏ। ਕਿਸੇ ਨੇ ਥਾਂ ਨਾ ਦਿਤੀ, ਕਿਸੇ ਦਰਵਾਜ਼ਾ ਨਾ ਖੋਲ੍ਹਿਆ। ਗੁਰੂ ਜੀ ਨਗਰ ਤੋਂ ਬਾਹਰ ਵਸਦੇ ਮੀਂਹ ਵਿਚ ਨਿਕਲ ਆਏ। ਬਾਹਰ ਇਕ ਝੁੱਗੀ ਦੇਖੀ ਤੇ ਉਸ ਕੋਲ ਗਏ। ਉਸ ਝੁੱਗੀ ਵਿਚ ਇਕ ਗਰੀਬ ਕਿਰਤੀ ਰਹਿੰਦਾ ਸੀ ਜੋ ਫਸਲਾਂ ਦੀ ਬਿਜਾਈ ਤੇ ਕਟਾਈ ਸਮੇਂ ਮਿਹਨਤ ਮਜ਼ਦੂਰੀ ਕਰਕੇ ਢਿੱਡ ਭਰਦਾ ਸੀ। ਉਸ ਬਾਢੀ ਨੇ ਗੁਰੂ ਜੀ ਨੂੰ ਜੀ ਆਇਆਂ ਆਖਿਆ। ਅੰਦਰ ਬਿਠਾਇਆ। ਇੱਕੋ ਮੰਜੀ

ਸੀ, ਉਹ ਗੁਰੂ ਜੀ ਨੂੰ ਦੇ ਦਿਤੀ। ਝੁੱਗੀ ਵਿਚ ਥੱਲੇ ਘਾਹ ਪਰਾਲੀ ਵਿਛੀ ਹੋਈ ਸੀ, ਉਹਦੇ ਤੇ ਸੈਦੋਂ ਤੇ ਸੀਹੋਂ ਨੂੰ ਥਾਂ ਦੇ ਦਿਤੀ।

ਬਾਢੀ ਨੇ ਫਿਰ ਪਿਆਰ ਨਾਲ ਪਾਣੀ ਗਰਮ ਕਰਕੇ ਮੂੰਹ ਹਥ ਧੁਆਇਆ। ਫਿਰ ਆਪ ਹੀ ਉਸ ਚੁਲ੍ਹੇ ਤੇ ਮਕੱਈ ਦੇ ਆਟੇ ਦੀ ਰੋਟੀ ਬਣਾਈ ਤੇ ਪਹਿਲਾਂ ਬਣੇ ਪਏ ਸਾਗ ਨਾਲ ਉਹ ਰੋਟੀ ਸਤਿਗੁਰਾਂ ਅੱਗੇ ਰੱਖ ਕੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ ਕਿ ਇਹ ਭੋਜਨ ਪ੍ਰਵਾਨ ਕਰੋ। ਭਾਵੇਂ ਇਹ ਮਹਾਂਪੁਰਖਾਂ ਦੇ ਲਾਇਕ ਨਹੀਂ ਪਰ ਮੇਰੀ ਸਮਰਥਾ ਵਿਚ ਇਹੋ ਹੈ। ਮੇਰੇ ਪਾਸ ਜੋ ਹੈ, ਉਹ ਹਾਜ਼ਰ ਹੈ। ਸਤਿਗੁਰੂ ਉਸ ਦਾ ਪਿਆਰ ਤੇ ਸੇਵਾ ਭਾਵਨਾ ਦੇਖ ਕੇ ਖੁਸ਼ ਹੋਏ। ਉਸ ਵਲ ਕ੍ਰਿਪਾ ਦ੍ਰਿਸ਼ਟੀ ਨਾਲ ਦੇਖਿਆ ਤੇ ਫਿਰ ਸੈਦੋਂ ਤੇ ਸੀਂਹੇ ਨੂੰ ਇਹ ਰੋਟੀ ਖਾਣ ਲਈ ਆਖ ਕੇ ਸਤਿਗੁਰੂ ਨੇ ਆਪ ਵੀ ਖਾ ਲਈ।

ਸਵੇਰੇ ਜਦ ਉਠੇ ਤਾਂ ਬਾਢੀ ਪਾਸ ਜੋ ਕੁਝ ਸੀ, ਉਸ ਅੱਗੇ ਲਿਆ ਰੱਖਿਆ। ਬੜੀ ਸ਼ਰਧਾ ਨਾਲ ਉਹਨੇ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ, ਇਹ ਤੇਰੀ ਝੁੱਗੀ ਚੰਗੀ ਨਹੀਂ, ਕਿਉਂ ਨਾ ਢਾਹ ਦੇਈਏ।' ਬਾਢੀ ਨੇ ਕਿਹਾ, ਜਿਵੇਂ ਤੁਹਾਡੀ ਰਜ਼ਾ। ਗੁਰੂ ਜੀ ਨੇ ਆਪ ਝੁੱਗੀ ਢਾਹ ਦਿਤੀ ਤੇ ਮੰਜਾ ਕੱਢ ਕੇ ਤੋੜ ਦਿਤਾ। ਸੈਦੋਂ ਤੇ ਸੀਂਹਾਂ ਹੈਰਾਨ ਸਨ ਕਿ ਜਿਸ ਨੇ ਸਾਨੂੰ ਰਾਤ ਆਸਰਾ ਦਿਤਾ ਤੇ ਸੇਵਾ ਕੀਤੀ, ਉਹਦੀ ਝੁੱਗੀ ਕਿਉਂ ਢਾਹ ਦਿਤੀ ਏ? ਪਰ ਉਹ ਚੁੱਪ ਰਹੇ।

ਦੋ ਦਿਨ ਹੋਰ ਸਫਰ ਕਰਨ ਪਿਛੋਂ ਸੈਦੋਂ ਤੋਂ ਰਹਿ ਨਾ ਹੋਇਆ। ਉਹਨੇ ਸਤਿਗੁਰੂ ਤੋਂ ਹੱਥ ਜੋੜ ਕੇ ਝੁੱਗੀ ਢਾਹੁਣ ਦਾ ਕਾਰਨ ਪੁਛਿਆ ਤਾਂ ਗੁਰੂ ਜੀ ਨੇ ਮੁਸਕਰਾ ਕੇ ਉਤਰ ਦਿਤਾ, ਤੁਸੀਂ ਅੱਖੀਂ ਜਾ ਕੇ ਦੇਖ ਆਉ। ਗੁਰੂ ਜੀ ਦੇ ਆਦੇਸ਼ ਅਨੁਸਾਰ ਜਦੋਂ ਸੈਦੋਂ ਵਾਪਸ ਉਸ ਨਗਰ ਝੁੱਗੀ ਵਾਲੀ ਥਾਂ ਗਿਆ ਤਾਂ ਉਥੇ ਬਾਢੀ ਸ਼ਾਨਦਾਰ ਮਕਾਨ ਬਣਵਾ ਰਿਹਾ ਸੀ। ਜਦ ਉਹਨੂੰ ਪੁਛਿਆ ਤਾਂ ਉਹਨੇ ਦਸਿਆ ਕਿ ਮੈਂ ਮੁੜ ਝੁੱਗੀ ਖੜੀ ਕਰਨ ਲਈ ਜਦ ਨੀਹਾਂ ਪੁੱਟਣ ਲੱਗਾ ਤਾਂ ਹੇਠੋਂ ਮੋਹਰਾਂ ਦੇ ਭਰੇ ਦਾਬੜੇ ਨਿਕਲ ਆਏ। ਮੈਂ ਉਸ ਧਨ ਨਾਲ ਇਕ ਮਕਾਨ ਬਣਾ ਰਿਹਾ ਹਾਂ ਤੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਥੇ ਧਰਮਸਾਲ ਉਸਾਰਾਂਗਾ। ਸਾਰੀ ਉਮਰ ਇਥੇ ਬੈਠ ਕੇ ਪ੍ਰਭੂ ਦੇ ਗੁਣ ਗਾਵਾਂਗਾ।

## ਜਦ ਬਟਾਲੇ ਸਹੁਰੇ ਨਗਰ ਗਏ

ਗੁਰੂ ਜੀ ਆਪਣੇ ਸਹੁਰੇ ਨਗਰ ਬਟਾਲੇ ਆ ਗਏ ਜਿਥੇ ਉਨ੍ਹਾਂ ਦੀ ਸੁਪਤਨੀ ਤੇ ਦੋਵੇਂ ਸਪੁੱਤਰ ਸੁਲਤਾਨਪੁਰ ਲੋਧੀ ਵਿਚ ਮਾਤਾ ਨਾਨਕੀ ਦੇ ਅਕਾਲ ਚਲਾਣੇ ਪਿਛੋਂ ਆਪਣੇ ਨਾਨਕੇ ਘਰ ਰਹਿ ਰਹੇ ਸਨ। ਮਹਿਤਾ ਕਾਲੂ ਨੇ ਰਾਇ ਭੋਏ ਦੀ ਤਲਵੰਡੀ ਚੱਲਣ ਲਈ ਜ਼ੋਰ ਪਾਇਆ ਪਰ ਮੂਲੇ ਚੋਣੇ ਖੱਤਰੀ ਨੇ ਨਾ ਜਾਣ ਦਿਤਾ। ਨਗਰ ਦੇ ਬਾਹਰ ਚੌਧਰੀ ਅਜਿੱਤਾ ਰੰਧਾਵਾ ਦੇ ਖੂਹ ਤੇ ਗੁਰੂ ਜੀ ਨੇ ਡੇਰੇ ਲਾ ਲਏ ਤੇ ਉਥੇ ਹੀ ਕੀਰਤਨ ਸ਼ੁਰੂ ਹੋ ਗਿਆ।

ਧੁੰਮਾਂ ਪੈ ਗਈਆਂ ਕਿ ਮੂਲੇ ਚੋਣੇ ਖਤਰੀ ਦਾ ਜਵਾਈ ਸਾਧੂ ਬਣ ਕੇ ਆ ਗਿਆ ਹੈ ਤੇ ਬਾਹਰ ਖੇਤਾਂ ਵਿਚ ਖੂਹ ਤੇ ਡੇਰੇ ਲਾ ਲਏ ਸੂ। ਮੂਲਾ ਖੱਤਰੀ ਗੁੱਸੇ ਦਾ ਭਰਿਆ ਚੌਧਰੀ ਅਜਿੱਤਾ ਰੰਧਾਵਾ ਸਮੇਤ ਖੂਹ ਤੇ ਆਇਆ ਤੇ ਬਹੁਤ ਗੁੱਸਾ ਪ੍ਰਗਟ ਕੀਤਾ ਪਰ ਅਜਿੱਤਾ ਰੰਧਾਵਾ ਕੀਰਤਨ ਸੁਣ ਕੇ ਤੇ ਗੁਰੂ ਜੀ ਦੇ ਬਚਨ ਸਰਵਣ ਕਰਕੇ ਬੇਹੱਦ ਸ਼ਰਧਾਲੂ ਹੋ ਗਿਆ। ਮੂਲੇ ਖਤਰੀ ਨੇ ਘਰ ਚੱਲਣ ਲਈ ਕਿਹਾ ਤਾਂ ਗੁਰੂ ਜੀ ਨੇ ਨਾਂਹ ਕਰ ਦਿਤੀ। ਉਹਦੇ ਕੌੜੇ ਬਚਨਾਂ ਦਾ ਕੋਈ ਉਤਰ ਨਾ ਦਿਤਾ। ਮੂਲਾ ਖੱਤਰੀ ਘਰ ਗਿਆ, ਭੋਜਨ ਤਿਆਰ ਕਰਵਾ ਕੇ ਤੇ ਨਵੇਂ ਕੱਪੜੇ ਲੈ ਕੇ ਆ ਗਿਆ। ਗੁਰੂ ਜੀ ਨੇ ਨਾ ਖਾਣਾ ਖਾਧਾ ਤੇ ਨਾ ਕੱਪੜੇ ਬਦਲੇ। ਮੂੰਹ ਤੋਂ ਵੀ ਕੁਝ ਨਾ ਕਿਹਾ। ਇਤਨੇ ਵਿਚ ਦੋਵੇਂ ਸਪੁੱਤਰ ਸ੍ਰੀ ਚੰਦ ਤੇ ਲਖਮੀ ਦਾਸ ਵੀ ਆ ਗਏ ਤੇ ਮੱਥਾ ਟੇਕ ਕੇ ਸੰਗਤ ਵਿਚ ਬੈਠ ਗਏ।

ਅਗਲੇ ਦਿਨ ਮੂਲੇ ਸ਼ਾਹ, ਉਹਦੀ ਪਤਨੀ ਤੇ ਧੀ ਬੀਬੀ ਸੁਲੱਖਣੀ ਵੀ ਆ ਗਏ। ਉਹ ਗੁੱਸੇ ਵਿਚ ਭਰੇ ਕਬੋਲ ਬੋਲ ਰਹੇ ਸਨ ਜਦੋਂ ਅਜਿੱਤਾ ਰੰਧਾਵਾ ਨੇ ਆ ਕੇ ਰੋਕਿਆ ਤੇ ਕਿਹਾ ਕਿ ਇਹ ਰੱਬ ਦਾ ਰੂਪ ਹਨ। ਇਨ੍ਹਾਂ ਦੀ ਰਜ਼ਾ ਵਿਚ ਰਾਜ਼ੀ ਰਹੋ ਤਾਂ ਸੁਖੀ ਰਹੋਗੇ। ਮੂਲੇ ਸ਼ਾਹ ਨੇ ਕਿਹਾ ਕਿ ਹੁਣ ਮੈਂ ਇਨ੍ਹਾਂ ਦੇ ਪਰਿਵਾਰ ਦਾ ਭਾਰ ਤੇ ਖਰਚਾ ਨਹੀਂ ਬਰਦਾਸ਼ਤ ਕਰ ਸਕਦਾ। ਅਜਿੱਤਾ ਰੰਧਾਵਾ ਨੇ ਕਿਹਾ ਕਿ ਮੈਂ ਖਰਚਾ ਦਿਤੀ ਜਾਵਾਂਗਾ। ਕਈ ਦਿਨ ਦੇ ਚੱਕਰ ਮਾਰਨ ਪਿਛੋਂ ਮੂਲੇ ਸ਼ਾਹ ਤੇ ਉਹਦੀ ਪਤਨੀ ਦੇ ਕਪਾਟ ਖੁੱਲ੍ਹੇ ਤੇ ਉਨ੍ਹਾਂ ਨੂੰ ਸਮਝ ਆਈ ਕਿ ਇਹ ਤਾਂ ਕਰਤਾਰ ਦੇ ਮਿਥੇ ਪ੍ਰੋਗਰਾਮ ਅਨੁਸਾਰ ਚਲ ਰਹੇ ਹਨ। ਉਨ੍ਹਾਂ ਮਾੜੇ ਬੋਲੇ ਬਚਨਾਂ ਲਈ ਖਿਮਾਂ ਮੰਗੀ। ਦਾਤੇ ਨੇ ਉਨ੍ਹਾਂ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਮਨ ਦੀ ਸ਼ਾਂਤੀ ਬਖਸ਼ ਦਿਤੀ। ਅਜਿੱਤਾ ਰੰਧਾਵਾ ਤਾਂ ਗੁਰੂ ਜੀ ਦੀ ਸੇਵਾ ਕਰਦਿਆਂ ਮਹਾਨ ਮਹਾਤਮਾ ਬਣ ਗਿਆ।

ਗੁਰੂ ਜੀ ਕਾਫੀ ਦਿਨ ਇਥੇ ਰਹੇ ਤੇ ਫਿਰ ਕਰਤਾਰਪੁਰ ਚਲੇ ਗਏ। ਅਜਿੱਤਾ ਰੰਧਾਵਾ ਮਾਤਾ ਸੁਲੱਖਣੀ ਤੇ ਦੋਹਾਂ ਸਪੁੱਤਰਾਂ ਸ੍ਰੀ ਚੰਦ ਤੇ ਲਖਮੀ ਦਾਸ ਨੂੰ ਲੈ ਕੇ ਕਰਤਾਰਪੁਰ ਪਹੁੰਚ ਗਿਆ ਤੇ ਪਰਿਵਾਰ ਨੂੰ ਗੁਰੂ ਸਾਹਿਬ ਪਾਸ ਛੱਡ ਆਇਆ।

## ਸੁਮੇਰ ਪਰਬਤ ਤੇ ਤਪਸਵੀਆਂ ਨਾਲ ਗੋਸ਼ਟ

ਗੁਰੂ ਜੀ ਤੀਜੀ ਉਦਾਸੀ ਵਿਚ ਦੇਸ਼ ਦੇ ਉਤਰੀ ਭਾਗ, ਹਿਮਾਲਿਆ ਦੀਆਂ ਚੋਟੀਆਂ ਤਕ ਗਏ। ਇਸ ਸਮੇਂ ਕਸ਼ਮੀਰ ਤੋਂ ਹੁੰਦੇ ਲਦਾਖ ਤੇ ਤਿੱਬਤ ਦੇ ਇਲਾਕੇ ਵਿਚ ਮਾਨਸਰੋਵਰ ਝੀਲ ਤਕ ਗਏ। ਇਸ ਖੇਤਰ ਵਿਚ ਬੜੇ ਸਿੱਧ, ਯੋਗੀ ਤੇ ਪਹਾੜਾਂ ਵਿਚ ਤਪਸਿਆ ਕਰਨ ਵਾਲਿਆਂ ਨੂੰ ਅਸਲੀ ਜੀਵਨ ਗਿਆਨ ਦਿਤਾ। ਸਿੱਧ ਗੋਸ਼ਟ ਵਿਚ ਉਸ ਸਾਰੇ ਵਿਚਾਰ ਵਟਾਂਦਰੇ ਦਾ ਸਾਰ ਹੈ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਤੁਸੀਂ ਸਮਾਜ ਤੇ ਭਾਈਚਾਰੇ ਦੇ ਕਲਿਆਣ ਲਈ ਕੁਝ ਨਹੀਂ ਕਰ ਰਹੇ। ਜਿਸ ਗ੍ਰਹਿਸਤ ਨੂੰ ਤਿਆਗ ਕੇ ਪਹਾੜਾਂ ਦੀਆਂ ਚੋਟੀਆਂ ਤੇ ਤੁਸੀਂ ਤਪ ਕਰ ਰਹੇ ਹੋ, ਉਨ੍ਹਾਂ ਗ੍ਰਹਿਸਤੀਆਂ ਤੋਂ ਹੀ ਮੁੜ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਆਸ ਕਰਦੇ ਹੋ। ਅਸਲ ਤਪਸੱਵੀ ਉਹ ਹੈ ਜੋ ਆਪ ਪ੍ਰਭੂ ਦਾ ਸਿਮਰਨ ਕਰੇ ਤੇ ਦੂਜੇ ਸੰਸਾਰੀ ਲੋਕਾਂ ਨੂੰ ਵੀ ਜੀਵਨ ਦਾ ਅਸਲੀ ਗਿਆਨ ਦੇਵੇ। ਲੋਕਾਂ ਦੇ ਦੁਖ ਸੁਖ ਵਿਚ ਭਾਈਵਾਲ ਹੋਣ ਵਾਲਾ ਹੀ ਅਸਲ ਯੋਗੀ ਹੈ। ਗੁਰੂ ਨਾਨਕ ਨਾਲ ਵਿਚਾਰ ਵਟਾਂਦਰੇ ਪਿਛੋਂ ਅਨੇਕਾਂ ਤਪੱਸਵੀ ਸਿੱਖ ਬਣ ਗਏ। ਤਿੱਬਤ ਤਕ ਇਸ ਹਿਮਾਲਿਆ ਦੇ ਪਹਾੜਾਂ ਵਿਚ ਹਜ਼ਾਰਾਂ ਲੋਕ ਉਦੋਂ ਤੋਂ ਗੁਰੂ ਨਾਨਕ ਨੂੰ ਆਪਣਾ ਗੁਰੂ ਤੇ ਰਹਿਬਰ ਮੰਨਦੇ ਆ ਰਹੇ ਹਨ।

(------)

# ਉਤਸ਼ਾਹ ਭਰਪੂਰ ਸਹਿਜ ਮਾਰਗ ਭਾਗ - ੨
# (PATH OF FIRE AND LIGHT) Vol. II

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-61)*

ਸੋ ਇਹ ਕਿਹਾ ਜਾ ਸਕਦਾ ਹੈ ਕਿ ਆਵਾਜ਼ ਨੂੰ ਅਨੁਭਵ ਕਰਨ ਦੇ ਤਿੰਨ ਤਰੀਕੇ ਹਨ। ਜਦੋਂ ਆਵਾਜ਼ ਹੁੰਦੀ ਹੈ ਉਹ ਲਹਿਰ ਪੈਦਾ ਕਰਦੀ ਹੈ। ਇੱਕ ਰਾਹ ਬਣਾਉਂਦੀ ਹੈ, ਇੱਕ ਬਹਾਅ ਬਣਾਉਂਦੀ ਹੈ। ਆਵਾਜ਼ ਕਿਸ ਤਰ੍ਹਾਂ ਦੀ ਹੈ ਉਹ ਉਸ ਦੀ ਗਤੀ ਤੋਂ ਪਤਾ ਲਗਦਾ ਹੈ। ਗਤੀ ਕਿਵੇਂ ਬਣੀ। ਆਵਾਜ਼ ਚਕਿਤਸਾ ਵਿਚ ਤੁਸੀਂ ਆਵਾਜ਼ ਦੀ ਗਤੀ ਦੀ ਵਰਤੋਂ ਕਰਦੇ ਹੋ। ਜੇਕਰ ਤੁਹਾਨੂੰ ਆਵਾਜ਼ ਦੀ ਗਤੀ ਦਾ ਗਿਆਨ ਹੋਵੇ ਤੁਸੀਂ ਆਵਾਜ਼ ਚਕਿਤਸਾ, ਮਨੁੱਖਾਂ ਲਈ ਤੇ ਚਕਿਤਸਾ ਲਈ, ਦੋਨਾਂ ਲਈ ਵਰਤ ਸਕਦੇ ਹੋ। ਸ਼ਬਦ ਬਾਹਰ ਦੇ ਭਾਵ ਪ੍ਰਗਟ ਕਰਦਾ ਹੈ, ਵਾਸਤਵ ਵਿਚ ਆਵਾਜ਼ ਆਪਣੇ ਆਪ ਵਿਚ ਬਹੁਤ ਸ਼ਕਤੀਸ਼ਾਲੀ, ਤਾਕਤ ਹੈ। ਆਵਾਜ਼ ਅੰਦਰੋਂ ਬਾਹਰੋਂ ਦੋਨੋਂ ਪਾਸਿਓਂ ਵਰਤੀ ਜਾ ਸਕਦੀ ਹੈ। ਸ਼ਬਦ ਕੇਵਲ ਬਾਹਰ ਹੀ ਵਰਤੇ ਜਾ ਸਕਦੇ ਹਨ, ਸ਼ਬਦ ਅੰਦਰ ਨਹੀਂ ਵਰਤੇ ਜਾ ਸਕਦੇ। ਜਦੋਂ ਤੁਸੀਂ ਠੀਕ ਤਰ੍ਹਾਂ ਨਾਲ ਮੰਤਰ ਦੀ ਵਰਤੋਂ ਕਰਦੇ ਹੋ। ਮੰਤਰ ਦੀ ਆਵਾਜ਼ ਸ਼ੁੱਧ ਤੇ ਠੀਕ ਉਚਾਰਨ ਕਰਦੇ ਹੋ, ਮੰਤਰ ਪ੍ਰਭਾਵਤ ਹੋ ਜਾਂਦਾ ਹੈ। ਜਦੋਂ ਤੱਕ ਮੰਤਰ ਕੇਵਲ ਸ਼ਬਦ ਰਹਿੰਦਾ ਹੈ, ਉਸਦਾ ਪ੍ਰਭਾਵ ਨਹੀਂ ਪੈਂਦਾ।

ਜੇਕਰ ਤੁਸੀਂ ਸ਼ਬਦ ਨੂੰ ਗਤੀ ਦਿਓ ਤੁਸੀਂ ਦੇਖੋਗੇ ਗਤੀ ਵੱਖ-ਵੱਖ ਜਗ੍ਹਾ, ਵੱਖ-ਵੱਖ ਤਰੀਕੇ ਨਾਲ ਉਸ ਦੀ ਸ਼ਕਤੀ ਕਿਸ ਤਰ੍ਹਾਂ ਨਾਲ ਬਹਾਅ ਕਰਦੀ ਹੈ। ਸ਼ਕਤੀ ਇਕ ਤਰ੍ਹਾਂ ਦੀ ਹੀ ਹੁੰਦੀ ਹੈ, ਉਸ ਦੇ ਪ੍ਰਵਾਹ ਬਹਾਅ ਦਾ ਤਰੀਕਾ ਤੇ ਸੂਕਸ਼ਮਤਾ ਵੱਖ-ਵੱਖ ਹੋ ਜਾਂਦੀ ਹੈ। ਮਿਸਾਲ ਵਜੋਂ ਬਿਜਲੀ ਗਰਮੀ ਦੇਣ ਲਈ ਵੀ ਵਰਤੀ ਜਾਂਦੀ ਹੈ। ਠੰਢਕ ਦੇਣ ਲਈ ਵੀ ਵਰਤੀ ਜਾਂਦੀ ਹੈ। ਸੋ ਬਿਜਲੀ ਦੇ ਇਹ ਦੋ ਗੁਣ ਹਨ ਜਦੋਂ ਕਿ ਇਹ ਵੱਖ-ਵੱਖ ਤਰੀਕੇ ਨਾਲ ਵਰਤੀ ਜਾਂਦੀ ਹੈ। ਤੁਸੀਂ ਇਹ ਜਾਣ ਸਕਦੇ ਹੋ ਕਿ ਕਿਵੇਂ ਸਰੀਰ ਵਿਚ ਸ਼ਕਤੀ ਦਾ ਪ੍ਰਵਾਹ ਹੈ, ਜਦੋਂ ਤੁਸੀਂ ਸਰਵੋਦਿਆ ਦਾ ਵਿਗਿਆਨ ਸਮਝ ਜਾਓ, ਆਵਾਜ਼ ਦਾ ਵਿਗਿਆਨ ਜਾਣ ਜਾਓਗੇ।

ਜੇਕਰ ਆਵਾਜ਼ ਨੂੰ ਸੂਖਸ਼ਮ ਪੱਧਰ ਤੇ ਲੈ ਜਾਓ ਤਾਂ ਉਹ ਇਕ ਤਰ੍ਹਾਂ ਦਾ ਆਕਾਰ ਬਣਾ ਲੈਂਦੀ ਹੈ, ਬਾਕੀ ਸਭ ਕੁਝ ਉਥੋਂ ਖਤਮ ਹੋ ਜਾਂਦਾ ਹੈ, ਦਵਾਈ ਦਾ ਅਸਰ ਵੀ ਬਿਲਕੁਲ ਇਸੇ ਤਰ੍ਹਾਂ ਹੁੰਦਾ ਹੈ। ਜਿਹੜੀ ਬਿਮਾਰੀ ਦਵਾਈ ਨਾਲ ਠੀਕ ਹੋ ਸਕਦੀ ਹੈ, ਉਹ ਚਾਨਣ ਨਾਲ ਬਿਜਲੀ ਨਾਲ ਵੀ ਠੀਕ ਹੋ ਸਕਦੀ ਹੈ, ਆਵਾਜ਼ ਨਾਲ ਵੀ ਠੀਕ ਹੋ ਸਕਦੀ ਹੈ। ਵੱਖ-ਵੱਖ ਰੰਗਾਂ ਨਾਲ ਵੀ ਠੀਕ ਹੋ ਸਕਦੀ ਹੈ। ਮੈਡੀਟੇਸ਼ਨ ਨਾਲ ਤੁਸੀਂ ਇਹ ਸਭ ਕੁਝ ਵਰਤ ਸਕਦੇ ਹੋ। ਜੇਕਰ ਚਕਿਤਸਕ ਚੱਕਰਾਂ ਦਾ ਵਿਗਿਆਨ ਜਾਣਦਾ ਹੋਵੇ, ਮਾਨਸਿਕ ਪੱਧਰ ਤੇ ਨਹੀਂ, ਪਰ ਸਰਵੋਦਿਆ ਦੇ ਵਿਗਿਆਨ ਰਾਹੀਂ ਚੱਕਰਾਂ ਦਾ ਗਿਆਨ ਰੱਖਦਾ ਹੋਵੇ ਉਹ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਸਮਝ ਸਕਦਾ ਹੈ। ਮੈਡੀਟੇਸ਼ਨ ਦੁਆਰਾ ਤੁਸੀਂ ਇਸ ਵਿਗਿਆਨ ਨੂੰ ਸਮਝ ਸਕਦੇ ਹੋ, ਅਸੀਂ ਥੋੜ੍ਹਾ ਠਹਿਰ ਕੇ ਇਸ ਬਾਰੇ ਗੱਲ ਕਰਦੇ ਹਾਂ।

ਸਰਵੋਦਿਆ ਦੇ ਗਿਆਨ ਨਾਲ ਤੁਸੀਂ ਜਾਣ ਸਕਦੇ ਹੋ ਕਿ ਸਮੱਸਿਆ ਕੀ ਹੈ ਤੇ ਕਿੱਥੇ ਹੈ? ਜੇਕਰ ਤੁਸੀਂ ਕਮਜ਼ੋਰ ਹੋ, ਤੁਸੀਂ ਆਪਣੀ ਸ਼ਕਤੀ ਤੇ ਇੱਛਾ ਸ਼ਕਤੀ ਵਿਕਸਿਤ ਕਰ ਸਕਦੇ ਹੋ। ਇਹ ਸੰਕਲਪ ਸ਼ਕਤੀ ਤੇ ਦ੍ਰਿੜ੍ਹਤਾ ਨਾਲ ਹੁੰਦਾ ਹੈ। ਜੇਕਰ ਤੁਸੀਂ ਸੱਚੇ ਮਨ, ਸੱਚੇ ਦਿਲ ਨਾਲ, ਸੱਚੀ ਇੱਛਾ ਨਾਲ ਕਿਸੇ ਦੀ ਸਹਾਇਤਾ ਕਰਨਾ ਚਾਹੁੰਦੇ ਹੋ, ਤੁਸੀਂ ਕਰ ਸਕਦੇ ਹੋ। ਧੁਨੀ ਵਿਗਿਆਨ, ਸ਼ਬਦਾਂ ਦੀ ਵਰਤੋਂ ਵਿਗਿਆਨ ਨਾਲ ਤੁਸੀਂ ਲੋਕਾਂ ਦੀ ਸਹਾਇਤਾ ਕਰ ਸਕਦੇ ਹੋ।

ਏਸ ਲਈ ਬਹੁਤ ਸਾਰੀਆਂ ਵਿਧੀਆਂ ਹਨ। ਕਈ ਵੱਖ-ਵੱਖ ਮੰਤਰ ਹਨ ਜਿਹੜੇ ਵੱਖ-ਵੱਖ ਉਦੇਸ਼ਾਂ ਲਈ ਵਰਤੇ ਜਾਂਦੇ ਹਨ। ਕਿਸੇ ਜਗ੍ਹਾ ਜਿਥੇ ਆਵਾਜ਼ ਕੰਮ ਨਹੀਂ ਕਰਦੀ ਨਹੀਂ ਪਹੁੰਚਦੀ ਉਥੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਏਸ ਮੰਡਲ ਦੇ ਸਾਰੇ ਮੰਤਰ ਸ਼ਬਦ ਹਨ, ਭੌਤਿਕਵਾਦ ਹਨ, ਪੂਰਨ ਹਨ। ਇਹ ਇੱਕ ਸੂਖਸ਼ਮ ਤਕਨੀਕ ਹੈ। ਸ਼ਬਦਾਂ ਦੇ ਪੱਧਰ ਤੋਂ ਬਾਅਦ ਧੁਨੀ ਦੀ ਵਰਤੋਂ ਕੀਤੀ ਜਾਂਦੀ ਹੈ। ਅੰਤ ਵਿਚ ਬਹੁਤ ਹੀ ਸੂਖਸ਼ਮ ਆਵਾਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਮਿਸਾਲ ਵਜੋਂ A U M ਸ਼ਬਦ ਤਿੰਨ ਹਿੱਸਿਆਂ ਵਿਚ ਹੈ, ਪਰ ਸਭ ਤੋਂ ਕੋਮਲ ਉੱਤਮ ਭਾਗ, ਇਸ ਦੇ ਉਚਾਰਣ ਤੋਂ ਬਾਅਦ ਦੀ ਆਵਾਜ਼ ਦੀ ਚੁੱਪ ਹੈ।

ਜਿਸ ਤਰ੍ਹਾਂ ਤੰਤਰ ਦੀਆਂ ਤਿੰਨ ਵੱਖ-ਵੱਖ ਸ਼ਾਖਾਂ - ਕੌਲਾਂ, ਮਿਸ਼ਰਾ ਤੇ ਸਮਾਇਆ ਵੱਖ-ਵੱਖ ਹਨ, ਇਨ੍ਹਾਂ ਦੇ ਮੰਤਰ, ਸ਼ਬਦ ਧੁਨੀ ਵੀ ਵੱਖ-ਵੱਖ ਹਨ। ਸ਼ਬਦ ਇੱਕ ਪੱਧਰ ਤੇ ਵਰਤੇ ਜਾਂਦੇ ਹਨ, ਪੂਰਨ ਧੁਨੀ ਦੂਸਰੇ ਪੱਧਰ ਤੇ ਵਰਤੀ ਜਾਂਦੀ ਹੈ, ਸੂਖਸ਼ਮ ਆਵਾਜ਼ਾਂ ਉਚੇਰੇ ਪੱਧਰ ਤੇ ਵਰਤੀਆਂ ਜਾਂਦੀਆਂ ਹਨ। ਸਾਰੀਆਂ ਆਵਾਜ਼ਾਂ, ਸਾਰੇ ਮੰਤਰ, 'ਓਮ' ਦੀ ਧੁਨੀ ਨਾਲ ਖਤਮ ਹੁੰਦੇ ਹਨ। ਕੋਈ ਵੀ ਸ਼ਬਦ ਜਦੋਂ ਓਮ ਦੀ ਧੁਨੀ ਨਾਲ ਖਤਮ ਹੋਵੇਗਾ ਉਹ ਗੂੰਜੇਗਾ। ਸਾਰੀਆਂ ਆਵਾਜ਼ਾਂ ਓਮ ਤੋਂ ਪੈਦਾ ਹੁੰਦੀਆਂ ਹਨ। ਅੰਦਰ ਜਾ ਕੇ ਉਹ ਓਮ ਨਾਲ ਮਿਲ ਜਾਂਦੀਆਂ ਹਨ। ਓਮ ਦੀ ਆਵਾਜ਼ ਦਾ ਕੋਈ ਅਰਥ ਨਹੀਂ। ਜੇ ਤੁਸੀਂ ਉਸ ਦਾ ਗੁੱਝਾ ਅਰਥ ਨਹੀਂ ਜਾਣਦੇ। ਵਾਸਤਵ ਵਿਚ ਓਮ ਦੇ ਅਰਥ ਹਨ, ਜਾਗ੍ਰਤ ਅਵਸਥਾ, ਸੁਪਨ ਅਵਸਥਾ, ਨਿੰਦਰਾ, ਜਿਹੜਾ ਚੁੱਪ ਦਾ ਭਾਗ ਹੈ ਉਹ ਚੌਥੀ ਅਵਸਥਾ ਭਾਵ ਤੁਰੀਆ ਅਵਸਥਾ ਦਰਸਾਉਂਦੀ ਹੈ। ਤੁਹਾਨੂੰ ਚੁੱਪ ਦੀ ਅਵਸਥਾ ਚੁੱਪ ਦੀ ਡੂੰਘਾਈ ਵਿਚ ਜਾ ਕੇ ਹੀ ਤੁਰੀਆਂ ਅਵਸਥਾ ਦਾ ਪਤਾ ਲੱਗੇਗਾ। ਤੁਹਾਨੂੰ ਹੋਰ ਕੁਝ ਬਦਲਣ ਦੀ ਲੋੜ ਹੀ ਨਹੀਂ।

ਸੰਸਾਰ ਇਕ ਨਦੀ ਹੈ, ਤੁਸੀਂ ਇਸ ਨਦੀ ਦੇ ਕੰਢੇ ਤੇ

ਖੜ੍ਹੇ ਹੋ, ਕਿਤੋਂ ਕੋਈ ਆਵਾਜ਼ ਆ ਰਹੀ ਹੈ, ਉਸ ਤੋਂ ਭਾਵ ਹੈ ਕਿ ਕਿਤੇ ਕੋਈ ਹਿਲਜੁਲ ਹੈ, ਜੇਕਰ ਤੁਸੀਂ ਪੁਲਾੜ ਦੀ, space ਦੀ ਆਵਾਜ਼ ਸੁਣ ਸਕਦੇ ਹੋ। ਤੁਸੀਂ ਆਪਣੇ ਅੰਦਰ ਵੀ ਉਹ ਹੀ ਆਵਾਜ਼ ਸੁਣ ਸਕਦੇ ਹੋ। ਤੁਹਾਡੇ ਜੀਵਨ ਵਿਚ ਇਕ ਦਿਨ ਐਸਾ ਆਏਗਾ, ਤੁਸੀਂ ਅੰਦਰ ਦੀ ਆਵਾਜ਼ ਬਾਹਰ ਸੁਣ ਸਕੋਗੇ, ਫੇਰ ਤੁਸੀਂ ਪਛਾਣ ਕੇ ਕਹੋਗੇ ਕਿ ਇਹ ਤੁਹਾਡੇ ਅੰਦਰ ਦੀਆਂ ਆਵਾਜ਼ਾਂ ਹਨ, ਉਹ ਹੀ ਸਭ ਤੋਂ ਉੱਚਾ ਬ੍ਰਹਮਗਿਆਨ ਹੋਵੇਗਾ, ਉਹ ਹੀ ਮਿਹਰ ਹੈ, ਉਹ ਹੀ ਦੂਰ ਦ੍ਰਿਸ਼ਟੀ ਹੈ।

ਜੇਕਰ ਤੁਸੀਂ ਨਦੀ ਦੀ ਆਵਾਜ਼ ਦਾ ਪਿੱਛਾ ਕਰੋ, ਕਰਨਾ ਚਾਹੋ, ਤੁਸੀ ਮਹਿਸੂਸ ਕਰੋਗੇ ਕਿ ਤੁਸੀਂ ਨਦੀ ਦੀ ਆਵਾਜ਼ ਦਾ ਪਿੱਛਾ ਨਹੀਂ ਕਰ ਰਹੇ। ਵਾਸਤਵ ਵਿਚ ਤੁਸੀਂ ਨਦੀ ਦੀ ਗਤੀ ਦਾ ਪਿੱਛਾ ਕਰ ਰਹੇ ਹੋ। ਇਹ ਨਦੀ ਜਾ ਕੇ ਸਾਗਰ ਵਿਚ ਮਿਲ ਜਾਂਦੀ ਹੈ ਜਿਥੇ ਲੱਖ ਇਹੋ ਜਿਹੀਆਂ ਆਵਾਜ਼ਾਂ ਇਕ ਦੂਸਰੇ ਵਿਚ ਮਿਲ ਜਾਂਦੀਆਂ ਹਨ, ਤੁਹਾਨੂੰ ਪਤਾ ਹੀ ਨਹੀਂ ਲਗ ਸਕਦਾ, ਕਿਹੜੀ ਆਵਾਜ਼ ਕਿਸਦੀ ਹੈ। ਤੁਹਾਨੂੰ ਸਕੂਲਾਂ ਕਾਲਜਾਂ ਵਿਚ ਇਸੇ ਤਰ੍ਹਾਂ ਪੜ੍ਹਾਇਆ ਜਾਂਦਾ ਹੈ। ਤੁਹਾਨੂੰ ਬਾਰ-ਬਾਰ ਦੂਸਰਿਆਂ ਨੂੰ ਸੁਣਨ ਲਈ ਕਿਹਾ ਜਾਂਦਾ ਹੈ। ਇਹੋ ਹੀ ਕਾਰਨ ਹੈ ਕਿ ਤੁਸੀਂ ਆਪਣੇ ਆਪ ਨੂੰ ਨਹੀਂ ਸੁਣ ਸਕਦੇ। ਕੋਈ ਵੀ ਤੁਹਾਨੂੰ ਇਹ ਨਹੀਂ ਦਸਦਾ ਕਿ ਆਪਣੇ ਆਪ ਨੂੰ ਸੁਣੋ। ਤੁਸੀਂ ਬਾਹਰੋਂ ਬਹੁਤ ਕੁਝ ਸੁਣਿਆ ਹੈ ਪਰ ਤੁਹਾਡੇ ਉਤੇ ਕੋਈ ਪ੍ਰਭਾਵ ਨਹੀਂ ਪਿਆ ਤੁਸੀਂ ਬਦਲੇ ਨਹੀਂ। ਲੋੜ ਹੈ ਆਪਣੇ ਅੰਦਰ ਨੂੰ ਸੁਣਨ ਦੀ, ਅੰਦਰ ਦੀ ਆਵਾਜ਼ ਜਾਨਣ ਦੀ।

ਇਸ ਤਰੀਕੇ ਨੂੰ ਘੱਟੋ-ਘੱਟ ਇੱਕ ਸਾਲ ਲਈ ਅਪਨਾਓ, ਇਹ ਕਰਕੇ ਦੇਖੋ। ਤੁਸੀਂ ਕਾਲਜ ਵਿਚ ਵਿਸ਼ਵ ਵਿਦਿਆਲੇ ਵਿਚ ਬਹੁਤ ਸਾਲ ਬਿਤਾਏ ਹਨ, ਪਰ ਕੀ ਤੁਸੀਂ ਇਕ ਸਾਲ ਸਤ ਦੇ ਵਿਸ਼ਵ ਵਿਦਿਆਲੇ ਵਿਚ ਲਗਾਉਣ ਲਈ ਤਿਆਰ ਹੋ, ਸਤਿ ਦਾ ਗਿਆਨ ਪ੍ਰਾਪਤ ਕਰਨ ਲਈ ਤਿਆਰ ਹੋ, ਇਹ ਤੁਹਾਡੀ ਡਿਊਟੀ ਹੋਣੀ ਚਾਹੀਦੀ ਹੈ, ਸਮਾਂ ਜਿਹੜਾ ਤੁਸੀਂ ਇਸ ਲਈ ਦਿਓ ਉਹ ਬਿਲਕੁਲ ਠੀਕ ਹੋਣਾ ਚਾਹੀਦਾ ਹੈ।

ਆਵਾਜ਼ ਦੀ ਧੁਨੀ ਦੇ ਬੜੇ ਪੱਧਰ ਹਨ, ਥੱਲੇ ਮੂਲਧਾਰਾ ਚੱਕਰ ਤੋਂ ਲੈ ਕੇ ਸਹੰਸਰਾਰ ਚੱਕਰ ਤੱਕ ਜਿਹੜਾ ਕਿ ਉਪਰ ਹੈ, ਸਿਰ 'ਤੇ। ਅਨਾਹਦ ਨਾਦ ਹੈ, ਅਨਾਹਦ ਤੋਂ ਭਾਵ ਹੈ ਲਗਾਤਾਰ ਚੱਲਣ ਵਾਲਾ। ਅਨਾਹਦ ਨਾਦ ਲਈ ਉਥੇ ਕੋਈ ਸਾਜ਼ ਨਹੀਂ ਹੈ ਕੋਈ ਢੋਲ ਨਹੀਂ, ਡਰੰਮ ਨਹੀਂ, ਕੋਈ ਵੀ ਸਾਜ਼ ਨਹੀਂ, ਫੇਰ ਵੀ ਆਵਾਜ਼ ਹੈ ਉਹ ਆਵਾਜ਼ ਕਿਸ ਤਰ੍ਹਾਂ ਨਾਲ ਪੈਦਾ ਹੋ ਰਹੀ ਹੈ, ਕੌਣ ਕਰ ਰਿਹਾ ਹੈ, ਕਿਸ ਤਰ੍ਹਾਂ ਹੋ ਰਹੀ ਹੈ।

ਵਾਸਤਵ ਵਿਚ ਸੱਤ ਤਰ੍ਹਾਂ ਦੀਆਂ ਆਵਾਜ਼ਾਂ ਹਨ, ਜਿਨ੍ਹਾਂ ਦਾ ਸਬੰਧ ਸੱਤ ਚੱਕਰਾਂ ਨਾਲ ਹੈ, ਮੂਲਧਾਰਾ ਤੋਂ ਲੈ ਕੇ ਸਹੰਸਰਾਰ ਭਾਵ ਸਿਰ ਤੱਕ ਥੱਲੇ ਰੀੜ੍ਹ ਦੀ ਹੱਡੀ ਦੇ ਥੱਲੇ ਤੋਂ ਲੈ ਕੇ ਉੱਪਰ ਸਿਰ ਤੱਕ। ਇਨ੍ਹਾਂ ਆਵਾਜ਼ਾਂ ਨਾਲ ਬਹੁਤ ਸਾਰੇ ਮੰਤਰ ਸਬੰਧਿਤ ਹਨ। ਵਾਸਤਵ ਵਿਚ ਇਕ ਹੀ ਭਾਸ਼ਾ ਹੈ ਉਹ ਭਾਸ਼ਾ ਬੋਲੀ ਨਹੀਂ ਜਾਂਦੀ। ਜੇਕਰ ਤੁਸੀਂ ਉਹ ਭਾਸ਼ਾ ਸਿੱਖ ਲਵੋ ਤੁਸੀਂ ਬੜੀ ਸੌਖੀ ਤਰ੍ਹਾਂ ਨਾਲ ਦੂਸਰਿਆਂ ਨਾਲ ਗੱਲਬਾਤ ਕਰ ਸਕਦੇ ਹੋ। ਇਹ ਹਿਰਦੇ ਦੀ ਆਵਾਜ਼ ਹੈ। ਜਦੋਂ ਤੁਸੀਂ ਆਪਣੇ ਪਤੀ ਨਾਲ, ਪਤਨੀ ਨਾਲ ਡੂੰਘੇ ਪਿਆਰ ਵਿਚ ਹੁੰਦੇ ਹੋ, ਤੁਸੀਂ ਬੋਲਦੇ ਨਹੀਂ ਹੋ, ਤੁਸੀਂ ਡੂੰਘੀ ਚੁੱਪ ਵਿਚ ਚਲੇ ਜਾਂਦੇ ਹੋ, ਉਥੇ ਤੁਸੀਂ ਇੱਕ ਹੋ ਜਾਂਦੇ ਹੋ। ਤੁਸੀਂ ਇਕੱਲੇ ਨਹੀਂ ਹੁੰਦੇ, ਇੱਕ ਹੁੰਦੇ ਹੋ। ਕਿਉਂਕਿ ਆਪਸ ਦੀ ਗੱਲਬਾਤ ਬਿਲਕੁਲ ਪੂਰਨ ਹੋ ਜਾਂਦੀ ਹੈ, ਗੱਲਬਾਤ ਬੋਲਣ ਨਾਲ ਸ਼ੁਰੂ ਨਹੀਂ ਹੁੰਦੀ। ਗੱਲਬਾਤ ਤਾਂ ਸੋਚਣ ਦੇ ਪੱਧਰ ਤੇ ਹੋ ਜਾਂਦੀ ਹੈ। ਜਦੋਂ ਤੁਸੀਂ ਆਪਣੇ ਅੰਦਰ ਡੂੰਘੇ ਚਲੇ ਜਾਂਦੇ ਹੋ। ਆਪਣੇ ਆਪ ਨਾਲ ਗੱਲਬਾਤ ਕਰ ਲੈਂਦੇ ਹੋ, ਓਦੋਂ ਕੋਈ ਸਮੱਸਿਆ ਨਹੀਂ ਰਹਿੰਦੀ।

ਜਦੋਂ ਸੱਤ ਚੱਕਰਾਂ ਦੇ ਮੰਤਰਾਂ ਨੂੰ ਵੱਡਾ ਕੀਤਾ ਜਾਂਦਾ ਹੈ, ਉਹ ਇੱਕ ਆਕਾਰ ਬਣ ਜਾਂਦਾ ਹੈ। ਹਰ ਇਕ ਮੰਤਰ ਵੱਖ-ਵੱਖ ਆਵਾਜ਼ ਪੈਦਾ ਕਰਦਾ ਹੈ, ਵੱਖ-ਵੱਖ ਆਕਾਰ ਬਣਾਉਂਦਾ ਹੈ ਪਰ ਆਵਾਜ਼ ਨੂੰ ਵਧਾ ਕੇ ਬਾਹਰੀ ਸੰਸਾਰ ਵਿਚ ਕੋਈ ਫਰਕ ਨਹੀਂ ਪੈਂਦਾ, ਨਾ ਹੀ ਕੋਈ ਲਾਭ ਹੁੰਦਾ ਹੈ। ਤੁਹਾਨੂੰ ਅੰਦਰ ਦੇ ਸਰੋਤ ਤੇ ਜਾਣਾ ਪਵੇਗਾ, ਜਿਥੋਂ ਆਵਾਜ਼ ਪੈਦਾ ਹੁੰਦੀ ਹੈ, ਨਿਕਲਦੀ ਹੈ, ਉਸ ਨਾਲ ਤੁਹਾਨੂੰ ਧੁਨੀ ਦਾ ਗਿਆਨ ਮਿਲੇਗਾ, ਉਹ ਗਿਆਨ ਤੁਹਾਨੂੰ ਚੁੱਪ ਦਾ ਗਿਆਨ ਦੇਵੇਗਾ, ਜਿਥੋਂ ਸਾਰੀਆਂ ਆਵਾਜ਼ਾਂ ਨਿਕਲਦੀਆਂ ਹਨ। ਤੁਹਾਨੂੰ ਚੁੱਪ ਵਿਚ ਜਾਣਾ ਸਿੱਖਣਾ ਹੀ ਪਵੇਗਾ, ਸਰੀਰਕ ਪੱਖੋਂ ਵੀ ਤੇ ਮਾਨਸਿਕ ਪੱਖੋਂ ਵੀ। ਲੋੜ ਹੈ ਬਾਹਰ ਦੀਆਂ ਆਵਾਜ਼ਾਂ ਤੋਂ ਛੁਟਕਾਰਾ ਪਾਉਣ ਦੀ, ਉਨ੍ਹਾਂ ਤੋਂ ਅੱਗੇ ਜਾਣ ਦੀ, ਤੁਹਾਨੂੰ ਬਾਹਰਲੀਆਂ ਆਵਾਜ਼ਾਂ ਤੋਂ ਛੁਟਕਾਰਾ ਪਾ ਕੇ ਅੱਗੇ ਜਾਣਾ ਹੀ ਪਵੇਗਾ ਇਹ ਬੰਧ ਤੋੜਨਾ ਹੀ ਪਵੇਗਾ ਇਹ ਆਵਾਜ਼ਾਂ ਤੁਹਾਨੂੰ ਤੁਹਾਡੇ ਧਿਆਨ ਨੂੰ ਖਿੱਚਦੀਆਂ ਹਨ, ਤੁਹਾਡੇ ਮਨ ਨੂੰ ਖੇਰੂੰ-ਖੇਰੂੰ ਕਰਦੀਆਂ ਹਨ।

ਅੰਦਰ ਜਾਣ ਦਾ ਇੱਕ ਤਰੀਕਾ ਧੁਨੀ ਦੀ ਵਰਤੋਂ ਕਰਨ ਨਾਲ ਵੀ ਹੈ। ਇਸ ਤਰੀਕੇ ਨੂੰ ਸਾਵਧਾਨੀ, ਚੌਂਕਨਾਪਨ ਕਿਹਾ ਜਾਂਦਾ ਹੈ। ਇਸ ਸਾਵਧਾਨੀ ਤੋਂ ਭਾਵ ਹੈ ਧਿਆਨ। ਜੋ ਕੁਝ ਕਰ ਰਹੇ ਹੋ। ਉਸਨੂੰ ਧਿਆਨ ਦਿਓ, ਇਹ ਮੈਡੀਟੇਸ਼ਨ ਦੀ ਪਹਿਲੀ ਪੌੜੀ ਹੈ। ਜੇ ਤੁਸੀਂ ਸਾਵਧਾਨ ਨਹੀਂ, ਤੁਸੀਂ ਧਿਆਨ ਨਹੀਂ ਲਗਾ ਸਕਦੇ। ਜੋ ਕੁਝ ਵੀ ਤੁਸੀਂ ਕਰ ਰਹੇ ਹੋ, ਤੁਹਾਨੂੰ ਉਸ ਵਲ ਧਿਆਨ ਦੇਣਾ ਪਵੇਗਾ, ਤੁਹਾਨੂੰ ਆਪਣੇ ਮਨ ਨੂੰ ਸਾਧਣਾ ਪਵੇਗਾ। ਇਹ ਸਭ ਤੋਂ ਪਹਿਲੀ ਮੂਲ ਪੌੜੀ ਹੈ, ਇਹ ਹੀ ਸਭ ਤੋਂ ਪਹਿਲਾਂ ਸਿੱਖਣ ਦੀ ਲੋੜ ਹੈ।

ਧੁਨੀ ਵਿਗਿਆਨ ਤੁਹਾਨੂੰ ਸਵੱਸਥ ਕਰ ਸਕਦਾ ਹੈ। ਇੱਕ ਚੰਗਾ ਅਧਿਆਪਕ, ਇੱਕ ਚੰਗੇ ਡਾਕਟਰ ਦੀ ਤਰ੍ਹਾਂ ਹੈ ਜਿਹੜਾ ਰੋਗ ਜਾਨਣ ਦਾ ਵਿਗਿਆਨ ਜਾਣਦਾ ਹੈ, ਜਿਹੜਾ ਇਹ ਜਾਣਦਾ ਹੈ ਕਿ ਉਸ ਦੇ ਵਿਦਿਆਰਥੀ ਦੀ ਕੀ ਸਮੱਸਿਆ ਹੈ। ਕੀ ਸਮੱਸਿਆ ਮਾਨਸਿਕ ਪੱਧਰ 'ਤੇ ਹੈ? ਸਰੀਰਕ ਪੱਧਰ 'ਤੇ ਹੈ ਜਾਂ ਫੇਰ ਸੰਵੇਗਕ ਪੱਧਰ 'ਤੇ ਹੈ, ਜਾਂ ਫੇਰ ਇਛਾਵਾਂ ਦੇ ਪੱਧਰ 'ਤੇ ਹੈ ਜਾਂ ਫੇਰ ਪ੍ਰਾਚੀਨ ਮੁਢਲੇ ਸ੍ਰੋਤਾਂ ਨਾਲ, ਗੁਰੂ ਸਭ ਕੁਝ ਜਾਣਦਾ ਹੈ, ਪ੍ਰਾਚੀਨ ਸ੍ਰੋਤ ਤੋਂ ਭਾਵ ਹੈ ਕਿ ਤੁਹਾਡੀ ਸਮੱਸਿਆ, ਲਿੰਗ ਪ੍ਰਤੀ, ਕਾਮ ਪ੍ਰਤੀ ਹੈ ਜਾਂ ਫੇਰ ਖਾਣ ਪੀਣ ਦੀ, ਭੁੱਖ ਦੀ, ਡਰ ਦੀ ਤੇ ਜਾਂ ਫੇਰ ਸੌਣ ਪ੍ਰਤੀ, ਆਪਣੇ ਆਪ ਨੂੰ ਬਚਾਣ ਦੀ। ਇੱਕ ਚੰਗਾ ਅਧਿਆਪਕ ਗੁਰੂ ਤੁਹਾਡੀ ਸਮੱਸਿਆ ਦੇ ਅਨੁਕੂਲ ਹੀ ਤੁਹਾਨੂੰ ਮੰਤਰ ਦੇਵੇਗਾ।

*'ਚਲਦਾ.......।'*

# ਸਿਹਤ ਵਿਗਿਆਨ

**ਵੈਦ ਮੇਘ ਜੀ ਸਿੱਧ ਦੇ ਸਪੁੱਤਰ**
**ਵੈਦ ਚਰਨ ਕਮਲ ਸਿੰਘ, ਸੇਵਾਦਾਰ : ਸੰਤ ਗੋਬਿੰਦ ਦਾਸ**
**ਆਯੁਰਵੈਦਿਕ ਸੇਵਾ ਸੰਸਥਾ ਰਜਿ:, ਧੂਰੀ, (ਪੰਜਾਬ)**
**ਫੋਨ ਨੰ. : 98156-7803, 98153-04390**

ਪਿਆਰੇ ਪਾਠਕਾਂ ਸੰਗਤਾਂ ਨੂੰ ਸੁਣ ਕੇ ਦੁੱਖ ਹੋਵੇਗਾ ਕਿ ਸਤਿਕਾਰਯੋਗ ਸਾਡੇ ਪਿਤਾ ਜੀ ਦੀਨ ਦੁਖੀਆਂ ਅਤੇ ਗਰੀਬਾਂ ਦੇ ਹਮਦਰਦ ਲਾ-ਇਲਾਜ ਬਿਮਾਰੀਆਂ ਦਾ ਇਲਾਜ ਕਰਨ ਵਾਲੇ ਵਿਦਵਾਨ ਗੁਰਮਤਿ ਅਤੇ ਆਯੁਰਵੇਦ ਗਿਆਤਾ ਉਘੇ ਵੇਦ ਮੇਘ ਨਾਥ ਜੀ ਸਿੱਧ 09 ਮਾਰਚ 2014 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਬ੍ਰਹਮਲੀਨ ਹੋ ਗਏ। ਜਿਹਨਾਂ ਨੇ ਆਪਣਾ ਸਾਰਾ ਜੀਵਨ ਅਯੁਰਵੈਦਿਕ ਚਿਕਿਤਸਾ ਦਵਾਈਆਂ ਦੁਆਰਾ ਦੁਖੀਆਂ ਦੀ ਨਿਸ਼ਕਾਮ ਸੇਵਾ ਕੀਤੀ। ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਪੀੜਤ ਅਨੇਕਾਂ ਦੁਖੀ ਰੋਗੀਆਂ ਦਾ ਇਲਾਜ ਕੀਤਾ ਅਤੇ 1600 ਤੋਂ ਵੱਧ ਬੇ-ਔਲਾਦ ਜੋੜਿਆਂ ਨੂੰ ਸੰਤਾਨ ਪ੍ਰਾਪਤ ਹੋਈ। ਵੈਦ ਜੀ ਸਮਾਜਿਕ ਅਤੇ ਧਾਰਮਿਕ ਇਕੱਠਾਂ ਵਿੱਚ ਅੱਖਾਂ ਦੇ ਅਤੇ ਕੈਂਸਰ ਆਦਿ ਦੇ ਭਿਆਨਕ ਬਿਮਾਰੀਆਂ ਦੀ ਰੋਕਥਾਮ ਲਈ ਫਰੀ ਕੈਂਪ ਲਗਾਉਂਦੇ ਸਨ। ਵੈਦ ਜੀ ਨੇ ਪੁਸਤਕ ਆਯੁਰਵੈਦਿਕ ਗਿਆਨ ਭੰਡਾਰ ਵੀ ਲਿਖੀ। ਜਿਦ ਵਿੱਚ ਸਿਹਤ ਗਿਆਨ ਅਤੇ ਘਰੇਲੂ ਨੁਸਖੇ ਹਨ। ਜਿਹਨਾਂ ਦੇ ਲਿਖੇ ਸਿਹਤ ਸੰਬੰਧੀ ਲੇਖ ਹਰ ਮਹੀਨੇ ਆਪ ਜੀ ਦੀ ਸੇਵਾ ਵਿੱਚ ਆਉਂਦੇ ਸਨ। ਅਸੀਂ ਆਪਣੇ ਪਿਤਾ ਜੀ ਤੋਂ ਮਿਲੀ ਆਯੁਰਵੈਦਿਕ ਵਿਦਿਆ ਤੇ ਸੰਸਕਾਰਾਂ ਅਨੁਸਾਰ ਉਹਨਾਂ ਵੱਲੋਂ ਸ਼ੁਰੂ ਕੀਤੀ ਹੋਈ ਆਯੁਰਵੈਦਿਕ ਨਿਸ਼ਕਾਮ ਸੇਵਾ ਅਤੇ ਲੇਖਾਂ ਨੂੰ ਉਸੇ ਤਰ੍ਹਾਂ ਜਾਰੀ ਰੱਖਾਂਗੇ। ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਆਪ ਜੀ ਨੂੰ ਸਿਹਤ ਸੰਬੰਧੀ ਲੇਖ ਪੜ੍ਹ ਕੇ ਲਾਭ ਪ੍ਰਾਪਤ ਹੋਵੇ ਅਤੇ ਅਸੀਂ ਆਪਣੇ ਪਿਤਾ ਜੀ ਦੀ ਸ਼ੁਰੂ ਕੀਤੀ ਹੋਈ ਸੇਵਾ ਨੂੰ ਹੋਰ ਅੱਗੇ ਵਧਾ ਸਕੀਏ ਅਤੇ ਉਹਨਾਂ ਦੀ ਤਰ੍ਹਾਂ ਹੀ ਵਾਹਿਗੁਰੂ ਦੀ ਕ੍ਰਿਪਾ ਨਾਲ ਜਟਿਲ/ਵਿਗੜੇ ਰੋਗਾਂ ਦਾ ਇਲਾਜ ਕਰ ਕੇ ਦੁਖੀਆਂ ਦੀ ਸੇਵਾ ਕਰ ਸਕੀਏ ਅਤੇ ਉਹਨਾਂ ਦੇ ਨਾਮ ਨੂੰ ਹੋਰ ਉੱਚਾ ਕਰ ਸਕੀਏ।

**ਕਬਜ**

ਆਪ ਸਭ ਨੂੰ ਪਤਾ ਹੀ ਹੈ ਕਿ ਕਬਜ ਨੂੰ ਕਈ ਰੋਗਾਂ ਦੀ ਜੜ੍ਹ ਕਿਹਾ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਸਾਇਦ ਹੀ ਅਜਿਹਾ ਕੋਈ ਵਿਅਕਤੀ ਮਿਲੇ ਜੋ ਕਬਜ ਰੋਗ ਦਾ ਸ਼ਿਕਾਰ ਨਾ ਹੋਵੇ। ਅੱਜ ਕੱਲ 90% ਲੋਕ ਕਬਜ ਦੀ ਬਿਮਾਰੀ ਤੋਂ ਪੀੜਤ ਹਨ-

**ਕਬਜ ਦੇ ਲੱਛਣ** : ਕਬਜ ਦੇ ਰੋਗੀ ਨੂੰ ਪਖਾਨਾ ਸਾਫ ਨਾ ਹੋਣ ਦੇ ਨਾਲ ਨਾਲ ਅਨੇਕ ਪ੍ਰੇਸ਼ਾਨੀਆਂ ਦੇਖਣ ਨੂੰ ਮਿਲਦੀਆਂ ਹਨ। ਆਲਸ, ਸਿਰਦਰਦ, ਨੀਂਦ ਨਾ ਆਉਣਾ, ਭੁੱਖ ਘੱਟ ਲੱਗਣੀ, ਚਮੜੀ ਸੰਬੰਧੀ ਰੋਗ, ਚਿੜਚਿੜਾਪਨ, ਖੱਟੇ ਡਕਾਰ ਆਉਣੇ, ਬਦ-ਹਜਮੀ, ਪੇਟ ਦਰਦ, ਮੂੰਹ ਵਿੱਚੋਂ ਬਦਬੋ ਆਉਣੀ, ਦਿਮਾਗੀ ਸ਼ਕਤੀ ਦੀ ਕਮਜੋਰੀ ਆਦਿ। ਕਬਜ ਕਾਰਨ ਅਨੇਕ ਰੋਗ ਜਿਵੇਂ ਕਿ ਬਵਾਸੀਰ, ਸੰਗ੍ਰਹਿਣੀ, ਪੇਚਿਸ, ਸੂਗਰ, ਖ਼ੂਨ ਦੀ ਕਮੀ, ਬਾਤ ਰੋਗ ਅਤੇ ਮਾਨਸਿਕ ਰੋਗ ਪੈਦ ਹੁੰਦੇ ਹਨ।

**ਕਬਜ ਦੇ ਮੁੱਖ ਕਾਰਨ :**

1. **ਗਲਤ ਖਾਣ-ਪਾਣ** : ਆਧੁਨਿਕ ਜੀਵਨ ਸ਼ੈਲੀ ਵਿੱਚ ਚੀਨੀ, ਚਾਹ, ਕਾਫੀ, ਨਸ਼ੇ, ਤੇਜ ਮਸਾਲੇ, ਤਲੇ ਹੋਏ ਪਦਾਰਥ, ਫਾਸਟ ਫੂਡ, ਮੈਦੇ ਤੋਂ ਬਣੀਆਂ ਚੀਜਾਂ ਆਦਿ ਦਾ ਸੇਵਨ ਕਬਜ ਕਾਰਨ ਹੈ। ਚੋਕਰ ਨਿਕਲੇ ਹੋਏ ਆਟੇ ਦੀ ਰੋਟੀ, ਬਿਨਾਂ ਛਿਲਕੇ ਦੀਆਂ ਦਾਲਾਂ ਸਬਜੀਆਂ ਦਵੀ ਕਬਜ ਦਾ ਕਰਨ ਹਨ।

2. **ਲੋੜ ਤੋਂ ਵੱਧ ਖਾਣਾ ਅਤੇ ਗਲਤ ਢੰਗ ਨਾਲ ਖਾਣਾ** :

ਕੁਦਰਤ ਦੇ ਨਿਯਮ ਅਨੁਸਾਰ ਭੁੱਖ ਲੱਗੇ ਤੋਂ ਭੋਜਨ ਕਰੋ, ਪਿਆਸ ਲੱਗੇ ਤੋਂ ਪਾਣੀ ਪੀਓ, ਭੋਜਨ ਚੰਗੀ ਤਰ੍ਹਾਂ ਚਿੱਥ-ਚਿੱਥ ਕੇ ਖਾਓ। ਭੋਜਨ ਕਰਦੇ ਸਮੇਂ ਮਨ ਨੂੰ ਹਮੇਸ਼ਾ ਪ੍ਰਸੰਨ ਰੱਖੋ, ਭੋਜਨ ਧਿਆਨ ਲਗਾ ਕੇ ਖਾਓ। ਭੈਅ, ਕ੍ਰੋਧ ਵਿੱਚ ਭੋਜਨ ਨਾ ਕਰੋ ਇਸ ਸਮੇਂ ਕੀਤਾ ਗਿਆ ਭੋਜਨ ਠੀਕ ਤਰੀਕੇ ਨਾਲ ਪਚਦਾ ਨਹੀਂ। ਇਹ ਗੱਲਾਂ ਦਾ ਪਾਲਣ ਕਰਨ ਨਾਲ ਅੰਤੜੀਆਂ ਦੀ ਪ੍ਰਕਿਰਿਆ ਠੀਕ ਰਹੇਗੀ ਅਤੇ ਕਬਜ ਨਹੀ ਹੋਵੇਗਾ।

**ਮਲ ਦਾ ਰੋਕਣਾ** : ਪਖਾਨਾ ਰੋਜ ਸਮੇਂ ਸਿਰ ਜਾਣਾ ਚਾਹੀਦਾ ਹੈ। ਪਖਾਨੇ ਦੀ ਇੱਛਾ ਹੋਣ ਤੇ ਰੋਕਣਾ ਨਹੀਂ ਚਾਹੀਦਾ। ਮਲ-ਮੂਤਰ ਦੇ ਵੇਗ ਨੂੰ ਰੋਕਣਾ ਕਈ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਪਖਾਨੇ ਦੀ ਸੰਕਾ ਹੋਣ ਤੇ ਤੁਰੰਤ ਜਾਣਾ ਚਾਹੀਦਾ ਹੈ।

**ਹੋਰ ਕਾਰਣ** : ਨਸ਼ੀਲੀਆਂ ਪਦਾਰਥਾਂ ਦੀ ਵਰਤੋਂ ਕਰਨੀ ਜਿਵੇਂ ਕਿ, ਤੰਬਾਕੂ, ਬੀੜੀ, ਸਿਗਰਟ, ਅਫੀਮ, ਚਰਸ, ਭੁੱਕੀ, ਸਰਾਬ, ਆਦਿ ਨਸ਼ੇ ਸਰੀਰ ਦੀਆਂ ਨਾੜੀਆਂ ਨੂੰ ਕਮਜੋਰ ਕਰ ਦਿੰਦੇ ਹਨ ਇਸ ਲਈ ਇਹਨਾਂ ਨਾਲ ਵੀ ਕਬਜ ਹੁੰਦੀ ਹੈ। ਭੋਜਨ ਵਿੱਚ ਸਲਾਦ ਨਾ ਲੈਣਾ ਛਿਲਕੇ ਤੋਂ ਬਿਨ੍ਹਾਂ ਅਨਾਜ, ਚੋਕਰ ਯੁਕਤ ਆਟੇ ਦੀ ਰੋਟੀ ਨਾ ਖਾਣਾ ਅਤੇ ਦੇਰ ਰਾਤ ਜਾਗਣ ਨਾਲ ਵੀ ਕਬਜ ਹੁੰਦੀ ਹੈ।

ਆਯੁਰਵੇਦ ਨੇ ਕੁਰਰਤੀ ਮਿਠਾਈਆ, ਫਲ ਖਾਣੇ ਦੱਸਿਆ ਹੈ ਜਿਵੇਂ ਕਿ ਖੰਜੂਰ, ਮਨੱਕਾ, ਕਿਸਮਿਸ਼, ਛੁਹਾਰੇ, ਕੇਲੇ, ਚੀਕੂ, ਪਪੀਤਾ, ਅੰਬ, ਸੇਬ, ਅਮਰੂਦ ਆਦਿ। ਇਹ ਫਲ ਸਿਹਤ ਲਈ ਜਿਆਦਾ ਲਾਭਕਾਰੀ ਹਨ। ਇਹ ਫਲ ਪਾਚਨ ਕਿਰਿਆ ਠੀਕ ਰੱਖਦੇ ਹਨ। ਇਹਨਾਂ ਤੋਂ ਇਲਾਵਾ ਰੰਗ ਬਰੰਗੀਆਂ ਬਜਾਰਾਂ ਵਿੱਚ

ਮਿਲਣ ਵਾਲੀਆਂ ਮਿਠਾਈਆਂ ਖਾਣ ਨਾਲ ਕਬਜ ਹੁੰਦੀ ਹੈ।

**ਕਬਜ ਠੀਕ ਰੱਖਣ ਦੇ ਆਯੁਰਵੇਦਿਕ ਤਰੀਕੇ :**

1. ਭੋਜਨ ਚੰਗੀ ਤਰ੍ਹਾ ਭੁੱਖ ਲੱਗੀ ਤੋਂ ਹੀ ਕਰੋ। ਭੋਜਨ ਵਿੱਚ ਹਰੀਆਂ ਸਬਜੀਆਂ, ਸਲਾਦ, ਛਿਲਕੇ ਵਾਲੀਆਂ ਦਾਲਾਂ, ਚੋਕਰ ਯੁਕਤ ਆਟੇ ਦੀ ਰੋਟੀ ਲਵੋ।

2. ਭੋਜਨ ਕਰਦੇ ਸਮੇਂ ਮਨ ਨੂੰ ਸ਼ਾਂਤ ਰੱਖੋ। ਭੋਜਨ ਹੋਲੀ-ਹੋਲੀ ਚਿੱਥ-ਚਿੱਥ ਕੇ ਸਮਾਂ ਲਗਾ ਕੇ ਕਰੋ। ਰਾਤ ਦਾ ਭੋਜਨ ਸੋਣ ਤੋਂ ਤਿੰਨ ਘੰਟੇ ਪਹਿਲਾਂ ਲਉ।

3. ਆਚਾਰ, ਤੇਜ ਮਿਰਚ-ਮਸਾਲਿਆਂ ਤੋਂ ਬਚੋ। ਤਾਜੀ ਹਰੀ ਚਟਨੀ ਲੈ ਸਕਦੇ ਹੋ।

4. ਸਵੇਰੇ ਉਠ ਕੇ ਖਾਲੀ ਪੇਟ, ਜੇ ਹੋ ਸਕੇ ਤਾਂ ਪੈਰਾਂ ਭਾਰ ਬੈਠ ਕੇ ਜਾ ਕੁਰਸੀ ਤੇ ਬੈਠ ਕੇ ਇੱਕ ਦੋ ਗਲਾਸ ਤਾਜਾ ਪਾਣੀ ਪੀਓ। ਰਾਤ ਨੂੰ ਸੌਣ ਦੇ ਟਾਈਮ ਵੀ ਪਾਣੀ ਜਰੂਰ ਪੀਓ।

5. ਫਾਸਟ ਫੂਡ, ਜੰਕ ਫੂਡ, ਮੈਦਾ, ਚੀਨੀ ਅਤੇ ਮਿਠਾਈਆਂ ਤੋਂ ਬਚੋ।

6. ਅਮਰੂਦ, ਸੇਬ ਸੰਤਰਾ, ਪਪੀਤਾ, ਮੋਸਮੀ, ਆਦਿ ਫਲ ਅਤੇ ਗਾਜਰ, ਮੂਲੀ, ਟਮਾਟਰ, ਚੁਕੰਦਰ, ਕੱਕੜੀ, ਖੀਰਾ, ਪਿਆਜ ਆਦਿ ਸਲਾਦ ਨੂੰ ਭੋਜਨ ਵਿੱਚ ਜਰੂਰ ਲਉ।

7. ਪੱਕਿਆਂ ਬੇਲ ਫਲ ਪੇਟ ਦੇ ਰੋਗਾਂ ਲਈ ਬਹੁਤ ਹੀ ਲਾਭਕਾਰੀ ਹੈ। ਸਵੇਰੇ ਸ਼ਾਮ ਸੈਰ ਜਰੂਰ ਕਰੋ।

੮. ਦਿਸ਼ਾ ਜਾਣ ਤੋਂ ਬਾਅਦ ਦਾਤਣ ਜਾਂ ਮੰਜਣ ਕਰੋ। ਸਰੋਂ ਦਾ ਤੇਲ ਸਾਬਣ ਵਾਤਾਅਨੁਕੂਲ ਪਾਣੀ ਨਾਲ ਇਸ਼ਨਾਨ ਕਰੋ।

9. ਮਨ ਦੀ ਇਕਾਗਰਤਾ ਨਾਲ ਸਿਮਰਨ ਭਜਨ ਕਰੋ। ਬਾਅਦ ਵਿੱਚ ਨਾਸ਼ਤਾ ਕਰੋ। ਨਾਸਤੇ ਵਿੱਚ ਤਾਜੇ ਫਲ, ਦੁੱਧ, ਹਰਬਲ ਚਾਹ ਜਾਂ ਰਾਤ ਨੂੰ ਭਿਉ ਕੇ ਰੱਖੇ ਹੋਏ ਕਿਸ਼ਮਿਸ਼, ਛੋਲੇ, ਚਬਾ ਕੇ ਖਾਓ।

10. ਦੁਪਿਹਰ ਨੂੰ ਭੁੱਖ ਲੱਗੀ ਤੋਂ ਭੋਜਨ ਕਰੋ। ਭੋਜਨ ਵਿਚ ਚੋਕਰਦਾਰ ਆਟੇ ਦੀ ਰੋਟੀ, 200-250 ਗ੍ਰਾਮ ਹਰੀ ਸਬਜੀ ਬਿਨ੍ਹਾ ਮਿਰਚ ਮਸਾਲੇ ਤੋਂ। 150-200 ਗ੍ਰਾਮ ਹਰਾ ਸਲਾਦ, 100 ਗ੍ਰਾਮ ਤਾਜਾ ਦਹੀ ਲਓ। ਸਵੇਰੇ ਤੋਂ ਸ਼ਾਮ ਤੱਕ 15-20 ਗਲਾਸ ਪਾਣੀ ਦੇ ਜਰੂਰ ਪੀਓ। ਦੁਪਿਹਰ 2-3 ਵਜੇ ਫਲਾਂ ਦਾ ਰਸ ਲੈ ਸਕਦੇ ਹੋ।

11. ਰਾਤ ਦੇ ਭੋਜਨ ਵਿੱਚ ਸਲਾਦ ਚੋਕਰਦਾਰ ਆਟੇ ਦੀ ਰੋਟੀ, ਛਿਲਕੇ ਵਾਲੀ ਦਾਲ ਲਓ। ਨੋਟ : ਰਾਤ ਨੂੰ ਦਹੀ, ਲੱਸੀ, ਮੂਲੀ, ਦਾ ਸੇਵਨ ਨਾ ਕਰੋ।

12. ਤ੍ਰਿਫਲਾ ਚੂਰਨ 10 ਗ੍ਰਾਮ ਸਵੇਰੇ ਖਾਲੀ ਪੇਟ ਪਾਣੀ ਨਾਲ ਲਓ। ਇਸ ਨੂੰ ਲਗਾਤਾਰ ਹਫਤੇ ਵਿੱਚ 2-3 ਵਾਰ ਲੈ ਸਕਦੇ ਹੋ।

13. ਪੇਟ ਦੀ ਸੁੱਧੀ ਲਈ ਹਫਤੇ ਵਿੱਚ ਇੱਕ ਦਿਨ ਵਰਤ ਜਰੂਰ ਰੱਖੋ।

**********


**ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।**

**ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG" ਦੇ ਨਾਂ ਤੇ ਭੇਜਿਆ ਜਾਵੇ ਜੀ।**

☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

**within India** | ***Foreign Membership***

| Subscription Period | By Ordinary Post/Cheque | By Registered Post/Cheque | | Annual | Life |
|---|---|---|---|---|---|
| 1 Year | Rs. 200/220 | Rs. 450/530 | U.S.A. | 50 US$ | 500 US$ |
| 3 year | Rs. 500/520 | Rs. 1250/1330 | U.K. | 30 £ | 300 £ |
| 5 Year | Rs. 700/720 | Rs. 2450/2530 | Aus. | 60 $ | 600 $ |
| life | Rs.2000/2020 | | Europ | 50 Euro | 500 Euro |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ

| ਜਨਵਰੀ | ਫਰਵਰੀ | ਮਾਰਚ | ਅਪ੍ਰੈਲ | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ |
|---|---|---|---|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ | ☐ | ☐ | ☐ | ☐ |

ਨਾਮ/Name ਅਤੇ ਪਤਾ/Address..................................................................................................................

..........................................................................................................................................

..........................................Pin Code.........................................Phone.................................. E-mail :..................................

ਮੈਂ.......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ..........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

# ਸੰਤ ਵਰਿਆਮ ਸਿੰਘ ਜੀ ਚੈਰੀਟੇਬਲ ਹਸਪਤਾਲ, ਰਤਵਾੜਾ ਸਾਹਿਬ

**ਸਮਾਂ : ਸਵੇਰੇ 9.30 ਤੋਂ 2.30 ਤੱਕ (ਸੋਮਵਾਰ ਤੋਂ ਸ਼ਨਿੱਚਰਵਾਰ)**

**ਫੋਨ ਨੰ: 098148-01860, Email : atammarg1@yahoo.co.in**

| | ਡਾਕਟਰ ਦਾ ਨਾਮ | ਸਪੈਸ਼ਲਿਸ਼ਟ | ਦਿਨ |
|---|---|---|---|
| 1. | ਡਾ. ਸੁਖਦੇਵ ਕੌਰ ਗਰੇਵਾਲ | ਔਰਤਾਂ ਦੇ ਸਪੈਸ਼ਲਿਸਟ | ਸੋਮਵਾਰ |
| 2. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ | ਸੋਮਵਾਰ |
| 3. | ਡਾ. ਹਰਬੰਸ ਸਿੰਘ | ਹੱਡੀਆਂ ਅਤੇ ਜੋੜਾਂ ਲਈ | ਮੰਗਲਵਾਰ |
| 4. | ਡਾ. ਤੇਜਿੰਦਰ ਸਿੰਘ | ਜਨਰਲ ਮੈਡੀਸਨ (ਐਮ.ਬੀ.ਬੀ.ਐਸ.) | ਮੰਗਲਵਾਰ |
| 5. | ਡਾ. ਐਮ. ਐਲ. ਕਟਾਰੀਆ | ਜਨਰਲ ਮੈਡੀਸਨ/ਸਰਜਨ, ਐਮ.ਐਸ, ਡੀ.ਐਨ.ਬੀ., ਡੀ.ਓ.ਐਮ.ਐਸ, ਡੀ.ਐਮ.ਆਰ.ਈ, ਫੈਲੋ ਇੰਡੀਅਨ ਅਕੈਡਮੀ ਆਫ ਮੈਡੀਕਲ ਸਪੈਸ਼ਲਿਟੀਜ਼) | ਬੁੱਧਵਾਰ |
| 6. | ਡਾ. ਜੇ. ਐਸ. ਗੁਜਰਾਲ | ਜਨਰਲ ਮੈਡੀਸਨ/ਬੱਚਿਆਂ ਦੇ ਸਪੈਸ਼ਲਿਸਟ | ਬੁੱਧਵਾਰ |
| 7. | ਡਾ. ਸੰਤੋਸ਼ ਅਨੇਜਾ | ਜਨਰਲ ਮੈਡੀਸਨ ਅਤੇ ਔਰਤਾਂ ਦੇ ਸਪੈਸ਼ਲਿਸਟ | ਵੀਰਵਾਰ |
| 8. | ਡਾ. ਜੇ ਲੂਥਰਾ | ਅੱਖਾਂ ਦੇ ਸਪੈਸ਼ਲਿਸਟ | ਵੀਰਵਾਰ |
| 9. | ਡਾ. ਵਰਿੰਦਰ ਸਿੰਘ | ਜਨਰਲ ਮੈਡੀਸਨ ਅਤੇ ਚਮੜੀ ਰੋਗਾਂ ਲਈ | ਸ਼ੁਕਰਵਾਰ |
| 10. | ਡਾ. ਐਨ. ਕੇ. ਭਾਟੀਆ | ਹਾਰਟ ਸਪੈਸ਼ਲਿਸਟ | ਸ਼ਨੀਵਾਰ |
| 11. | ਡਾ. ਗੁਰਸ਼ਰਨਦੀਪ ਸਿੰਘ | ਦੰਦਾਂ ਦੇ ਸਪੈਸ਼ਲਿਸਟ (ਬੀ.ਡੀ.ਐਸ) | ਸ਼ਨੀਵਾਰ |
| 12. | ਡਾ. ਹਰਪ੍ਰੀਤ ਕੌਰ, ਡਾ. ਕੁਲਦੀਪ ਕੌਰ | ਦੰਦਾਂ ਦੇ ਸਪੈਸ਼ਲਿਸਟ | ਐਤਵਾਰ |

## ਲੈਬੋਰੇਟਰੀ ਟੈਸਟ ਅਤੇ ਹੋਰ ਸਹੂਲਤਾਂ

**1. ਬਲੱਡ ਟੈਸਟ, 2. ਪੇਸ਼ਾਬ ਟੈਸਟ, 3. ਸਟੂਲ ਟੈਸਟ, 4. ਥਾਇਰੈਡ ਟੈਸਟ, 5. ਈ.ਸੀ.ਜੀ , 6. ਐਕਸਰੇ, 7. ਈ.ਐਨ.ਟੀ., 8. ਸ਼ੂਗਰ ਟੈਸਟ, 9. ਕਿਡਨੀ ਟੈਸਟ, 10 . ਲਿਵਰ ਟੈਸਟ**

* ਸਾਰੇ ਲੈਬੋਰੇਟਰੀ ਟੈਸਟ ਅੱਧੀ ਕੀਮਤ ਤੇ ਕੀਤੇ ਜਾਂਦੇ ਹਨ ਅਤੇ ਮਰੀਜ਼ਾਂ ਨੂੰ ਦਵਾਈਆਂ ਬਿਨਾਂ ਮੋਖ (ਫਰੀ) ਦਿਤੀਆਂ ਜਾਂਦੀਆਂ ਹਨ।

## ਅਸਥਾਨ ਦੇ ਪ੍ਰੋਗਰਾਮ

**ਮਹੀਨੇ ਦਾ ਪਹਿਲਾ ਐਤਵਾਰ ਬਲੌਂਗੀ ਤੇ ਬਾਕੀ ਤਿੰਨ ਐਤਵਾਰ ਰਤਵਾੜਾ ਸਾਹਿਬ।**

**ਸਮਾਂ - 12.00 ਵਜੇ ਤੋਂ 4.00 ਵਜੇ ਤੱਕ ।**

**ਸੰਗਰਾਂਦ - 16 ਜੁਲਾਈ, ਦਿਨ ਬੁੱਧਵਾਰ**
**(ਸਮਾਂ ਸਵੇਰੇ 5.30 ਵਜੇ ਤੋਂ 8.30 ਵਜੇ ਤੱਕ)**

**ਪੂਰਨਮਾਸ਼ੀ - 12 ਜੁਲਾਈ, ਦਿਨ ਸ਼ਨੀਵਾਰ**

**(ਸਮਾਂ - ਦੁਪਹਿਰ 12.00 ਤੋਂ 4.00 ਵਜੇ ਤੱਕ)**

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਹੁੰਦਾ ਹੈ।**

**ਪੂਰਨਮਾਸ਼ੀ - ਨਿਰਮਲ ਡੇਰਾ ਹਿਰਦਾਪੁਰ ਖੇੜੀ (ਨੇੜੇ ਬਿੰਦਰਖ), (ਸਮਾਂ - ਸ਼ਾਮ 6.00 ਤੋਂ ਰਾਤ 12.00 ਵਜੇ ਤੱਕ)**

# ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ | ਅੰਗਰੇਜੀ |
|---|---|---|---|---|
| 1. | ਸੁਰਤਿ ਸਬਦਿ ਮਾਗਗ | 70/- | 150/- | |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- | 70/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- | 270/- |
| 4. | ਕਿਵ ਸਚਿਆਰਾ ਹੋਈਐ - 1 | 30/- | 35/- | 80/- |
| 5. | ਕਿਵ ਸਚਿਆਰਾ ਹੋਈਐ - 2 | 60/- | 65/- | 80/- |
| 6. | ਕਿਵ ਸਚਿਆਰਾ ਹੋਈਐ - 3 | 100/- | 100/- | 110/- |
| 7. | ਹੋਵੈ ਅਨੰਦੁ ਘਣਾ | 25/- | 30/- | |
| 8. | ਚਉਥੈ ਪਹਰਿ ਸਬਾਹ ਕੈ | 55/- | 60/- | 70/- |
| 9. | ਸੁਰਤਿਆਂ ਉਪਜੈ ਚਾਉ | 55/- | 60/- | |
| 10. | ਬਾਬਾਣੀਆਂ ਕਹਾਣੀਆਂ | 50/- | 50/- | |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- | |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- | |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- | |
| 15. | ਅਮਰ ਜੋਤਾਂ | 15/- | 15/- | 20/- |
| 16. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | | |
| 17. | ਅਮਰ ਗਾਥਾ | 100/- | 100/- | |
| 18. | ਧਰਮ ਯੁਧ ਕੇ ਚਾਇ | 50/- | | |
| 19. | ਪਵਿੱਤਰ ਪੈਂਡਾ | 25/- | | |
| 20. | ਭਗਤ ਪ੍ਰਹਿਲਾਦ | 10/- | 10/- | |
| 21. | ਵੈਸਾਖੀ | 10/- | 10/- | |
| 22. | ਰਾਜ ਯੋਗ | 40/- | | |
| 23. | ਸਾਜਨ ਚਲੇ ਪਿਆਰਿਆ | 10/- | 10/- | |
| 24. | ਅਬਿਨਾਸੀ ਜੋਤ ਭਾਗ - 1 | 90/- | 90/- | |
| 25. | ਅਬਿਨਾਸੀ ਜੋਤ ਭਾਗ - 2 | 90/- | 90/- | |
| 26. | ਰੂਹਾਨੀ ਗੁਲਦਸਤਾ ਭਾਗ - 1 | 60/- | 60/- | |
| 27. | ਰੂਹਾਨੀ ਗੁਲਦਸਤਾ ਭਾਗ - 2 | 60/- | 60/- | |
| 28. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | | |

| | ਪੁਸਤਕ ਦਾ ਨਾਮ | ਪੰਜਾਬੀ | ਅੰਗਰੇਜ਼ੀ |
|---|---|---|---|
| 29. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 30. | ਗੁਰੂ ਅਮਰਦਾਸ ਪਰਸੀਐ | 50/- | |
| 31. | ਭਗਵਤ ਗੀਤਾ.............। | 100/- | |
| 32. | ਅਨੰਦਮਈ ਜੀਵਨ ਜਾਚ | 50/- | |
| 33. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 25/- | |
| 34. | ਅਨੁਭਵੀ ਪ੍ਰਵਚਨ | 50/- | |
| 35. | ਰਿਸ਼ੀਆ ਮੁਨੀਆਂ ਦਾ ਬ੍ਰਹਮਗਿਆਨ | 35/- | |
| 36. | ਅੰਦਰਲੀ ਖੋਜ | 130/- | |
| 37. | ਸਿਮਰਤ ਕਹਾਂ ਨਹੀਂ | 135/- | 200/- |
| 38. | ਰੂਹਾਨੀ ਪ੍ਰਵਚਨ | 35/- | |
| 39. | 'ਸੇਵਾ ਸਿਮਰਨ ਜੁਗਤੀਆਂ' | 150/- | |
| 40. | 'ਮਾਨੁਖ ਤਨ ਦਾ ਪ੍ਰਯੋਜਨ' | 160/- | |
| 41. | 'ਯੋਗਾ ਉਪਰ ਲੈਕਚਰ' | 30/- | |
| 42. | 'ਕਰਮ ਬੰਧਨ ਤੋਂ ਮੁਕਤੀ' | 30/- | |
| 43. | ਜੀਵਨ ਜੁਗਤਿ | 300/- | |
| 44. | ਮਾਰਗ ਚੋਣ | 60/- | |
| 45. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |

ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਉਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ **9417214391, 9592009106, 9417214379** ਤੇ ਸੂਚਿਤ ਕਰ ਸਕਦੇ ਹੋ ।

**Bank : Oriental Bank Of Commerce**
**A/c No. 11962011005435 A/c VGRMCT/Atam Marg Rtgs/Neft**
**Ifsc Code: ORBC0101196**

**Our Address: VGRMCT, Gurdwara Ishar Parkash, Ratwara Sahib,
(Near Chandigarh) P.o. Mullanpur Garibdas,
Teh. Kharar, Distt. Ajitgarh (Mohali) 140901, Pb. India**

# How to Serve The Lord and Meditate on Him ?

*Sant Waryam Singh Ji*
*English Translation: Prof. Beant Singh*

*(Continued from P. 83, issue June, 2014)*

***'Saith Kabir: This body must depart; hold it back if thou hast the power.
Those possessing millions, all bare-footed have departed.' P. 1365***
***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥
ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***

***'While thou hadst power didst thou not have the will,
And into the snare of avarice didst fall.
Saith Nanak: Passed is the hour.
Thou blind man, what avail regrets now?' P. 1428***
***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ॥
ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ॥***

Why do you wail now? That time you have let go unused. What were you to do? You had to utter only – *'Waheguru – Waheguru'* (God's Name); you were not to lift a mountain on your head. By repeating *'Waheguru – Waheguru'* (God's Name) the dirt of your mind's mirror would have been removed.

***'The mind or soul fouled by sin and evil,
May only with devotion to God's Name be cleansed.' P. 4***
***ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥***

When the dirt is removed, His visage will be reflected in it. Now tell me – 'What big thing is involved in meeting with the Lord? God abides within you.' Guru Sahib says, "There is a key to this, which is with holymen. They open the gates to God easily. Keep the company of those holymen who are aligned with and absorbed in God." Guru Sahib does not enjoin upon us to keep the company of others. Is it difficult to find true holymen or saints? I say – a person who puts on a holyman's robe is a saint; a truck driver is a saint; one who goes to an office and does work with the pen is also a saint. In fact, saintliness or holiness is a state:

***'Who with every breath and morsel of theirs, forget not God's Name and within whose mind is this spell, they alone are the blessed and they alone are the perfect saints, O Nanak.' P. 319***
***ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

If you keep the Guruward or the Guru-directed, you will find the way to God soon. The path is a short one.

***'O Bulleya, difficult it is not to attain to God.
It is like taking the mind off one thing and focusing it on another.'***
***ਬੁਲ੍ਹਿਆ ਰੱਬ ਦਾ ਕੀ ਪਾਉਣਾ
ਐਧਰੋਂ ਪੁੱਟਣਾ ਐਧਰ ਲਾਉਣਾ।***

Although Bullah's Pir (Muslim holyman) said it so simply, yet Bullah spent a lifetime realizing it. But he could not preserve it and started showing miraculous powers. If man starts attending the company of the true and holy, gradually he comes to realize where God abides.

So, Bhai Tilkoo said, "O Yogi! you possess these mundane and miraculous powers. Tell me what you will do with them. If you come to suffer the blows of Death's myrmidons and they transform you into a dog or a cat, then what will you do? You haven't as yet found that thing which saints and holy are looking for. That is *'Abnashi Khem'* [Eternal Bliss]." Bhai Tilkoo explained to him the path of *'Gurmat* (*Sikhism*). At this, the yogi said, "Bhai Tilkoo! I have wasted my life. I am very old – 150 to 200 years in age. Take me to your Guru (Holy Preceptor)." On the way too, Bhai Tilkoo kept advising and enlightening him. When they approached Amritsar, he said, "How old is Guru Sahib?" Bhai Tilkoo said, "What have you to do with the age of Guru Sahib?" He said, "I will see whether he has practised penances and meditations, or he is only pretending to be a Guru." Bhai Tilkoo said, "His body is 22 years old." At this he said, "I won't go to a boy of 22 years. I am 200 years old. How can I go to him?" Bhai Tilkoo said, "Well! first you go to him atleast. If you are not satisfied and convinced, you can come back." He accompanied Bhai Tilkoo to Guru Sahib. The latter said, "Reverend sir! the yogi of Garhshankar has come. He wants to have a glimpse of you." Guru Sahib said, "He cannot see me face to face. A tent-wall will have to be put up between us." A tent-well was put up. Guru Sahib too came and said, "Yogiraj! put your hand under the tent-wall. A belonging of yours has been lying safe with us for a long time." He said, "Sir! I am meeting you today for the first time. Of what time is my possession lying with you?" Guru Sahib said, "Do you remember that you were on board a ship. The ship was swaying; it was losing balance. They were saying that a man's sacrifice should be made. The rest were able to wriggle out of the situation, but you alone were left to be sacrificed. Weren't they going to offer you as a sacrifice?"

He said, "Yes sir,"

Guru Sahib said, "Then on your insistence they perforated your ear. Didn't they?"

Guru Sahib further said, "Where was your ear-ring thrown?"

He said, "Into the sea."

Guru Sahib said, "Your possession is lying with us as a sacred trust. Take it."

Guru Sahib handed over the ear-ring to him. He found it to be his own. At this, he said, "True Sovereign! now remove the tent-wall. I have tested your age." At that moment, Guru Sahib bestowed his grace on him and initiated him to tread on the path of *Gurmat* (Sikhism). He gave him the boon of God's Name and *Gursikhi* (to be a Sikh or disciple of the Guru). He also granted him knowledge and understanding of Sikhism.

On the other hand, Bhai Tilkoo was a Sikh who lived on the Guru's prop and support.

***'The Sikh or seeker that in the Guru's (Master's) presence abides;***
***Abiding with the Guru ever, his heart in the Guru absorbed;***
***Contemplating with fervour the Guru's holy feet, meditating on him in his inner self;***
***Discarding egoism, on the Guru leans,***
***In nothing else his trust reposing –***
***Saith Nanak: Listen devotees of God!***
***Such a Sikh is said in the Guru's or Master's***

*presence to abide.' P. 919-20*

***ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥***
***ਹੋਵੈ ਤ ਸਨਮੁਖੁ ਸਿਖੁ ਕੋਈ***
***ਜੀਅਹੁ ਰਹੈ ਗੁਰ ਨਾਲੇ ॥***
***ਗੁਰ ਕੇ ਚਰਨ ਹਿਰਦੈ ਧਿਆਏ***
***ਅੰਤਰ ਆਤਮੈ ਸਮਾਲੇ ॥***
***ਆਪੁ ਛਡਿ ਸਦਾ ਰਹੈ ਪਰਣੈ***
***ਗੁਰ ਬਿਨੁ ਅਵਰੁ ਨ ਜਾਣੈ ਕੋਏ ॥***
***ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥***

So, holy congregation! from this we also get the inspiration to practise Divine Name meditation and engage in God's devotional worship. It is not something difficult. It is true what Guru Sahib says –

***'Difficult it is to utter the True Name.' P. 9***
***ਆਖਣਿ ਅਉਖਾ ਸਾਚਾ ਨਾਉ ॥***

But it is not difficult when man resolves to do so. Divine Name meditation is practised by keeping the company of the holy. Great care has to be taken for meditating on the Name Divine. Meditate on God's Name; read the true scriptures. *'Atam Marg'* is a magazine which is entirely about God's Name and its meditation or recitation. It is not a magazine to be lost. If a person is unable to read it, he should put it away for his son to read. If the son too proves to be unworthy of it, then he should think, "My grandson will read it. He who reads it, shall liberate me too." In this magazine have been given those paths which lead one to God. Things written in it are not wild guesses; they are all based on *Gurbani*. They are, in a way, an explication of Gurbani laced with '*sakhis*' (illustrative stories). The *'sakhis'* have been narrated, so that the teachings of Gurbani may be understood by the reader. The same thing, if I express in a philosophical idiom, won't be understood by you. It becomes clear and intelligible with the help of '*sakhis*' (illustrative stories) that *'ridhis sidhis'* (mundane as well as miraculous spiritual powers) and *'mantras'* (chants) are nothing before the power of the Name Divine.

Let anybody recite the *'mool-mantra'* (Initiatory formula of *Jap Ji Sahib*). No supernatural force, ghost or goblin or any magic potion or powder will have any effect on him. Is it difficult to do so?

***'There is but one God.***
***True is His Name, creative His personality and immortal His form.***
***He is without fear, sans enmity, unborn and self-illumined.***
***By the Guru's grace He is obtained.***
***Embrace His meditation.***
***True in the prime, True in the beginning of ages, True He is even now and True He, verily shall be, O Nanak.' P. 1***
***ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

Here in this world as well as in the Divine Court where we have to go, Death's agent dare not come near us. Whosoever has partaken of *'amrit'* (baptismal nectar) and become aligned with the Guru need not fear Death's agent. I do not coerce anyone to become ours.

So, the yogi adopted Guru Sahib as his preceptor and came within the fold of Sikh code of conduct. Getting up early in the morning, he started meditating on God's Name. *Waheguru* (God) has instructed *Dharamraj* (the Righteous Judge) not to approach any such person that meditates on the Name Divine.

***'Thus admonishes Dharamraja (the Righteous Judge), Saith Nanak:***
***My minions or couriers! wherever the holy ever on the Lord meditate,***

*And His laudations are chanting, go not near it.*
*Else neither I nor thou release shall find.'*
***P. 256***

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥***

In Guru Granth Sahib have been used the words through which God has instructed *Dharamraja* (the Righteous Judge)–

***'The Righteous Judge is under command to administer even-handed justice.' P. 38***

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ॥***

It is true justice which has been talked about. Reward one who has done good deeds and punish one who has done evil deeds. But he who has adopted the Guru …. Now see the difference in one who has adopted the Guru.

***'The evil souls professing duality; they are thine subjects.' P. 38***

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***

Those who have not adopted the Guru and abide in duality and indulge in slander, backbiting, jealousy, miserliness and such other passions, will all come before you.

*Dharamraja* (the Righteous Judge) asked, "Sir! what about those who do virtuous deeds?"

He said, "They too will come to you."

***'Good and evil that they sow, is by Dharamraja (Righteous Judge) adjudged.'***
***P. 1414***

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥***

He said, "To you shall come all these. As regards those who even after adopting the Guru again become involved in slander, backbiting, miserliness, lust and wrath, they have become apostates from the Guru, broken away from him. They have turned their back upon the Guru and become self-oriented or wilful –

***'The egoist or self-oriented is the field of suffering:***
***Suffering he sows, suffering consumes;***
***In suffering born, in suffering dying,***
***In egoism his life passed.' P. 947***

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੈ ਦੁਖੁ ਖਾਇ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥***

***'Saith Nanak: Such is the Divine Will –***
***Egoists shall again and again undergo birth.'***
***P. 450***

***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥***

They will be born again and again and repeatedly will they die, because they have turned their back upon the Guru. Whatever has happened in the past cannot be undone. But when coming to the Guru, man becomes aligned with him, then whose is the responsibility? It is the Guru's. The Five Beloved ones said, "Give thy head to the Guru." He said, "Sir, here it is." The previous birth was annulled by the Five Beloved Ones. They said, "Now receive the Name Divine. We align you with the Guru. Then alone will the Name work within you. Waheguru (God) is the Name; this is the '*Moolmantra*' (Initiatory formula of *Jap Ji Sahib*). You may recite either the *'Moolmantra'* or the Name Divine. While reciting the *'Moolmantra'* or the Name of God, don't make the mistake of falling into sins and evils. Then you shall remain the Sikh of the Guru." Now about the Gursikh–

***'God, the Treasure of excellences abides within the heart of the spiritual wayfarers and they meditate on one Lord, the enemy of ego.' P. 39***

***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ॥***

who is meditating on the Name, who is reading or reciting *'bani'* and the

*'Moolmantra'*, about him, what is God's command to the Righteous Judge?

***'The Righteous Judge himself serves such. Lauded be the Master who has ennobled him.'*** ***P. 39***

***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ ॥***

After serving him (Gursikh meditating on the Name), the Righteous prays to him with folded hands, "O dear devotee! you have come to the Guru, you have come to the Five Beloved Ones. Blessed are they who have ennobled you and taken you out of my purview."

Holy congregation! therefore, I say it unhesitatingly, "He who has adopted the Guru, and after having done so, if has not fallen back into evil deeds, slander, backbiting and sinful sensual pleasures, Death's couriers dare not come near him. When he utters *Waheguru* (God) from his lips, Death's couriers flee from a distance. This is guaranteed. Therefore, you should not do any evil deed. Pray to God, 'O True Sovereign! deposit in Thy treasure the *'bani'* I have read and recited since morning, the good deeds that Thou have inspired me to do. I cannot keep them in safety; thieves will steal them. O True Sovereign! I am an ignorant child. Kindly forgive me for the mistakes that I may have committed unknowingly and grant me strength not to repeat them in future.' He, who is so watchful never goes to hell. He is sure to get human incarnation again."

Therefore, we should practise Divine Name meditation and perform God's devotional worship in the time that we have got. God is very much within you; He is not far from you. When there is an occasion, He tells the holymen – 'Tell him where I am sitting'. Everything happens by God's Ordinance, it is not the holymen's own volition. The saints too get God's command to reveal His secret to a devotee. God is certainly abiding within this small body. But we can see him with a telescope through the window therein.

***'Go and ask the happy wives by what merits they enjoyed their Spouse.'*** ***P. 17***

***ਜਾਇ ਪੁਛਹੁ ਸੋਹਾਗਣੀ***
***ਤੁਸੀ ਰਾਵਿਆ ਕਿਨੀ ਗੁਣੀ ॥*** ***ਅੰਗ – 17***

Here I conclude today's discourse.

***Waheguru Ji Ka Khalsa,***
***Waheguru Ji Ki Fateh.***

## Chapter VI

# Nine treasures and nectar are the Lord's Name

***Invocation: True and Supreme is God's Name. Blessed is Sri Guru Nanak Dev Ji.***

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ ॥***

***'Prostrate salutation and obeisance I make many a time before the Omnipotent Lord, the Possessor of all powers.***
***Reach me Thy hand, O Lord and save me from wavering, says Nanak.'*** ***P. 256***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥***

***'After wandering and wandering O Lord, I have come and entered Thy sanctuary.***
***O Master, Nanak's prayer is:***
***Attach me to Thy devotional service.'***
***P. 289***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥***

*Refrain: The Vedas know not Thy glory,*
*Nor Brahma (Lord Creator) knows*
*Thy extent.*

**ਧਾਰਨਾ – ਮਹਿਮਾ ਤੇਰੀ ਨਾ, ਵੇਦ ਜਾਣਦੇ –2**
**ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ,**

*'The Vedas know not of the Lord's glory;*
*Nor does Brahma His mystery realize.*
*Incarnation His extent know not –*
*The Lord is transcendent, limitless.*
*His state He Himself alone knows –*
*Others only on hearsay state it.*
*Shiva knows not His secret.*
*Gods to exhaustion have sought after it.*
*Goddesses His mystery have not realized.*
*Supreme over all is the transcendent Divine Being, Unknowable.*
*At His pleasure He disports.*
*Himself makes separation, Himself union grants. [Separation and union of the self from the Absolute are implied.]*
*Some are straying, some to devotion attached.*
*Of His doing Himself granting realization.*
*Listen to the true narrative of the holy,*
*Who utter what with their eyes they have beheld.*
*Nanak, Lord His own master is,*
*Above touch of good and evil.'* **P. 894**

**ਮਹਿਮਾ ਨ ਜਾਨਹਿ ਬੇਦ ॥**
**ਬ੍ਰਹਮੇ ਨਹੀ ਜਾਨਹਿ ਭੇਦ ॥**
**ਅਵਤਾਰ ਨ ਜਾਨਹਿ ਅੰਤੁ ॥**
**ਪਰਮੇਸਰੁ ਪਾਰਬ੍ਰਹਮ ਬੇਅੰਤੁ ॥**
**ਅਪਨੀ ਗਤਿ ਆਪਿ ਜਾਨੈ ॥**
**ਸੁਣਿ ਸੁਣਿ ਅਵਰ ਵਖਾਨੈ ॥**
**ਸੰਕਰਾ ਨਹੀ ਜਾਨਹਿ ਭੇਵ ॥**
**ਖੋਜਤ ਹਾਰੇ ਦੇਵ ॥**
**ਦੇਵੀਆ ਨਹੀ ਜਾਨੈ ਮਰਮ ॥**
**ਸਭ ਊਪਰਿ ਅਲਖ ਪਾਰਬ੍ਰਹਮ ॥**
**ਅਪਨੈ ਰੰਗਿ ਕਰਤਾ ਕੇਲ ॥**
**ਆਪਿ ਬਿਛੋਰੈ ਆਪੇ ਮੇਲ ॥**
**ਇਕਿ ਭਰਮੇ ਇਕਿ ਭਗਤੀ ਲਾਏ ॥**
**ਅਪਣਾ ਕੀਆ ਆਪਿ ਜਣਾਏ ॥**
**ਸੰਤਨ ਕੀ ਸੁਣਿ ਸਾਚੀ ਸਾਖੀ ॥**
**ਸੋ ਬੋਲਹਿ ਜੋ ਪੇਖਹਿ ਆਖੀ ॥**
**ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥**
**ਨਾਨਕ ਕਾ ਪ੍ਰਭੁ ਆਪੇ ਆਪਿ ॥**

Holy congregation! concentrate your mind. Just now you have listened to Sant Kalyan Dass Ji of Anandpur Sahib, whom I had requested to address you. These days, there is a great dearth of holy men who have realized the Ultimate Spiritual Reality. They are almost non-existent. However, there is no dearth of such men whom we call holy. But those who can stand the test of *Guru Granth Sahib* are indeed very few who can be counted on fingers –

*'Rare are God's devotees or saints, not many;*
*The world is all deceit and falsehood.'*
**P. 1411**

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥**

Even if the saints' utterances cease, their Divine Name meditation and God's worship give peace to the world. But if they do make utterances, they are very potent and powerful. They are not empty verbiage. Just as a gun loaded with cartridges, when fired, inflicts wounds, similarly, the holy words coming out of the lips of an exalted holy man pierce the hearts of the listeners, even if the words are only a few; in fact, not many words are needed. Even a couple of utterances go a long way in transforming and uplifting people. So, he (Bhai Kalyan Dass Ji) has done a great favour by affording his glimpse unto to you and blessing you with his spiritual discourse. I would request him to come here daily and address the congregation. It is by good fortune that one gets the company of the holy. If one misses the opportunity, one is left only with a feeling of regret and repentance. In his discourse, Sant Ji has described the importance of listening to the Name Divine. What happens by listening? By listening we can meet with God. This is the first stage, after which comes the stage of believing in it. Thereafter, we should search for it and discover it in our within. Try this. Two

